- ਜੇ ਦੁੱਧ ਉਬਲੇ ਨੂੰ ਦੋ ਘੰਟੇ ਹੋ ਚੁੱਕੇ ਹੋਣ ਤਾਂ ਬੱਚੇ ਨੂੰ ਦੇਣ ਤੋਂ ਪਹਿਲਾਂ ਇਕ ਵਾਰ ਫਿਰ ਉਬਾਲ ਲੈਣਾ ਚਾਹੀਦਾ ਹੈ।
- ਜੇ ਸਬਜ਼ੀ ਬਣੀ ਨੂੰ ਚਾਰ ਘੰਟੇ ਹੋ ਚੁੱਕੇ ਹੋਣ ਤਾਂ ਦੁਬਾਰਾ ਗਰਮ ਕਰਕੇ ਬੱਚੇ ਨੂੰ ਦੇਣੀ ਚਾਹੀਦੀ ਹੈ।
- ਜੇ ਜੰਮਿਆ ਹੋਇਆ ਦਹੀਂ ਵੀ ਇਕ ਘੰਟੇ ਤੋਂ ਵੱਧ ਬਰਸਾਤਾਂ ਦੇ ਮੌਸਮ ਵਿਚ ਬਾਹਰ ਪਿਆ ਰਹਿ ਜਾਵੇ ਤਾਂ ਉਸ ਵਿਚ ਖਰਾਬ ਕੀਟਾਣੂ ਪੈਦਾ ਹੋ ਜਾਂਦੇ ਹਨ ਜੋ ਬੱਚੇ ਨੂੰ ਬਿਮਾਰੀ ਦੇ ਸਕਦੇ ਹਨ।
- ਡਬਲਰੋਟੀ ਵੀ ਬਰਸਾਤਾਂ ਵਿਚ ਜੇ ਇਕ ਦਿਨ ਫਰਿੱਜ ਤੋਂ ਬਾਹਰ ਰਹਿ ਗਈ ਹੋਵੇ ਤਾਂ ਉਸ ਵਿਚ ਉੱਲੀ ਵਾਲੇ ਕੀਟਾਣੂ ਪੈਦਾ ਹੋ ਜਾਂਦੇ ਹਨ। ਇਸ ਲਈ ਬੱਚੇ ਨੂੰ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।
- ਪੁਰਾਣੇ ਬੇਹੇ ਫਲ ਵੀ ਪੌਸ਼ਟਿਕਤਾ ਰਹਿਤ ਹੋ ਜਾਂਦੇ ਹਨ, ਇਸ ਲਈ ਬੱਚੇ ਨੂੰ ਸਿਰਫ ਤਾਜ਼ੇ ਫਲ ਹੀ ਖਾਣ ਲਈ ਦੇਣੇ ਚਾਹੀਦੇ ਹਨ।
- ਬਰਸਾਤਾਂ ਵਿਚ ਰਾਤ ਵੇਲੇ ਬੱਚੇ ਨੂੰ ਵਾਈ ਚੀਜ਼ਾਂ ਜਿਵੇਂ ਚੌਲ, ਪਕੌੜੇ ਵਗੈਰਾ ਦੇਣ ਨਾਲ ਰਾਤ ਭਰ ਬੱਚਾ ਪੇਟ ਦਰਦ ਨਾਲ ਤੜਫਦਾ ਰਹਿ ਸਕਦਾ ਹੈ।
- ਕੱਚੀਆਂ ਸਬਜ਼ੀਆਂ, ਅੱਧਪੱਕਿਆ ਮੀਟ ਜਾਂ ਚਿਕਨ ਹਾਨੀਕਾਰਕ ਸਾਬਤ ਹੋ ਸਕਦੇ ਹਨ, ਕਿਉਂਕਿ ਉਸ ਵਿਚਲੇ ਕੀੜੇ ਬੱਚੇ ਦੇ ਸਿਰ ਅੰਦਰ ਜਾ ਕੇ ਉਸ ਨੂੰ ਦੌਰੇ ਪੁਆ ਸਕਦੇ ਹਨ।
- ਬਰਸਾਤ ਕਾਰਨ ਹੁੰਮਸ ਤੇ ਨਮੀ ਵਿਚ ਵਾਧਾ ਹੋ ਜਾਂਦਾ ਹੈ, ਜਿਸ ਕਰਕੇ ਬੱਚੇ ਦੀ ਭੁੱਖ ਮਰ ਜਾਂਦੀ ਹੈ। ਭੁੱਖ ਵਧਾਉਣ ਲਈ ਦਵਾਈਆਂ ਦੀ ਥਾਂ ਤਾਜ਼ੇ ਫਲਾਂ ਦਾ ਰਸ ਤੇ ਸਬਜ਼ੀਆਂ ਦਾ ਸੂਪ ਦੇਣਾ ਵਧੀਆ ਹੈ।
- ਫਰਿੱਜ ਵਿਚਲਾ ਬਹੁਤ ਠੰਢਾ ਪਾਣੀ ਦੇਣ ਨਾਲੋਂ ਬੱਚੇ ਨੂੰ ਠਾਰ ਭੰਨ ਕੇ ਪਾਣੀ ਦਿੱਤਾ ਜਾਵੇ ਤਾਂ ਢਿੱਡ ਵਿਚਲੇ ਹਾਜ਼ਮੇ ਦੇ ਰਸ ਵਧ ਜਾਂਦੇ ਹਨ ਤੇ ਇਸ ਤਰ੍ਹਾਂ ਬੱਚੇ ਦੀ ਭੁੱਖ ਨਹੀਂ ਮਰਦੀ।
- ਬਰਸਾਤਾਂ ਵਿਚ ਬੱਚਿਆਂ ਵਿਚ ਐਲਰਜੀ ਦੀ ਤਕਲੀਫ ਵਧ ਜਾਂਦੀ ਹੈ, ਜਿਸ ਕਾਰਨ ਕਾਫੀ ਬੱਚਿਆਂ ਦੀ ਚਮੜੀ 'ਤੇ ਧੱਫੜ ਪੈ ਜਾਂਦੇ ਹਨ। ਕੁਝ ਬੱਚਿਆਂ ਨੂੰ ਜ਼ੁਕਾਮ ਰਹਿਣ ਲੱਗ ਜਾਂਦਾ ਹੈ ਤੇ ਕੁਝ ਨੂੰ ਸਾਹ ਦੀ ਤਕਲੀਫ ਹੋ ਜਾਂਦੀ ਹੈ। ਹਵਾ ਵਿਚ ਨਮੀ ਕਾਰਨ ਜੇ ਕੂਲਰ ਵਿਚਲਾ ਪਾਣੀ ਨਾ ਹੀ ਚਲਾਇਆ ਜਾਵੇ ਤਾਂ ਕੁਝ ਹੱਦ ਤੱਕ ਇਨ੍ਹਾਂ ਤਕਲੀਫਾਂ ਤੋਂ ਬਚਿਆ ਜਾ ਸਕਦਾ ਹੈ।



ਬੱਚਿਆਂ ਦਾ ਮੋਟਾਪੇ ਤੋਂ ਬਚਾਅ : ਬੱਚਿਆਂ ਵਿਚ ਮੋਟਾਪਾ ਇਕ ਭਿਆਨਕ ਸਮੱਸਿਆ ਦਾ ਕਾਰਨ ਬਣ ਗਿਆ ਹੈ। ਅੱਜਕੱਲ੍ਹ ਦਾ ਰਹਿਣ-ਸਹਿਣ, ਖਾਣਾ-ਪੀਣਾ ਅਤੇ ਨਵੀਂ ਤਰ੍ਹਾਂ ਦੇ ਭੋਜਨ ਵੱਲ ਰੁਚੀ ਬੱਚਿਆਂ ਦੀ ਸਿਹਤ ਲਈ ਤਬਾਹੀ ਮਚਾ ਰਹੀ ਹੈ। ਇਸ ਸਮੱਸਿਆ ਕਾਰਨ ਬੱਚਿਆਂ ਵਿਚ ਕਈ ਬਿਮਾਰੀਆਂ ਵੀ ਵੱਧ ਰਹੀਆਂ ਹਨ। ਸਭ ਤੋਂ ਭਿਆਨਕ ਗੱਲ ਤਾਂ ਇਹ ਹੈ ਕਿ ਇਸ ਮੋਟਾਪੇ ਕਾਰਨ ਬੱਚਿਆਂ ਨੂੰ ਹੁਣ ਦਿਲ ਦੀ ਬਿਮਾਰੀ, ਬਲੱਡ ਪ੍ਰੈਸ਼ਰ, ਸਾਹ ਫੁੱਲਣਾ ਆਦਿ ਰੋਗਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਬੱਚਿਆਂ ਨੂੰ ਵੀ ਪਤਲੇ ਹੋਣ ਲਈ ਹਸਪਤਾਲਾਂ ਵਿਚ ਅਤੇ ਹੈਲਥ ਕਲੱਬਾਂ ਵਿਚ ਭਰਤੀ ਕੀਤਾ ਜਾ ਰਿਹਾ ਹੈ।

ਮਾਂ-ਬਾਪ ਹੁਣ ਸੁਚੇਤ ਹੋ ਜਾਣਾ ਚਾਹੀਦਾ ਹੈ ਕਿ ਮੋਟਾਪਾ ਬਚਪਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਭਾਰਤ ਵਿਚ ਆਮ ਤੌਰ 'ਤੇ ਇਹ ਦੇਖਿਆ ਜਾਂਦਾ ਅਤੇ ਮੰਨਿਆ ਜਾਂਦਾ ਹੈ ਕਿ ਜੇਕਰ ਤੁਸੀਂ ਬੱਚਿਆਂ ਨੂੰ ਪਿਆਰ ਕਰਦੇ ਹੋ ਤਾਂ ਖੂਬ ਖਿਲਾਓ-ਪਿਆਓ। ਇਹ ਜ਼ਬਰਦਸਤੀ ਖਿਲਾਉਣਾ ਕਿੰਨਾ ਖਤਰਨਾਕ ਹੈ, ਇਹ ਗਿਆਨ ਹੁਣ ਉੱਭਰ ਰਿਹਾ ਹੈ।

ਬਾਲ ਅਵਸਥਾ ਵਿਚ ਹੀ ਗਲਤ ਖਾਣ-ਪੀਣ ਦੀਆਂ ਆਦਤਾਂ ਪੈ ਜਾਂਦੀਆਂ ਹਨ। ਜ਼ਿਅਦਾ ਦੁੱਧ, ਮੱਖਣ, ਅੰਡੇ ਕਿੰਨਾ ਨੁਕਸਾਨ ਪਹੁੰਚਾਉਂਦੇ ਹਨ ਇਹ ਤਾਂ ਬਾਅਦ ਵਿਚ ਪਤਾ ਲੱਗਦਾ ਹੈ। ਅਮਰੀਕਾ ਵਿਚ ਕੀਤੀ ਇਕ ਖੋਜ ਅਨੁਸਾਰ ਵੱਧ ਤੋਂ ਵੱਧ ਲੋਕ, ਜੋ ਮੋਟਾਪੇ ਦਾ ਸ਼ਿਕਾਰ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਦਿਲ ਦੀ ਬਿਮਾਰੀ ਹੁੰਦੀ ਹੈ, ਉਹ ਬਚਪਨ ਤੋਂ ਹੀ ਮੋਟਾਪੇ ਦਾ ਸ਼ਿਕਾਰ ਹੁੰਦੇ ਹਨ ਪਰ ਇਸ ਦਾ ਨੁਕਸਾਨ ਉਦੋਂ ਪਤਾ ਲੱਗਦਾ ਹੈ, ਜਦ ਬੱਚੇ ਅੱਲ੍ਹੜ ਉਮਰ ਵਿਚ ਪਹੁੰਚਦੇ ਹਨ।

ਹੁਣ ਸਾਡੇ ਦੇਸ਼ ਵਿਚ ਵੀ ਦੇਖਿਆ ਗਿਆ ਹੈ ਕਿ ਖਾਣ-ਪੀਣ ਦੀਆਂ ਗਲਤ ਆਦਤਾਂ ਹੀ ਇਨ੍ਹਾਂ ਸਮੱਸਿਆਵਾਂ ਨੂੰ ਵਧਾ ਰਹੀਆਂ ਹਨ, ਅੱਜਕੱਲ੍ਹ ਬਹੁਤੇ ਘਰਾਂ ਵਿਚ ਔਰਤਾਂ ਨੌਕਰੀ ਕਰਦੀਆਂ ਹਨ। ਘਰ ਆ ਕੇ ਉਹ ਸੋਚਦੀਆਂ ਹਨ ਕਿ ਹੋਟਲਾਂ ਦੇ ਤਰ੍ਹਾਂ-ਤਰ੍ਹਾਂ ਦੇ ਮਹਿੰਗੇ ਪਕਵਾਨਾਂ ਨਾਲ ਉਨ੍ਹਾਂ ਦੀ ਮਿਹਨਤ ਵੀ ਬਚੇਗੀ ਅਤੇ ਬੱਚੇ ਵੀ ਸੁਆਦੀ ਖਾਣਾ ਖਾ ਕੇ ਖੁਸ਼ ਹੋਣਗੇ। ਬਰਗਰ, ਪੀਜ਼ਾ ਅਤੇ ਕਈ ਤਰ੍ਹਾਂ ਦੇ ਫਾਸਟ ਫੂਡ ਖਾਣ ਦੀ ਆਦਤ ਬੱਚਿਆਂ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੀ ਹੈ। ਜੇਕਰ ਤੁਸੀਂ ਸੁਵਿਧਾਨਕ ਖਾਣਾ ਲੱਭ ਰਹੇ ਹੋ ਤਾਂ ਇਹ ਜ਼ਰੂਰੀ ਨਹੀਂ ਕਿ ਤੁਸੀਂ ਬਾਹਰ ਤੋਂ ਹੀ ਖਾਣਾ ਮੰਗਵਾਓ। ਦੁੱਧ, ਦਹੀਂ, ਸਲਾਦ ਅਤੇ ਕੱਟੇ ਹੋਏ ਫਲਾਂ ਦਾ ਸਲਾਦ ਇਹ ਸਭ ਖਾਣ ਨਾਲ ਤੁਹਾਨੂੰ ਲਾਭ ਮਿਲੇਗਾ।

ਇਹ ਕਹਿਣਾ ਕਿ ਖਾਣਾ ਖਾਣ ਲਈ ਸਮਾਂ ਨਹੀ ਹੈ ਅਤੇ ਬਣਾਉਣ ਦਾ ਸਮਾਂ ਵੀ ਨਹੀਂ ਹੈ, ਇਹ ਗੱਲਾਂ ਤਾਂ ਬੇਮਤਲਬ ਦੀਆਂ ਹਨ। ਤਾਜ਼ੇ ਫਲਾਂ ਅਤੇ ਸਬਜ਼ੀਆਂ ਦਾ ਕੋਈ ਮੁਕਾਬਲਾ ਨਹੀਂ ਹੈ ਅਤੇ ਇਹ ਜ਼ਰੂਰੀ ਨਹੀਂ ਕਿ ਤੁਸੀਂ ਇਨ੍ਹਾ ਨੂੰ ਘਿਓ, ਤੇਲ ਅਤੇ ਮਸਾਲਿਆਂ ਨਾਲ ਭੁੰਨ ਕੇ ਬਣਾਓ।

ਇਨ੍ਹਾਂ ਸਬਜ਼ੀਆਂ ਨੂੰ ਹਲਕਾ ਉਬਾਲ ਕੇ, ਇਸ ਵਿਚ ਥੋੜ੍ਹਾ ਨਮਕ ਅਤੇ ਨਿੰਬੂ ਪਾ ਕੇ ਚਾਟ ਦੀ ਤਰ੍ਹਾਂ ਵੀ ਖਾਧਾ ਜਾ ਸਕਦਾ ਹੈ। ਦਹੀਂ ਵਿਚ ਵੀ ਫਲ ਕੱਟ ਕੇ ਖਾਣਾ ਚੰਗਾ ਲੱਗਦਾ ਹੈ।

ਅੱਜਕੱਲ੍ਹ ਦੇ ਰਹਿਣ-ਸਹਿਣ ਦਾ ਤਰੀਕਾ ਵੀ ਮੋਟਾਪੇ ਨੂੰ ਵਧਾਉਂਦਾ ਹੈ। ਅੱਜਕੱਲ੍ਹ ਬੱਚੇ ਕਿਤੇ ਖੇਡਣ ਨਹੀਂ ਜਾਂਦੇ। ਸਕੂਲ ਤੋਂ ਆ ਕੇ ਬੱਚੇ ਹੋਮਵਰਕ ਜਾਂ ਹੋਰ ਕੰਮਾਂ ਵਿਚ ਬਿਜ਼ੀ ਹੋ ਜਾਂਦੇ ਹਨ। ਕਈ ਵਾਰ ਖੇਡਣ ਦੀ ਥਾਂ ਨਾ ਹੋਣ ਕਰਕੇ ਵੀ ਬੱਚੇ ਖੇਡਣ ਦੀ ਬਜਾਏ ਘਰ ਟੀ.ਵੀ. ਹੀ ਦੇਖਦੇ ਰਹਿੰਦੇ ਹਨ, ਜਿਸ ਨਾਲ ਉਨ੍ਹਾਂ ਦੀ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ। ਇੰਨਾ ਹੀ ਨਹੀ ? ਟੈਲੀਵਿਜ਼ਨ ਦੇਖਦੇ ਸਮੇਂ ਬੱਚੇ ਕੁਝ ਨਾ ਕੁਝ ਖਾਂਦੇ ਵੀ ਰਹਿੰਦੇ ਹਨ ਉਹ ਚਟਪਟਾ ਤੇ ਮਸਾਲੇਦਾਰ ਜ਼ਿਆਦਾ ਖਾਂਦੇ ਹਨ, ਜੋ ਬਹੁਤ ਨੁਕਸਾਨਦਾਈ ਹੁੰਦਾ ਹੈ। ਟੇਲੀਵਿਜ਼ਨ ਤੋਂ ਇਲਾਵਾ ਹੁਣ ਜ਼ਿਆਦਾਤਰ ਬੱਚੇ ਕੰਪਿਊਟਰ ਵਿਚ ਰੁਚੀ ਲੈਣ ਲੱਗੇ ਹਨ। ਕਈ ਘੰਟੇ ਲਗਾਤਾਰ ਬੈਠੇ ਰਹਿਣ ਨਾਲ ਉਨ੍ਹਾਂ ਦੀ ਕੀ ਕਸਰਤ ਹੋਵੇਗੀ ?

ਇਸ ਸਭ ਤੋਂ ਇਹ ਸਾਫ ਪਤਾ ਲੱਗਦੀ ਹੈ ਕਿ ਇਸ ਭਿਆਨਕ ਅਵਸਥਾ ਦਾ ਕਾਰਨ ਅਸੀਂ ਹੀ ਹਾਂ। ਜੇਕਰ ਅਸੀਂ ਥੋੜ੍ਹਾ ਜਿਹਾ ਧਿਆਨ ਖਾਣ ਵੱਲ ਦੇਈਏ ਅਤੇ ਥੋੜ੍ਹੀ ਦੇਰ ਲਈ ਆਪਣੇ ਬੱਚਿਆਂ ਨਾਲ ਖੇਡੀਏ ਅਤੇ ਉਨ੍ਹਾਂ ਨੂੰ ਖੇਡਣ ਦੀ ਆਦਤ ਪਾਈਏ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਦੂਰ ਹੋ ਸਕਦੀਆਂ ਹਨ। ਆਪਣੀ ਸੋਚ ਬਦਲੋ। ਬੱਚਿਆਂ ਨੂੰ ਘਿਓ-ਮੱਖਣ ਅਤੇ ਚਰਬੀਦਾਰ ਤੇ ਤਲੀਆਂ ਹੋਈਆਂ ਚੀਜ਼ਾਂ ਨਾ ਦਿਓ। ਘਰ ਵਿਚ ਗਾਜਰ, ਮੂਲੀ ਜਾਂ ਫਲ ਰੱਖੋ। ਸਾਫ ਪਾਣੀ ਵਾਲੇ ਪਦਾਰਥਾਂ ਦੀ ਵਰਤੋਂ ਕਰੋ। ਤਲੀਆਂ ਚੀਜ਼ਾਂ ਤੋਂ ਆਪ ਵੀ ਦੂਰ ਰਹੋ ਬੱਚਿਆਂ ਨੂੰ ਵੀ ਇਸ ਦੀ ਆਦਤ ਪਾਓ।

ਬੱਚਿਆਂ ਨੂੰ ਉਤਸ਼ਾਹਿਤ ਕਰੋ ਕਿ ਉਹ ਸੈਰ ਕਰਨ ਜਾਣ, ਖੇਡਣ ਅਤੇ ਕਸਰਤ ਆਦਿ ਕਰਨ। ਕਦੇ ਵੀ ਬੱਚਿਆਂ ਨੂੰ ਖਾਣ ਤੋਂ ਨਾ ਰੋਕੋ ਪਰ ਉਨ੍ਹਾਂ ਨੂੰ ਸੰਪੂਰਨ ਆਹਾਰ ਖਾਣ ਦੀ ਆਦਤ ਪਾਓ। ਜੇਕਰ ਅਸੀਂ ਉਨ੍ਹਾਂ ਨੂੰ ਚੰਗੇ ਤਰੀਕੇ ਨਾਲ ਸਹੀ ਤਰੀਕੇ ਨਾਲ ਅਹਾਰ ਖੁਆਈਏ ਅਤੇ ਸਿਹਤ ਪ੍ਰਤੀ ਸੁਚੇਤ ਕਰੀਏ ਤਾਂ ਇਹ ਭਿਆਨਕ ਸਥਿਤੀ ਰੋਕੀ ਜਾ ਸਕਦੀ ਹੈ। ਬੱਚਿਆਂ ਦੇ ਮੋਟਾਪੇ ਤੋਂ ਬਚਣ ਲਈ ਕੁਝ ਤਰੀਕੇ-



* ਸਵੇਰੇ ਬੱਚਿਆਂ ਨੂੰ ਭਰ ਪੇਟ ਨਾਸ਼ਤਾ ਜ਼ਰੂਰ ਦਿਓ। ਇਸ ਨਾਸ਼ਤੇ ਵਿਚ ਪ੍ਰੋਟੀਨ ਜ਼ਰੂਰ ਹੋਣ, ਜਿਵੇਂ ਇਕ ਗਿਲਾਸ ਦੁੱਧ ਜਾਂ ਫਲਾਂ ਦਾ ਰਸ, ਇਕ ਅੰਡਾ ਜਾਂ ਪਨੀਰ ਆਦਿ।

* ਮਿੱਠੀਆਂ ਚੀਜਾਂ ਜਿਵੇਂ ਟੌਫੀ, ਚਾਕਲੇਟ, ਕੇਕ ਪੇਸਟਰੀ ਆਦਿ ਪਦਾਰਥਾਂ ਦੀ ਵਰਤੋਂ ਘੱਟ ਤੋਂ ਘੱਟ ਕਰੋ।

* ਸ਼ਾਮ ਨੂੰ ਚਾਹ ਦੇ ਸਮੇਂ ਭੁੰਨੇ ਹੋਏ ਛੋਲੇ , ਮੁਰਮੁਰੇ , ਪਾਪਕਾਰਨ ਆਦਿ ਦਿਓ।

* ਬੱਚਿਆਂ ਨੂੰ ਸਲਾਦ , ਕੱਚੀ ਸ਼ਬਜ਼ੀ, ਫਲ ਖਾਣ ਦੀ ਆਦਤ ਪਾਓ।

*ਟੈਲੀਵਿਜ਼ਨ ਦੇ ਸਾਹਮਣੇ ਬੈਠ ਕੇ ਖਾਣਾ ਛੱਡ ਦਿਓ। ਹਾਂ, ਤੁਸੀਂ ਹਲਕੀ ਗੱਲਬਾਤ ਜ਼ਰੂਰ ਕਰ ਸਕਦੇ ਹੋ।

* ਜੇਕਰ ਮਿੱਠਾ ਖਾਣਾ ਪਸੰਦ ਹੈ ਤਾਂ ਫਲਾਂ ਨੂੰ ਕੱਟ ਕੇ ਉਨ੍ਹਾਂ ਵਿਚ ਥੋੜ੍ਹਾ ਕਸਟਰਡ ਆਦਿ ਪਾ ਕੇ ਰੱਖੋ। ਆਈਸਕ੍ਰੀਮ ਤੇ ਚਾਕਲੇਟ ਦੀ ਵਰਤੋਂ ਘੱਟ ਹੀ ਕਰੋ। ਰੋਜ਼ਾਨਾ ਬੱਚਿਆਂ ਨੂੰ ਖੇਡਣ ਭੇਜੋ।

ਜੇਕਰ ਤੁਹਾਡੇ ਘਰ ਕੋਲ ਪਾਰਕ ਜਾਂ ਖੁੱਲ੍ਹੀ ਜਗ੍ਹਾ ਨਹੀਂ ਹੈ ਤਾਂ ਉੱਪਰ ਛੱਤ 'ਤੇ ਬੱਚਿਆਂ ਨੂੰ ਖੇਡਣ ਜਾਂ ਕਸਰਤ ਲਈ ਕਹੋ ਪਰ ਧਿਆਨ ਰੱਖੋ ਕਿ ਛੱਤ ਖੁੱਲ੍ਹੀ ਨਾ ਹੋਵੇ। ਚਾਰੇ ਪਾਸੇ ਦੀਵਾਰਾਂ ਆਦਿ ਹੋਣ। ਬੱਚਿਆਂ ਨਾਲ ਖੁਦ ਸੈਰ ਕਰਨ ਜਾਓ। ਬੱਚੇ ਤੁਹਾਡੀਆਂ ਆਦਤਾਂ ਤੋਂ ਬਹੁਤ ਕੁਝ ਸਿੱਖਦੇ ਹਨ। ਚੰਗੇ ਵਿਵਹਾਰ ਤੇ ਆਦਤਾ ਨਾਲ ਤੁਸੀਂ ਬੱਚਿਆਂ ਦੇ ਰੋਲ ਮਾਡਲ ਬਣ ਸਕਦੇ ਹੋ।

-ਮਨਚੰਦਾ

## ਸਿਰਦਰਦ ਲਈ ਵਿਵਹਾਰਕ ਉਪਚਾਰ

ਰੋਜ਼ਾਨਾ ਸਿਰਦਰਦ ਅਕਸਰ ਤਣਾਅ, ਅਵਸਾਦ ਦੇ ਕਾਰਨ ਹੁੰਦਾ ਹੈ। ਇਸ ਲਈ ਇਨ੍ਹਾਂ ਮਰੀਜ਼ਾਂ ਨੂੰ ਨਿਮਨਲਿਖਤ ਪ੍ਰਯਤਨ ਕਰਨੇ ਚਾਹੀਦੇ ਹਨ-

1. ਕੈਫ਼ੀਨ-ਯੁਕਤ-ਚਾਹ, ਕੌਫ਼ੀ, ਕੋਲਾ ਯੁਕਤ ਠੰਢੇ ਪੇਯ ਦਾ ਸੇਵਨ ਨਾ ਕਰੋ।
2. ਸਿਗਰੇਟ, ਤੰਬਾਕੂ ਗੁਟਖਾ, ਸ਼ਰਾਬ ਦਾ ਸੇਵਨ ਨਾ ਕਰੋ।
3. ਸੰਤੁਲਿਤ, ਵਿਵਸਥਿਤ ਜੀਵਨ ਬਤੀਤ ਕਰੋ, ਸਮੇਂ ਸਿਰ ਜਾਗੋ, ਸਮੇਂ ਸਿਰ ਸੌਣ ਦੀ ਆਦਤ ਪਾਉ, ਸਮੇਂ ਸਿਰ ਭੋਜਨ ਦਾ ਸੇਵਨ ਕਰੋ।
4. ਕਾਰਜਸ਼ੀਲ ਰਹੋ, ਨਿਯਮਿਤ ਕਸਰਤ ਕਰੋ।
5. ਪੂਰੀ ਨੀਂਦ ਲਉ।
6. ਤਣਾਅ ਘੱਟ ਕਰੋ, ਜੀਵਨ ਨੀਰਸ ਨਾ ਬਣਾਉ, ਮਨੋਰੰਜਨ ਲਈ ਵੀ ਸਮਾਂ ਕੱਢੋ।
7. ਕੰਮ 'ਚ ਰੁੱਝੇ ਰਹੋ ਅਭਿਰੁਚੀ (ਹਾਵੀ) ਰੱਖੋ, ਜਿਸ ਨਾਲ ਆਤਮਾ ਸੰਤੁਸ਼ਟੀ, ਸੰਤੋਖ ਮਿਲਦਾ ਹੈ, ਤਣਾਉ ਘੱਟ ਹੁੰਦਾ ਹੈ। ਤਣਾਉ ਘੱਟ ਕਰਨ ਦੇ ਸਕਾਰਾਤਮਕ ਵਿਚਾਰ ਬਣਾਉ।
8. ਜੇਕਰ ਖ਼ੁਦ ਤਣਾਉ ਅਵਸਾਦ ਮੁਕਤ ਨਹੀਂ ਹੋ ਸਕਦੇ ਤਾਂ ਮਨੋਰੋਗ ਚਿਕਿਤਸਕ ਦੀ ਸਲਾਹ ਲਉ, ਉਹ ਆਪਣੇ ਅਨੁਸਾਰ ਚਿਕਿਤਸਾ ਜਾਂ ਹੋਰ ਵਿਧੀਆਂ ਦੁਆਰਾ ਇਲਾਜ ਕਰਨਗੇ ਜਿਸ ਨਾਲ ਤਣਾਉ ਦੂਰ ਹੋਵੇਗਾ ਅਤੇ ਆਪ ਸਿਰਦਰਦ ਤੋਂ ਮੁਕਤ ਹੋ ਜਾਵੋਗੇ।

ਰੋਜ਼ਾਨਾ ਸਿਰਦਰਦ ਹੋਣ ਨਾਲ ਵਿਅਕਤੀ ਦੁਖੀ, ਪ੍ਰੇਸ਼ਾਨ ਰਹਿੰਦਾ ਹੈ। ਕਾਰਜ ਸ਼ਕਤੀ ਘੱਟ ਹੋ ਜਾਂਦੀ ਹੈ, ਇਕਾਗਰਚਿਤ ਕੰਮ ਨਹੀਂ ਹੁੰਦਾ, ਤਣਾਉ ਤੇ ਅਵਸਾਦ ਨਾਲ ਪੀੜਤ ਹੋ ਜਾਂਦਾ ਹੈ। ਜਿਸ ਨਾਲ ਸਿਰਦਰਦ ਹੋਰ ਜ਼ਿਆਦਾ ਵਧ ਜਾਂਦਾ ਹੈ। ਆਦਮੀ ਇਕ ਚੱਕਰਵਿਊ 'ਚ ਫਸ ਜਾਂਦਾ ਹੈ, ਜਿਸ 'ਚੋਂ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਇਸ ਵਾਸਤੇ ਮਰੀਜ਼ ਨੂੰ ਸਮੁਚਿਤ ਉਪਚਾਰ ਕਰਵਾਉਣਾ ਚਾਹੀਦਾ ਹੈ। ਜਿਸ ਨਾਲ ਰੋਗ ਮੁਕਤ ਹੋ ਕੇ ਸਵਸਥ ਸੁਖੀ ਜੀਵਨ ਬਤੀਤ ਕਰ ਸਕੇ।

ਸਿਰਦਰਦ ਦੇ ਅਸਰਦਾਰ ਨੁਸਖੇ : 1. ਸਵੇਰੇ-ਸਵੇਰੇ ਉੱਠ ਕੇ ਖਾਲੀ ਪੇਟ ਸੇਬ 'ਤੇ ਨਮਕ ਲਾ ਕੇ ਖਾਉ। ਫਿਰ ਉਤੋਂ ਦੀ ਗੁਣਗੁਣਾ ਪਾਣੀ ਜਾਂ ਇਕ ਪਿਆਲਾ ਹਲਕੇ ਗਰਮ ਦੁੱਧ ਦਾ ਪੀ ਲਉ। ਦਸ ਦਿਨਾਂ ਵਿਚ ਸਿਰਦਰਦ ਗ਼ਾਇਬ ਹੋ ਜਾਵੇਗਾ।


2. ਕਿੰਨਾ ਹੀ ਖ਼ਤਰਨਾਕ ਸਿਰਦਰਦ ਭਾਵੇਂ ਕਿਸੇ ਵੀ ਕਾਰਨ ਹੋਵੇ। ਤੁਸੀ ਲੱਸਣ ਦੀ ਇਕ ਤੁਰੀ ਛਿੱਲ ਕੇ ਆਰਾਮ ਨਾਲ ਚੱਬ-ਚੱਬ ਕੇ ਹੌਲੀ-ਹੌਲੀ ਨਿਗਲ ਜਾਉ।

-ਰਣਜੀਤ ਸਿੰਘ ਸਾਹੂਵਾਲਾ,

## ਸਿਹਤ ਲਈ ਖਤਰਨਾਕ ਕੋਲਡ ਡਰਿੰਕਸ

ਭਾਰਤ ਵਿਚ ਕੋਲਡ ਡ੍ਰਿੰਕਸ ਦਾ ਬਹੁਤ ਵੱਡਾ ਵਪਾਰ ਹੈ। ਛੋਟੇ ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਸਭ ਇਸ ਨੂੰ ਪੀਂਦੇ ਹਨ। ਪੰਜਾਬ ਵਿਚ ਲੋਕ ਲੱਸੀ ਅਤੇ ਠੰਡੇ ਦੁੱਧ ਨੂੰ ਭੁੱਲ ਕੇ ਕੋਲ ਡਰਿੰਕਸ ਪੀ ਰਹੇ ਹਨ। ਵਿਆਹਾਂ ਅਤੇ ਪਾਰਟੀਆਂ ਵਿਚ ਵੀ ਲੋਕ ਇਨ੍ਹਾਂ ਸੋਡਿਆਂ ਦੇ ਨੁਕਸਾਨ ਤੋਂ ਬੇਫਿਕਰ, ਮੁਫਤ ਦੇ ਸਮਝ ਕੇ ਖੁੱਲ੍ਹੇ ਦਿਲ ਨਾਲ ਪੀਂਦੇ ਹਨ। ਭਾਰਤ ਵਿਚ ਵੈਸੇ ਤਾਂ ਕੋਲ ਡ੍ਰਿੰਕਸ ਦੇ ਕਾਫੀ ਬ੍ਰਾਂਡ ਵਿਕਦੇ ਹਨ ਪਰ ਸਭ ਤੋਂ ਜ਼ਿਆਦਾ ਵਿੱਕਣ ਵਾਲੇ ਬ੍ਰਾਂਡ ਕੋਕਾ ਕੋਲਾ ਅਤੇ ਪੈਪਸੀ ਹਨ। ਇਕ ਪ੍ਰਾਈਵੇਟ ਏਜੰਸੀ ਸੀ. ਐਸ. ਈ. ਨੇ ਇਨ੍ਹਾਂ ਠੰਡਿਆਂ ਦੇ ਨਮੂਨੇ ਲੈ ਕੇ ਇਨ੍ਹਾਂ ਵਿਚ ਪਾਈਆਂ ਜਾਣ ਵਾਲੀਆਂ ਚੀਜ਼ਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਇਨ੍ਹਾਂ ਵਿਚ ਮਿੱਥੀ ਮਾਤਰਾ ਤੋਂ ਵੱਧ ਕੀਟਨਾਸ਼ਕ ਹੋਣ ਦੀ ਪੁਸ਼ਟੀ ਕੀਤੀ ਹੈ।

ਸੀ. ਐਸ. ਈ. ਨੇ ਕੋਕਾ ਕੋਲਾ ਅਤੇ ਪੈਪਸੀ ਦੇ ਬਾਰਾਂ ਰਾਜਾਂ ਵਿਚੋਂ 57 ਨਮੂਨੇ ਲਏ। ਟੈਸਟ ਤੋਂ ਬਾਅਦ ਇਨ੍ਹਾਂ ਨਮੂਨਿਆਂ ਵਿਚ ਬੀ ਆਈ ਐਸ ਸਟੈਂਡਰਡ ਵੱਲੋਂ ਨਿਰਧਾਰਤ ਮਾਤਰਾ ਦੇ ਮੁਕਾਬਲੇ 24 ਗੁਣਾ ਵੱਧ ਮਾਤਰਾ ਵਿਚ ਕੀਟਨਾਸ਼ਕ ਹੋਣ ਦੀ ਪੁਸ਼ਟੀ ਕੀਤੀ।



ਇਨ੍ਹਾਂ ਕੋਲਡ ਡ੍ਰਿੰਕਸ ਵਿਚ ਕੀਟਨਾਸ਼ਕਾਂ ਦੀ ਮਾਤਰਾ 11.85 ਪੀ. ਪੀ. ਬੀ. ਪਾਈ ਗਈ ਜਦੋਂ ਕਿ ਬੀ ਆਈ ਐਸ ਸਟੈਂਡਰਡ ਮੁਤਾਬਕ ਇਹ ਮਾਤਰਾ 0.5 ਪੀ ਪੀ ਬੀ ਤੋਂ ਵੱਧ ਨਹੀਂ ਹੋਣੀ ਚਾਹੀਦੀ ਜਿਹੜੇ ਕੀਟ ਨਾਸ਼ਕ ਇਨ੍ਹਾਂ ਕੋਲਡ ਡ੍ਰਿੰਕਸ ਦੇ ਨਮੂਨਿਆਂ ਵਿਚ ਪਾਏ ਗਏ ਉਹ ਸਨ ਲਿਨਡੇਨ, ਕਲੋਰੋਪਾਇਰੀਫੋਰਸ, ਹੈਪਟਾ ਕਲੋਰੇ ਡੀ. ਈ. ਟੀ. ਅਤੇ ਮੈਲਾਥੀਨ ਆਦਿ। ਇਹ ਸਾਰੇ ਕੀਟਨਾਸਕ ਮਨੁੱਖੀ ਸਿਹਤ ਲਈ ਬਹੁਤ ਘਾਤਕ ਹਨ ਜਿਨ੍ਹਾਂ ਦਾ ਵਰਣਨ ਇਸ ਤਰ੍ਹਾਂ ਹੈ।

ਲਿਨਡੇਨ: ਕੋਲਡ ਡ੍ਰਿੰਕਸ ਦੇ ਨਮੂਨਿਆਂ ਵਿਚ ਇਸ ਕੀਟਨਾਸ਼ਕ ਦੀ ਮਾਤਰਾ ਬੀ. ਆਈ. ਐਸ. ਸਟੈਂਡਰਡ ਵੱਲੋਂ ਨਿਰਧਾਰਤ ਮਾਤਰਾ ਨਾਲੋਂ 57 ਗੁਣਾ ਵੱਧ ਨਿਕਲੀ। ਇਸ ਕੀਟਨਾਸ਼ਕ ਦੀ ਵਰਤੋਂ ਬੀਜਾਂ ਨੂੰ ਬੀਮਾਰੀਆਂ ਤੋਂ ਬਚਾਉਣ ਅਤੇ ਸਰੀਰ ਤੋਂ ਜੂਆਂ ਹਟਾਉਣ ਲਈ ਕੀਤੀ ਜਾਂਦੀ ਹੈ। ਲਿਨਡੇਨ ਦੇ ਵਾਧੂ ਸੇਵਨ ਨਾਲ ਨਰਸ ਸਿਸਟਮ ਉਪਰ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਇਸ ਨਾਲ ਲੀਵਰ ਕੈਂਸਰ ਵੀ ਹੋ ਸਕਦਾ ਹੈ।

ਕਲੋਰੋਪਾਇਰੀਫੋਰਸ : ਇਸ ਜ਼ਹਿਰੀਲੇ ਪਦਾਰਥ ਦੀ ਵਰਤੋਂ ਕਾਕਰੋਚ, ਮੱਖੀਆਂ ਅਤੇ ਕੀੜਿਆਂ ਨੂੰ ਭਜਾਉਣ ਲਈ ਕੀਤੀ ਜਾਂਦੀ ਹੈ। ਕੋਲਡ ਡ੍ਰਿੰਕਸ ਵਿਚ ਇਸ ਦੀ ਵਰਤੋਂ ਬੀ. ਆਈ. ਐਸ. ਸਟੈਂਡਰਡ ਵੱਲੋਂ ਨਿਰਧਾਰਤ ਮਾਤਰਾ ਦੇ ਮੁਕਾਬਲੇ 47 ਗੁਣਾਂ ਵੱਧ ਪਾਈ ਗਈ ਹੈ। ਇਸ ਦੀ ਜ਼ਿਆਦਾ ਵਰਤੋਂ ਨਾਲ ਸਾਡੀਆਂ ਅੱਖਾਂ, ਦਿਲ ਅਤੇ ਮਸਲ ਆਦਿ ਉਪਰ ਬੁਰੇ ਪ੍ਰਭਾਵ ਪੈਂਦੇ ਹਨ।

ਹੈਪਟਾਕਲੋਰੋ ਭਾਰਤ ਵਿਚ ਇਸ ਜ਼ਹਿਰੀਲੇ ਪਦਾਰਥ ਉਪਰ ਪਾਬੰਦੀ ਹੈ ਪਰ 71 ਪ੍ਰਤੀਸ਼ਤ ਤੋਂ ਵੱਧ ਨਮੂਨਿਆਂ ਵਿਚ ਇਸ ਦੀ ਮੌਜੂਦਗੀ ਪਾਈ ਗਈ ਹੈ ਇਸ ਨਾਲ ਲੀਵਰ ਖਰਾਬ ਹੋ ਸਕਦਾ ਹੈ ਅਤੇ ਬੱਚਿਆਂ ਵਿਚ ਕਈ ਤਰ੍ਹਾਂ ਦੀਆਂ ਖਤਰਨਾਕ ਬੀਮਾਰੀਆਂ ਪੈਦਾ ਹੋ ਸਕਦੀਆਂ ਹਨ।

ਡੀ. ਡੀ. ਟੀ. ਤੇ ਮੈਲਾਥੀਨ : ਇਸ ਦੀ ਵਰਤੋਂ ਨਾਲ ਨਾੜੀ ਤੰਤਰ ਕਮਜ਼ੋਰ ਹੋ ਜਾਂਦਾ ਹੈ। ਬੱਚਿਆਂ ਵਿਚ ਸਿਹਤ ਵਿਕਾਰ ਅਤੇ ਨਿਪੁੰਸਕਤਾ ਆਦਿ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ। ਸਾਨੂੰ ਆਪਣੀ ਸਿਹਤ ਦਾ ਧਿਆਨ ਰੱਖਦੇ ਹੋਏ ਇਨ੍ਹਾਂ ਸੋਡਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਖਾਸ ਕਰਕੇ ਸ਼ੂਗਰ ਦੇ ਮਰੀਜ਼ਾਂ ਵਾਸਤੇ ਇਹ ਬਹੁਤ ਹੀ ਖਤਰਨਾਕ ਹਨ। ਇਕ ਬੋਤਲ ਵਿਚ ਛੇ ਤੋਂ ਸੱਤ ਚਮਚੇ ਖੰਡ ਦੇ ਪਾਏ ਜਾਂਦੇ ਹਨ। ਅਸੀਂ ਘਰ ਦੀ ਬਣਾਈ ਹੋਈ ਲੱਸੀ, ਨਿੰਬੂ, ਪਾਣੀ ਜਾਂ ਗੰਨੇ ਦਾ ਰਸ ਪੀ ਸਕਦੇ ਹਾਂ ਜਿਹੜੇ ਹਰ ਪੱਖ ਤੋਂ ਸਾਡੇ ਸਰੀਰ ਲਈ ਲਾਹੇਵੰਦ ਹਨ।

-ਬਲਜੀਤ ਸਿੰਘ



## ਕਿਹੜੇ ਕਾਰਨਾਂ ਕਰਕੇ ਮਹਿਸੂਸ ਹੁੰਦੀ ਹੈ ਥਕਾਵਟ ?



ਕਿਸੇ-ਕਿਸੇ ਦਿਨ ਤੁਸੀਂ ਇੰਨੀ ਥਕਾਵਟ ਮਹਿਸੂਸ ਕਰਦੇ ਹੋ ਕਿ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅੰਦਰ ਕੋਈ ਤਾਕਤ ਨਹੀਂ ਹੈ ਅਤੇ ਤੁਸੀਂ ਦੁਪਹਿਰ ਤੱਕ ਸੁਸਤ ਹੋ ਜਾਂਦੇ ਹੋ ਅਤੇ ਕੋਈ ਕੰਮ ਨਹੀਂ ਕਰ ਪਾਉਂਦੇ। ਅਜਿਹਾ ਕੀ ਕਾਰਨ ਹੁੰਦਾ ਹੈ ਕਿ ਤੁਸੀਂ ਇਸ ਤਰ੍ਹਾਂ ਮਹਿਸੂਸ ਕਰਦੇ ਹੋ।

ਤਣਾਓ, ਜ਼ਿਆਦਾ ਕੰਮ, ਗਲਤ ਖਾਣ-ਪੀਣ ਦੀਆਂ ਆਦਤਾਂ ਤੁਹਾਨੂੰ ਇਸ ਦਸ਼ਾ ਵਿਚ ਪਹੁੰਚਾ ਸਕਦੀਆਂ ਹਨ ਪਰ ਅਸੀਂ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਅਜਿਹੀ ਸਥਿਤੀ ਦਾ ਸਾਹਮਣਾ ਸਾਨੂੰ ਸਾਰਿਆਂ ਨੂੰ ਕਦੀ ਨਾ ਕਦੀ ਕਰਨਾ ਪੈਂਦਾ ਹੈ। ਗੰਭੀਰ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਜ਼ਰੂਰੀ ਆਰਾਮ ਦੇ ਬਾਵਜੂਦ ਸਾਨੂੰ ਅਚਾਨਕ ਅਤੇ ਲਗਾਤਾਰ ਥਕਾਵਟ ਦਾ ਸਾਹਮਣਾ ਕਰਨਾ ਪੈ ਜਾਵੇ ਅਜਿਹੇ ਸਮੇਂ ਵਿਚ ਤੁਹਾਨੂੰ ਕਿਸੇ ਮਾਹਿਰ ਦੀ ਸਲਾਹ ਲੈਣ ਦੀ ਜ਼ਰੂਰਤ ਹੁੰਦੀ ਹੈ।




ਥਕਾਵਟ ਕਿਸੇ ਬਿਮਾਰੀ ਦਾ ਸੰਕੇਤ ਹੋ ਸਕਦੀ ਹੈ ਜਾਂ ਤੁਸੀ ਕੋਈ ਮੈਡੀਕਲ ਟ੍ਰੀਟਮੈਂਟ ਲੈ ਰਹੇ ਹੋ ਤਾਂ ਇਸ ਕਾਰਨ ਵੀ ਤੁਹਾਨੂੰ ਸਾਈਡ ਇਫੈਕਟਸ ਦੇ ਰੂਪ ਵਿਚ ਥਕਾਵਟ ਮਹਿਸੂਸ ਕਰ ਰਹੇ ਹੋ ਅਤੇ ਕਈ ਹਫਤਿਆਂ ਦੇ ਆਰਾਮ ਦੇ ਬਾਅਦ ਵੀ ਤੁਸੀ ਆਪਣੇ ਆਪ ਨੂੰ ਐਨਰਜੀ ਰਹਿਤ ਮਹਿਸੂਸ ਕਰ ਰਹੇ ਹੋ ਤਾਂ ਤੁਹਾਨੂੰ ਕੋਈ ਸਿਹਤ ਸਬੰਧੀ ਸਮੱਸਿਆ ਹੋ ਸਕਦੀ ਹੈ। ਆਓ ਜਾਣਕਾਰੀ ਹਾਸਲ ਕਰੀਏ ਥਕਾਵਟ ਦੇ ਇਨ੍ਹਾਂ ਕਾਰਨਾਂ ਬਾਰੇ-

ਅਨੀਮੀਆ : ਅਨੀਮੀਆ ਦੇ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਆਉਂਦੀਆਂ ਹਨ ਅਤੇ ਇਸ ਦੇ ਕਾਰਨ ਸਾਡੇ ਖੂਨ ਦੀ ਆਕਸੀਜਨ ਦੀ ਸਪਲਾਈ ਦੀ ਸਮਰੱਥਾ ਮਹਿਸੂਸ ਪ੍ਰਭਾਵਿਤ ਹੁੰਦੀ ਹੈ। ਇਸ ਲਈ ਜੇ ਤੁਹਾਨੂੰ ਲਗਾਤਾਰ ਥਕਾਵਟ ਹੋ ਰਹੀ ਹੈ ਤਾਂ ਹੀਮੋਗਲੋਬਿਨ ਦੀ ਜਾਂਚ ਜ਼ਰੂਰ ਕਰਾਵਾਓ।

ਡਿਪ੍ਰੈਸ਼ਨ : ਤੁਹਾਡੇ ਵਿਚ ਐਨਰਜੀ ਦੀ ਕਮੀ ਅਤੇ ਨਾਲ ਹੀ ਨਾਲ ਭੁੱਖ ਨਾ ਲੱਗਣਾ, ਨੀਂਦ ਨਾ ਆਉਣਾ ਜਾਂ ਜ਼ਿਆਦਾ ਨੀਂਦ ਆਉਣਾ, ਕੰਮ ਵਿਚ ਦਿਲ ਨਾ ਲੱਗਣਾ, ਧਿਆਨ ਦੀ ਕਮੀ , ਉਦਾਸੀ ਆਦਿ ਲੱਛਣਾਂ ਦਾ ਉਭਰਨਾ ਡਿਪ੍ਰੈਸ਼ਨ ਦਾ ਕਾਰਨ ਹੋ ਸਕਦਾ ਹੈ।

ਸ਼ੂਗਰ : ਬਹੁਤ ਜ਼ਿਆਦਾ ਥਕਾਵਟ ਸ਼ੂਗਰ ਦੀ ਚਿਤਾਵਨੀ ਹੋ ਸਕਦੀ ਹੈ। ਥਕਾਵਟ ਦੇ ਨਾਲ-ਨਾਲ ਜੇ ਨਾਲ-ਨਾਲ ਜੇ ਪਿਆਸ ਜ਼ਿਆਦਾ ਲੱਗ ਰਹੀ ਹੈ, ਪਿਸ਼ਾਬ ਜ਼ਿਆਦਾ ਆ ਰਿਹਾ ਹੈ, ਧੁੰਦਲਾ ਨਜ਼ਰ ਆ ਰਿਹਾ ਹੋਵੇ ਤਾਂ ਸ਼ੂਗਰ ਦੀ ਜਾਂਚ ਕਰਵਾਓ।

ਥਾਇਰਾਈਡ : ਹਾਈ-ਪੋਥਾਇਰਾਈਡ ਜਾਂ ਹਾਈਪਰ ਥਾਇਰਾਈਡ, ਦੋਵਾਂ ਵਿਚ ਥਕਾਵਟ ਇਕ ਮੁੱਖ ਲੱਛਣ ਹੈ। ਹਾਈਪੋਥਾਇਰਾਈਡ ਦੀ ਸਥਿਤੀ ਵਿਚ ਥਾਇਰਾਈਡ ਗਲੈਂਡ ਜ਼ਰੂਰੀ ਥਾਇਰਾਈਡ ਹਾਰਮੋਨ ਨੂੰ ਬਣਾਉਣ ਵਿਚ ਅਸਫਲ ਹੁੰਦਾ ਹੈ ਅਤੇ ਇਸ ਦੇ ਮੁੱਖ ਲੱਛਣ ਚਮੜੀ ਦਾ ਖੁਸ਼ਕ ਹੋਣਾ, ਹੱਥਾਂ-ਪੈਰਾਂ ਦਾ ਠੰਡਾ ਰਹਿਣਾ, ਕਬਜ਼ ਦਾ ਹੋਣਾ, ਆਵਾਜ ਭਾਰੀ ਹੋਣਾ, ਜ਼ਿਆਦਾ ਥਕਾਵਟ ਰਹਿਣਾ ਆਦਿ ਹਨ। ਹਾਈਪਰਥਾਇਰਾਈਡ ਵਿਚ ਥਾਇਰਾਈਡ ਗਲੈਂਡ ਜ਼ਿਆਦਾ ਮਾਤਰਾ ਵਿਚ ਹਾਰਮੋਨ ਪੈਦਾ ਕਰਦਾ ਹੈ ਅਤੇ ਇਸ ਦੇ ਕਾਰਨ ਵੀ ਥਕਾਵਟ, ਮਾਸ਼ਪੇਸ਼ੀਆਂ ਦਾ ਕਮਜ਼ੋਰ ਹੋਣਾ, ਵਜ਼ਨ ਦਾ ਘੱਟਣਾ, ਦਿਲ ਦੀ ਗਤੀ ਦਾ ਵਧਣਾ, ਚਿੜ੍ਹਚਿੜ੍ਹਾਪਣ ਨਰਵਸਨੈੱਸ ਹਨ।



ਕੈਂਸਰ : ਥਕਾਵਟ ਕੈਂਸਰ ਦਾ ਵੀ ਇਕ ਲੱਛਣ ਹੈ। ਇਸ ਲਈ ਬਹੁਤ ਲੰਮੇ ਸਮੇਂ ਤੋਂ ਥਕਾਵਟ ਦੀ ਸਮੱਸਿਆ ਹੋਣ 'ਤੇ ਡਾਕਟਰ ਕੋਲੋਂ ਸਲਾਹੀ ਜ਼ਰੂਰ ਲਓ।

ਕਦੀ ਕਿਸੇ ਰੋਗ ਵਿਚ ਲਈਆਂ ਜਾਣ ਵਾਲੀਆਂ ਦਵਾਈਆਂ ਦੇ ਸਾਈਡ ਇਫੈਕਟਸ ਦੇ ਰੂਪ ਵਿਚ ਥਕਾਵਟ ਹੋ ਸਕਦੀ ਹੈ ਜੇ ਤੁਹਾਨੂੰ ਅਜਿਹਾ ਲੱਗਦਾ ਹੈ ਕਿ ਦਵਾਈ ਦੇ ਸੇਵਨ ਨਾਲ ਤੁਹਾਨੂੰ ਥਕਾਵਟ ਦੀ ਸ਼ਿਕਾਇਤ ਹੋ ਰਹੀ ਹੈ ਤਾਂ ਕਿਸੇ ਮਾਹਿਰ ਡਾਕਟਰ ਨਾਲ ਸੰਪਰਕ ਕਰੋ ਇਸ ਤੋਂ ਇਲਾਵਾ ਥਕਾਵਟ ਤੁਹਾਡੇ ਤੋਂ ਦੂਰ ਰਹੇ ਇਸ ਲਈ ਇਨ੍ਹਾਂ ਟਿਪਸ ਨੂੰ ਅਪਣਾਓ।

* ਆਪਣੇ ਉਪਰ ਕੰਮ ਦਾ ਬਹੁਤ ਜ਼ਿਅਦਾ ਪ੍ਰੈਸ਼ਰ ਨਾ ਰੱਖੋ। ਆਪਣੀ ਰੁਟੀਨ ਨੂੰ ਨਿਰਧਾਰਤ ਕਰੋ। ਹਰ ਰੋਜ਼ ਆਪਣੀ ਰੁਝੇਂਵਿਆਂ ਭਰਪੂਰ ਰੁਟੀਨ ਵਿਚੋਂ ਕੁਝ ਸਮਾਂ ਕੱਢੋ ਜਦੋਂ ਤੁਸੀਂ ਥੋੜ੍ਹਾ ਜਿਹਾ ਮੰਨੋਰੰਜਨ ਕਰ ਲਓ। ਸਵੇਰ ਦੀ ਭੱਜ ਦੌੜ ਤੋਂ ਬਚਣ ਲਈ 15 ਮਿੰਟ ਛੇਤੀ ਉਠ ਜਾਓ। ਆਫਿਸ ਵਿਚ ਵੀ ਕੰਮ ਕਰਦੇ ਸਮੇਂ ਕੁਝ ਸਮੇਂ ਬਾਅਦ ਸੀਟ ਤੋਂ ਖੜ੍ਹੇ ਹੋ ਕੇ ਇਕ ਦੋ ਚੱਕਰ ਲਗਾ ਲਓ। ਆਫਿਸ ਦੀ ਟੈਂਸ਼ਨ ਨੂੰ ਦਫਤਰ ਵਿਚ ਛੱਡ ਕੇ ਆਉਣ ਦੀ ਕੋਸ਼ਿਸ਼ ਕਰੋ।

*ਆਪਣੇ ਸਰੀਰ ਨੂੰ ਸਰਗਰਮ ਰੱਖੋ ਅਤੇ ਇਸ ਲਈ ਅੱਧਾ ਘੰਟਾ ਐਕਸਰਸਾਈਜ਼ ਜ਼ਰੂਰ ਕਰੋ।

ਹਰ ਰੋਜ਼ ਅੱਧਾ ਘੰਟਾ ਨਹੀਂ ਦੇ ਸਕਦੇ ਤਾਂ 10-15 ਮਿੰਟ ਸੈਰ ਜ਼ਰੂਰ ਕਰੋ। ਇਸ ਨਾਲ ਤੁਹਾਡੀ ਕਾਰਜ਼ ਸਮਰੱਥਾ ਵਧੇਗੀ। ਹੌਲੀ- ਹੌਲੀ ਤੁਸੀਂ ਇਸ ਲਈ ਖੁਦ ਹੀ ਜ਼ਿਆਦਾ ਸਮਾਂ ਕੱਢ ਲਓਗੇ ਕਿਉਂਕਿ ਇਹ ਤੁਹਾਡੇ ਵਜ਼ਨ ਕੰਟਰੋਲ ਤੇ ਫਿਟਨੈੱਸ ਲਈ ਇਹ ਸਭ ਤੋਂ ਆਸਾਨ ਤਰੀਕਾ ਹੈ।



* ਸਵੇਰ ਦਾ ਨਾਸ਼ਤਾ ਜ਼ਰੂਰ ਕਰੋ ਕਿਉਂਕਿ ਇਹ ਤੁਹਾਨੂੰ ਪੂਰੇ ਦਿਨ ਦੀ ਐਨਰਜੀ ਦਿੰਦਾ ਹੈ। ਕਈ ਖੋਜਾਂ ਤੋਂ ਇਹ ਪ੍ਰਮਾਣਤ ਹੋਇਆ ਹੈ ਕਿ ਜੋ ਵਿਅਕਤੀ ਸਵੇਰ ਦਾ ਨਾਸ਼ਤਾ ਨਹੀਂ ਲੈਂਦੇ, ਉਹ ਸਾਰਾ ਦਿਨ ਥੱਕੇ-ਥੱਕੇ ਐਨਰਜੀ ਰਹਿਤ ਮਹਸੂਸ ਕਰਦੇ ਹਨ ਇਸ ਲਈ ਆਪਣੇ ਦਿਨ ਦੀ ਸ਼ੁਰੂਆਤ ਘੱਟ ਚਿਕਨਾਈ ਤੇ ਜ਼ਿਆਦਾ ਰੇਸ਼ੇਦਾਰ ਨਾਸ਼ਤੇ ਨਾਲ ਕਰੋ ਜਿਸ ਵਿਚ ਕਾਰਬੋਹਾਈਡ੍ਰੇਟ ਜਿਵੇਂ ਫਲ, ਸਾਬਤ ਅਨਾਜ ਮੁੱਖ ਹੋਣ । ਬਹੁਤ ਘੱਟ ਕੈਲੋਰੀ ਭਰਪੂਰ ਡਾਈਟ ਵੀ ਤੁਹਾਨੂੰ ਥਕਾ ਸਕਦੀ ਹੈ।

* ਅਲਕੋਹਲ ਦਾ ਸੇਵਨ ਤੁਹਾਡੇ ਨਰਵਸ ਸਿਸਟਮ ਨੂੰ ਪ੍ਰਭਾਵਤ ਕਰਦਾ ਹੈ ਤੁਹਾਡੀ ਨੀਂਦ ਵਿਚ ਵੀ ਰੁਕਾਵਟ ਪਾਉਂਦਾ ਹੈ। ਇਸ ਦੇ ਸੇਵਨ ਦੇ ਬਾਅਦ ਤੁਸੀਂ ਕਈ ਘੰਟਿਆਂ ਤੱਕ ਆਪਣੇ ਆਪ ਨੂੰ ਥੱਕਿਆ ਹੋਇਆ ਮਹਿਸੂਸ ਕਰਦੇ ਹੋ ਇਸ ਲਈ ਅਲਕੋਹਲ ਦਾ ਸੇਵਨ ਨਾ ਕਰੋ। ਸਹੀ ਸਮੇਂ 'ਤੇ ਸੌਂਵੋ। ਰਾਤ ਨੂੰ ਬਹੁਤ ਭਾਰਾ ਭੋਜਨ ਨਾ ਕਰੋ। ਜੇ ਰਾਤ ਨੂੰ ਨੀਂਦ ਨਹੀਂ ਆ ਰਹੀ ਤਾਂ ਬਿਸਤਰੇ 'ਤੇ ਕਰਵਟ ਬਦਲਣ ਦੀ ਜਗ੍ਹਾਂ ਕੋਈ ਕਿਤਾਬ ਆਦਿ ਪੜ੍ਹੋ।

8 ਘੰਟੇ ਦੀ ਨੀਂਦ ਜ਼ਰੂਰ ਲਓ। ਨੀਂਦ ਪੂਰੀ ਨਾ ਹੋਣ ਕਾਰਨ ਵੀ ਵਿਅਕਤੀ ਆਲਸ ਤੇ ਥਕਾਵਟ ਮਹਿਸੂਸ ਕਰਦਾ ਹੈ।

-ਸੋਨੀ ਮਲਹੋਤਰਾ

# ਭਾਸ਼ਾ ਵਿਭਾਗ ਵਿਖੇ ਉਰਦੂ ਭਾਸ਼ਾ ਦੀ ਸਿਖਲਾਈ ਲਈ ਅਰਜ਼ੀਆਂ ਮੰਗੀਆਂ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ, ਪਟਿਆਲਾ ਵਿਖੇ ਜੁਲਾਈ, 2026 ਤੋਂ 'ਉਰਦੂ ਆਮੋਜ਼' ਦੀ ਸਿਖਲਾਈ ਦੀਆਂ ਜਮਾਤਾਂ ਸ਼ੁਰੂ ਹੋਣ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਅਮਰਿੰਦਰ ਸਿੰਘ ਨੇ ਦੱਸਿਆ ਕਿ ਉਰਦੂ ਭਾਸ਼ਾ ਇਕ ਬਹੁਤ ਹੀ ਮਿੱਠੀ ਤੇ ਪਿਆਰੀ ਜ਼ੁਬਾਨ ਹੈ।ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਅਤੇ ਸਾਹਿਤ ਬਾਰੇ ਵਿਸਥਾਰਪੂਰਵਕ ਗਿਆਨ ਹਾਸਲ ਕਰਨ ਲਈ ਉਰਦੂ ਭਾਸ਼ਾ ਸਿੱਖਣੀ ਬਹੁਤ ਜ਼ਰੂਰੀ ਹੈ। ਪੱਛਮੀ ਪੰਜਾਬ ਵਿੱਚ ਸਾਰਾ ਪੰਜਾਬੀ ਸਾਹਿਤ ਸ਼ਾਹਮੁਖੀ ਲਿਪੀ ਵਿੱਚ ਰਚਿਆ ਗਿਆ ਹੈ। ਉਥੋਂ ਦੇ ਕਈ ਵਿਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਨੂੰ 'ਸ਼ਾਹਮੁਖੀ' ਦੇ ਨਾਲ ਨਾਲ ਗੁਰਮੁਖੀ ਲਿਪੀ ਦਾ ਗਿਆਨ ਵੀ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬੀ ਸਾਹਿਤ ਦੇ ਅਦਾਨ ਪ੍ਰਦਾਨ ਲਈ ਦੋਹਾਂ ਲਿਪੀਆਂ 'ਸ਼ਾਹਮੁਖੀ' ਅਤੇ 'ਗੁਰਮੁਖੀ' ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਵਿਦਿਆਰਥੀਆਂ ਲਈ 'ਉਰਦੂ ਆਮੋਜ਼' ਦੀ ਸਿਖਲਾਈ ਦਾ ਕੋਰਸ ਬਹੁਤ ਲਾਹੇਵੰਦ ਹੈ।

ਅਮਰਿੰਦਰ ਸਿੰਘ ਨੇ ਦੱਸਿਆ ਕਿ ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ ਵਿਖੇ 'ਉਰਦੂ ਆਮੋਜ਼' ਦੀ ਸਿਖਲਾਈ ਲਈ ਬਹੁਤ ਹੀ ਤਜ਼ਰਬੇਕਾਰ ਅਤੇ ਕਾਬਲ ਅਧਿਆਪਕ ਹਨ। ਇਹ ਸਿਖਲਾਈ ਜੁਲਾਈ ਮਹੀਨੇ (2026) ਤੋਂ ਸ਼ੁਰੂ ਹੋ ਕੇ ਦਸੰਬਰ (2026) ਮਹੀਨੇ ਤੱਕ ਚੱਲੇਗੀ। ਇਸ ਸਿਖਲਾਈ ਦੀ ਮਿਆਦ ਛੇ ਮਹੀਨੇ ਦੀ ਹੈ। ਇਸ ਸਿਖਲਾਈ ਦੀ ਸਮੁੱਚੀ ਇੱਕ ਵਾਰ ਦੀ ਫੀਸ 500 ਰੁਪਏ ਹੈ। ਇਸ ਜਮਾਤ ਦਾ ਸਮਾਂ ਸ਼ਾਮ 5.00 ਵਜੇ ਤੋਂ ਲੈ ਕੇ 6.00 ਵਜੇ ਤੱਕ ਦਾ ਹੈ। ਇਸ ਲਈ ਉਰਦੂ ਸਿੱਖਣ ਦੇ ਚਾਹਵਾਨ ਵਿਅਕਤੀ ਮਿਤੀ 10.07.2026 ਤੱਕ ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ (ਭਾਸ਼ਾ ਭਵਨ), ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਆਪਣਾ ਫਾਰਮ (ਸਮੇਤ ਇਕ ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ ਅਤੇ ਵਿਦਿਅਕ ਯੋਗਤਾ ਦੇ ਸਰਟੀਫਿਕੇਟ ਦੀ ਫੋਟੋ ਕਾਪੀ) ਭਰ ਕੇ ਦਾਖਲਾ ਲੈ ਸਕਦੇ ਹਨ। ਉਰਦੂ ਆਮੋਜ਼ ਦੀ ਸਿਖਲਾਈ ਸਬੰਧੀ ਕਿਸੇ ਕਿਸਮ ਦੀ ਜਾਣਕਾਰੀ ਲਈ ਦਫ਼ਤਰ ਦੀ ਈਮੇਲ dlo.patialaA @gmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਮੌਜੂਦਾ ਵੋਟਰ ਸੂਚੀ ਦਾ ਸਾਲ 2003 ਦੀ ਵੋਟਰ ਸੂਚੀ ਨਾਲ ਮੈਪਿੰਗ ਸਬੰਧੀ ਲੱਗਣਗੇ ਵਿਸ਼ੇਸ਼ ਕੈਂਪ: ਡਿਪਟੀ ਕਮਿਸ਼ਨਰ

## ਅਜੇ ਤੱਕ ਵੋਟਰ ਸੂਚੀ ਨਾਲ ਮੈਪ ਨਾ ਕੀਤੇ ਗਏ ਸਾਰੇ ਯੋਗ ਨਾਗਰਿਕ ਮੈਪਿੰਗ ਕੈਂਪਾਂ ਦਾ ਲਾਭ ਲੈਣ: ਡਾ. ਹਿਮਾਂਸ਼ੂ ਅਗਰਵਾਲ

**ਪਟਿਆਲਾ, 8 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ-ਕਮ- ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਹੈ ਕਿ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਪੰਜਾਬ ਰਾਜ ਵਿੱਚ ਸਪੈਸ਼ਲ ਇੰਨਟੈਨਸਿਵ ਰਵੀਜ਼ਨ (ਐਸ ਆਈ ਆਰ) ਸਬੰਧੀ ਸਮਾਂ ਸਾਰਣੀ ਜਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ ਬੂਥ ਲੈਵਲ ਅਫ਼ਸਰਾਂ ਦੁਆਰਾ ਘਰ-ਘਰ ਜਾ ਕੇ ਵੈਰੀਫਿਕੇਸ਼ਨ ਮਿਤੀ 28 ਜੂਨ ਤੋਂ 24 ਜੁਲਾਈ 2026 ਤੱਕ ਕੀਤੀ ਜਾਣੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਚੋਣ ਅਫ਼ਸਰ ਸ੍ਰੀਮਤੀ ਅਨਿੰਦਿੱਤਾ ਮਿਤਰਾ ਵੱਲੋਂ ਅੱਜ ਨੂੰ ਹੋਣ ਵਾਲੀ ਵਿਸ਼ੇਸ਼ ਵੋਟਰ ਜਾਗਰੂਕਤਾ ਅਤੇ ਮੈਪਿੰਗ ਮੁਹਿੰਮ ਵਿੱਚ ਆਮ ਜਨਤਾ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਇਸ ਸਮੇਂ ਸਪੈਸ਼ਲ ਇੰਨਟੈਨਸਿਵ ਰਵੀਜ਼ਨ-2026 ਨੂੰ ਮੁੱਖ ਰੱਖਦੇ ਹੋਏ ਮੌਜੂਦਾ ਵੋਟਰ ਸੂਚੀ ਦਾ ਸਾਲ 2003 ਦੀ ਵੋਟਰ ਸੂਚੀ ਨਾਲ ਮੈਪਿੰਗ ਦਾ ਕੰਮ ਚੱਲ ਰਿਹਾ ਹੈ।

ਇਸ ਸਬੰਧੀ ਮੈਪਿੰਗ ਦਾ ਕੰਮ ਕਾਫੀ ਹੱਦ ਤੱਕ ਪੂਰਾ ਕਰ ਲਿਆ ਗਿਆ ਹੈ ਪਰੰਤੂ ਹਾਲੇ ਵੀ ਕੁੱਝ ਇਲਾਕਿਆਂ ਵਿੱਚ ਵੋਟਰ ਮੈਪਿੰਗ ਦਾ ਕੰਮ ਬਕਾਇਆ ਹੈ।

ਜ਼ਿਲ੍ਹਾ ਚੋਣ ਅਫ਼ਸਰ ਨੇ ਇਹ ਵੀ ਦੱਸਿਆ ਕਿ ਇਸ ਨੂੰ ਮੁੱਖ ਰੱਖਦੇ ਹੋਏ ਮੁੱਖ ਚੋਣ ਅਫ਼ਸਰ, ਪੰਜਾਬ ਵੱਲੋਂ ਜਾਰੀ ਕੀਤੇ ਪੱਤਰ ਅਨੁਸਾਰ ਮੈਪਿੰਗ ਦੇ ਇਸ ਅਧੂਰੇ ਕੰਮ ਨੂੰ ਪੂਰਾ ਕਰਨ ਲਈ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਬੀ.ਐਲ.ਓਜ ਵੱਲੋਂ ਆਪਣੇ-ਆਪਣੇ ਪੋਲਿੰਗ ਬੂਥਾਂ 'ਤੇ ਸਪੈਸ਼ਲ ਕੈਂਪ ਲਗਾਏ ਜਾਣੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ



ਜ਼ਿਲ੍ਹਾ ਪਟਿਆਲਾ ਨਾਲ ਸਬੰਧਤ ਸਾਰੇ ਬੂਥ ਲੈਵਲ ਅਫ਼ਸਰਾਂ ਦੁਆਰਾ ਇਹ ਕੈਂਪ ਆਪਣੇ-ਆਪਣੇ ਪੋਲਿੰਗ ਬੂਥਾਂ 'ਤੇ ਲਗਾਏ ਜਾਣੇ ਹਨ। ਇਸ ਅਭਿਆਸ ਦਾ ਮੁੱਖ ਉਦੇਸ਼ ਮੌਜੂਦਾ ਵੋਟਰਾਂ ਦਾ ਸਾਲ 2003 ਦੀ ਵੋਟਰ ਸੂਚੀ ਨਾਲ ਮਿਲਾਣ ਕਰਨਾ ਹੈ ਇਸ ਸਬੰਧੀ ਵੋਟਰਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵੋਟਰ ਜਾਂ ਉਸਦੇ ਕਿਸੇ ਵੀ ਪਰਿਵਾਰਕ ਮੈਂਬਰ ਦੀ ਵੋਟ ਦਾ ਸਾਲ 2003 ਦੀ ਵੋਟਰ ਸੂਚੀ ਨਾਲ ਮਿਲਾਣ ਕਿਸੇ ਕਾਰਨ ਕਰਕੇ ਨਹੀਂ ਹੋ ਰਿਹਾ ਜਾ ਨਹੀਂ ਕੀਤਾ ਗਿਆ ਤਾਂ ਸਬੰਧਤ ਵੋਟਰ ਵੱਲੋਂ ਮਿਤੀ 7 ਜੂਨ (ਦਿਨ ਐਤਵਾਰ) ਨੂੰ ਲਗਾਏ ਜਾ ਰਹੇ ਇਸ ਕੈਂਪ ਵਿੱਚ ਹਾਜਰ ਹੋ ਕੇ ਆਪਣੀ ਵੋਟ ਦਾ ਮਿਲਾਣ ਕਰਨ ਲਈ ਸ਼ਾਮਲ ਹੋਣਾ ਯਕੀਨੀ ਬਣਾਇਆ ਜਾਵੇ।

ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਸ ਦੌਰਾਨ ਵੋਟਰ ਰਜਿਸਟ੍ਰੇਸ਼ਨ ਅਤੇ ਚੋਣ ਭਾਗੀਦਾਰੀ ਪ੍ਰਤੀ ਨੌਜਵਾਨਾਂ ਵਿੱਚ ਜਾਗਰੂਕਤਾ ਪੈਦਾ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਵਿਭਾਗਾਂ ਨੂੰ ਜਾਗਰੂਕਤਾ ਗਤੀਵਿਧੀਆਂ ਅਤੇ ਸਥਾਨਕ ਪਹੁੰਚ ਪ੍ਰੋਗਰਾਮਾਂ ਰਾਹੀਂ ਮੁਹਿੰਮ ਦਾ ਵਿਆਪਕ ਤੌਰ 'ਤੇ ਪ੍ਰਚਾਰ ਕਰਨ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ ਸਾਰੇ ਸਬੰਧਤ ਅਧਿਕਾਰੀਆਂ ਨੂੰ ਨਿਗਰਾਨੀ ਅਤੇ ਰਿਕਾਰਡ ਦੇ ਉਦੇਸ਼ਾਂ ਲਈ ਵਿਸ਼ੇਸ਼ ਕੈਂਪ ਗਤੀਵਿਧੀਆਂ ਦੀਆਂ ਰਿਪੋਰਟਾਂ ਅਤੇ ਫੋਟੋਆਂ ਜ਼ਿਲ੍ਹਾ ਚੋਣ ਦਫ਼ਤਰ ਵਿਖੇ ਜਮ੍ਹਾ ਕਰਵਾਉਣ ਲਈ ਵੀ ਕਿਹਾ ਗਿਆ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਬੰਧੀ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਇਸ ਸਪੈਸ਼ਲ ਇੰਨਟੈਨਸਿਵ ਰਵੀਜ਼ਨ ਦੇ ਕੰਮ ਨੂੰ ਵਧੇਰੇ ਸੁਚੱਜੇ ਢੰਗ ਨਾਲ ਨੇਪਰੇ ਚਾੜਨ ਲਈ ਲੋਕਾਂ ਦੇ ਸਹਿਯੋਗ ਦੀ ਲੋੜ ਹੈ, ਸੋ ਸਾਰੇ ਵੋਟਰਾਂ ਨੂੰ ਅਪੀਲ ਹੈ ਕਿ ਉਹ ਵੋਟਰ ਮੈਪਿੰਗ ਦੀ ਕਿਸੇ ਪ੍ਰਕਾਰ ਦੀ ਜਾਣਕਾਰੀ/ਸੁਝਾਅ ਲਈ ਇਸ ਕੈਂਪ ਵਿੱਚ ਸ਼ਾਮਲ ਹੋਣ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਮੁੱਖ ਚੋਣ ਅਫ਼ਸਰ, ਪੰਜਾਬ ਵੱਲੋਂ ਅਜੇ ਤੱਕ ਵੋਟਰ ਸੂਚੀ ਨਾਲ ਮੈਪ ਨਾ ਕੀਤੇ ਗਏ ਸਾਰੇ ਯੋਗ ਨਾਗਰਿਕਾਂ ਨੂੰ 7 ਜੂਨ, 2026 ਨੂੰ ਨਜ਼ਦੀਕੀ ਨਿਰਧਾਰਤ ਕੈਂਪ ਵਿੱਚ ਜਾਣ ਅਤੇ ਵੋਟਰ ਰਜਿਸਟ੍ਰੇਸ਼ਨ ਅਤੇ ਤਸਦੀਕ ਲਈ ਜ਼ਰੂਰੀ ਰਸਮਾਂ ਪੂਰੀਆਂ ਕਰਨ ਦੀ ਅਪੀਲ ਕੀਤੀ ਗਈ ਹੈ।

# ਇੰਜੀਨੀਅਰ ਪੁੰਨਰਦੀਪ ਸਿੰਘ ਬਰਾੜ ਨੇ ਪੀ.ਐੱਸ.ਪੀ.ਸੀ.ਐੱਲ. ਦੇ ਡਾਇਰੈਕਟਰ/ਜਨਰੇਸ਼ਨ ਵਜੋਂ ਅਹੁਦਾ ਸੰਭਾਲਿਆ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਜੀਨੀਅਰ ਪੁੰਨਰਦੀਪ ਸਿੰਘ ਬਰਾੜ ਨੇ ਸ਼ੁੱਕਰਵਾਰ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਇਸ ਅਹਿਮ ਅਹੁਦੇ 'ਤੇ ਕੀਤੀ ਨਿਯੁਕਤੀ ਤੋਂ ਬਾਅਦ ਡਾਇਰੈਕਟਰ/ਜਨਰੇਸ਼ਨ ਵਜੋਂ ਅਹੁਦਾ ਸੰਭਾਲ ਲਿਆ ਹੈ।



ਇਸ ਅਹੁਦੇ 'ਤੇ ਤਾਇਨਾਤ ਹੋਣ ਤੋਂ ਪਹਿਲਾਂ, ਇੰਜੀਨੀਅਰ ਬਰਾੜ ਲੁਧਿਆਣਾ ਵਿਖੇ ਇੰਜੀਨੀਅਰ-ਇ - ਚੀਫ਼ ਵਜੋਂ ਸੇਵਾ ਨਿਭਾ ਰਹੇ ਸਨ ਅਤੇ ਪੀ.ਐੱਸ.ਪੀ.ਸੀ.ਐੱਲ. ਵਿੱਚ ਸੇਵਾ ਕਰ ਰਹੇ ਚੀਫ਼ ਇੰਜੀਨੀਅਰਾਂ ਵਿੱਚੋਂ ਸਭ ਤੋਂ ਸੀਨੀਅਰ ਸਨ। ਬਿਜਲੀ ਖੇਤਰ ਵਿੱਚ 34 ਸਾਲਾਂ ਤੋਂ ਵੱਧ ਦੇ ਤਜਰਬੇ ਦੇ ਨਾਲ, ਉਹ ਇਸ ਅਹੁਦੇ ਲਈ ਵਿਆਪਕ ਤਕਨੀਕੀ ਅਤੇ ਪ੍ਰਸ਼ਾਸਨਿਕ ਮਾਹਰਤਾ ਰੱਖਦੇ ਹਨ।

ਅਹੁਦਾ ਸੰਭਾਲਣ ਤੋਂ ਬਾਅਦ, ਇੰਜੀਨੀਅਰ ਬਰਾੜ ਨੇ ਉਨ੍ਹਾਂ ਵਿੱਚ ਭਰੋਸਾ ਪ੍ਰਗਟਾਉਣ ਅਤੇ ਇਹ ਜ਼ਿੰਮੇਵਾਰੀ ਸੌਂਪਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਸੈਕਟਰੀ ਪਾਵਰ-ਕਮ-ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ (ਸੀ.ਐੱਮ.ਡੀ.) ਪੀ.ਐੱਸ.ਪੀ.ਸੀ.ਐੱਲ. ਡਾ. ਬਸੰਤ ਗਰਗ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਅਤੇ ਸੂਬੇ ਦੇ ਬਿਜਲੀ ਉਤਪਾਦਨ (ਜਨਰੇਸ਼ਨ) ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਤਨਦੇਹੀ ਨਾਲ ਕੰਮ ਕਰਨ ਦਾ ਯਤਨ ਕਰਨਗੇ।

ਬਰਾੜ ਨੇ ਕਿਹਾ ਕਿ ਉਨ੍ਹਾਂ ਦੀ ਮੁੱਖ ਤਰਜੀਹ ਝੋਨੇ ਦੇ ਸੀਜ਼ਨ ਦੌਰਾਨ, ਜਦੋਂ ਬਿਜਲੀ ਦੀ ਮੰਗ ਵਿੱਚ ਭਾਰੀ ਵਾਧਾ ਹੁੰਦਾ ਹੈ, ਪੰਜਾਬ ਦੇ ਥਰਮਲ ਅਤੇ ਹਾਈਡਲ (ਪਣ-ਬਿਜਲੀ) ਪਾਵਰ ਸਟੇਸ਼ਨਾਂ ਦੇ ਨਿਰਵਿਘਨ ਸੰਚਾਲਨ ਨੂੰ ਯਕੀਨੀ ਬਣਾਉਣਾ ਹੋਵੇਗੀ।

ਜ਼ਿਕਰਯੋਗ ਹੈ ਕਿ ਉਹ ਖੇਤੀਬਾੜੀ ਸੀਜ਼ਨ ਦੌਰਾਨ ਕਿਸਾਨਾਂ ਨੂੰ ਦਿਨ ਵੇਲੇ ਨਿਰਵਿਘਨ ਅੱਠ ਘੰਟੇ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਪੀ.ਐੱਸ.ਪੀ.ਸੀ.ਐੱਲ. ਵੱਲੋਂ ਗਠਿਤ ਕੀਤੀ ਗਈ ਟੀਮ ਦੇ ਮੈਂਬਰ ਵੀ ਸਨ। ਬਿਜਲੀ ਖੇਤਰ ਵਿੱਚ ਉਨ੍ਹਾਂ ਦੇ ਵਿਆਪਕ ਤਜਰਬੇ ਨਾਲ ਪੂਰੇ ਸੂਬੇ ਵਿੱਚ ਭਰੋਸੇਯੋਗ ਅਤੇ ਕੁਸ਼ਲ ਬਿਜਲੀ ਸੇਵਾਵਾਂ ਪ੍ਰਦਾਨ ਕਰਨ ਦੇ ਪੀ.ਐੱਸ.ਪੀ.ਸੀ.ਐੱਲ. ਦੇ ਯਤਨਾਂ ਨੂੰ ਹੋਰ ਮਜ਼ਬੂਤੀ ਮਿਲਣ ਦੀ ਉਮੀਦ ਹੈ।

ਫਰੀਦਕੋਟ ਦੇ ਰਹਿਣ ਵਾਲੇ ਇੰਜੀਨੀਅਰ ਬਰਾੜ ਨੇ ਆਪਣੇ ਲੰਬੇ ਕਰੀਅਰ ਦੌਰਾਨ ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਨਿਭਾਈਆਂ ਹਨ ਅਤੇ ਉਨ੍ਹਾਂ ਕੋਲ ਪੀ.ਐੱਸ.ਪੀ.ਸੀ.ਐੱਲ. ਦੇ ਥਰਮਲ ਜਨਰੇਸ਼ਨ, ਡਿਸਟ੍ਰੀਬਿਊਸ਼ਨ, ਇਨਫੋਰਸਮੈਂਟ, ਮਟੀਰੀਅਲ ਸਰਵਿਸਿਜ਼ ਅਤੇ ਕਮਰਸ਼ੀਅਲ ਆਰਗੇਨਾਈਜ਼ੇਸ਼ਨ ਵਿੱਚ ਕੰਮ ਕਰਨ ਦਾ ਵਧੀਆ ਤਜਰਬਾ ਹੈ।

ਉਨ੍ਹਾਂ ਦੀ ਇਸ ਨਿਯੁਕਤੀ ਨੂੰ ਪੰਜਾਬ ਵਿੱਚ ਕਾਰਜਕੁਸ਼ਲਤਾ ਵਧਾਉਣ ਅਤੇ ਬਿਜਲੀ ਸਪਲਾਈ ਪ੍ਰਣਾਲੀ ਨੂੰ ਮਜ਼ਬੂਤ ਕਰਨ ਵੱਲ ਇੱਕ ਅਹਿਮ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

# ਸੀ ਟੀ ਯੂਨੀਵਰਸਿਟੀ ਨੂੰ 'ਐਕਸੀਲੈਂਸ ਇਨ ਕਰੀਅਰ ਟ੍ਰਾਂਸਫਾਰਮੇਸ਼ਨ ਐਵਾਰਡ' ਨਾਲ ਸਨਮਾਨ




**ਲੁਧਿਆਣਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਟੀ ਯੂਨੀਵਰਸਿਟੀ ਨੂੰ ਜੀ ਪੰਜਾਬ ਹਰਿਆਣਾ ਹਿਮਾਚਲ ਐਜੂਕੇਸ਼ਨ ਐਕਸੀਲੈਂਸ ਕਾਨਫਲੈਵ 2026 ਦੌਰਾਨ 'ਐਕਸੀਲੈਂਸ ਇਨ ਕਰੀਅਰ ਟ੍ਰਾਂਸਫਾਰਮੇਸ਼ਨ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ।

ਇਹ ਸਨਮਾਨ ਵਿਦਿਆਰਥੀਆਂ ਨੂੰ ਸਿੱਖਿਆ ਤੋਂ ਰੁਜ਼ਗਾਰ ਅਤੇ ਕਰੀਅਰ ਮੌਕਿਆਂ ਤੱਕ ਸਫਲਤਾਪੂਰਵਕ ਪਹੁੰਚਾਉਣ ਅਤੇ ਸਿੱਖਿਆ-ਉਦਯੋਗ ਸਾਂਝ ਨੂੰ ਮਜ਼ਬੂਤ ਕਰਨ ਲਈ ਦਿੱਤਾ ਗਿਆ।

ਇਹ ਐਵਾਰਡ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਭੇਂਟ ਕੀਤਾ ਗਿਆ। ਯੂਨੀਵਰਸਿਟੀ ਨੇ ਹੁਨਰ ਵਿਕਾਸ, ਉਦਯੋਗ-ਅਨੁਕੂਲ ਪਾਠਕ੍ਰਮ, ਉਦਯਮਤਾ, ਇਨਕਿਊਬੇਸ਼ਨ ਸਹਾਇਤਾ ਅਤੇ ਮਜ਼ਬੂਤ ਪਲੇਸਮੈਂਟ ਪ੍ਰੋਗਰਾਮਾਂ ਰਾਹੀਂ ਵਿਦਿਆਰਥੀਆਂ ਦੀ ਰੋਜ਼ਗਾਰਯੋਗਤਾ ਵਧਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ।

ਚਾਂਸਲਰ ਚਰਨਜੀਤ ਸਿੰਘ ਚੰਨੀ ਅਤੇ ਪ੍ਰੋ-ਚਾਂਸਲਰ ਡਾ. ਮਨਬੀਰ ਸਿੰਘ ਨੇ ਇਸ ਉਪਲਬਧੀ ਨੂੰ ਵਿਦਿਆਰਥੀਆਂ, ਅਧਿਆਪਕਾਂ, ਐਲਮਨਾਈ ਅਤੇ ਉਦਯੋਗਿਕ ਭਾਈਵਾਲਾਂ ਨੂੰ ਸਮਰਪਿਤ ਕਰਦਿਆਂ ਕਿਹਾ ਕਿ ਇਹ ਸਨਮਾਨ ਉੱਚ ਗੁਣਵੱਤਾ ਵਾਲੀ, ਕਰੀਅਰ-ਕੇਂਦਰਿਤ ਸਿੱਖਿਆ ਪ੍ਰਦਾਨ ਕਰਨ ਦੀ ਯੂਨੀਵਰਸਿਟੀ ਦੀ ਵਚਨਬੱਧਤਾ ਦਾ ਪ੍ਰਤੀਕ ਹੈ।

# ਡਿਪਟੀ ਕਮਿਸ਼ਨਰ ਨੇ ਜਨਗਣਨਾ-2027 ਦੇ ਪਹਿਲੇ ਪੜਾਅ ਦਾ ਲਿਆ ਜਾਇਜ਼ਾ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸਸ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਜਨਗਣਨਾ-2027 ਦੇ ਪਹਿਲੇ ਪੜਾਅ ਹੇਠ ਚੱਲ ਰਹੇ ਕੰਮ ਦਾ ਜਾਇਜ਼ਾ ਲੈਂਦਿਆਂ ਸਮੂਹ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਨੂੰ ਅੰਕੜਿਆਂ ਦੀ ਸਟੀਕਤਾ, ਸੰਪੂਰਨਤਾ ਅਤੇ ਉੱਚ ਗੁਣਵੱਤਾ ਨੂੰ ਕਾਇਮ ਰੱਖਣ ਦੇ ਨਾਲ-ਨਾਲ ਨਿਰਧਾਰਿਤ ਸਮੇਂ ਵਿੱਚ ਕੰਮ ਮੁਕੰਮਲ ਕਰਨ ਦੀ ਹਦਾਇਤ ਕੀਤੀ।



ਇਸ ਮੌਕੇ ਡਿਪਟੀ ਕਮਿਸ਼ਨਰ ਨੇ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ਼ੁਰੂ ਕੀਤੇ ਗਏ ਡਰੱਗ ਅਤੇ ਸਮਾਜਿਕ-ਆਰਥਿਕ ਸਰਵੇਖਣ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਹਲਕਾ-ਵਾਰ ਨਿਰੀਖਣ ਕਰਦਿਆਂ ਕਿਹਾ ਕਿ ਇਸ ਤਹਿਤ ਜ਼ਿਲ੍ਹੇ ਦੇ 1787 ਬੂਥਾਂ 'ਤੇ ਸਰਵੇਖਣ ਕਰਵਾਇਆ ਜਾ ਰਿਹਾ ਹੈ, ਜਿਸ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

ਡਾ. ਹਿਮਾਂਸ਼ੂ ਅਗਰਵਾਲ ਨੇ ਬੈਠਕ ਦੌਰਾਨ ਦੱਸਿਆ ਕਿ ਜਨਗਣਨਾ-2027 ਦੇ ਪਹਿਲੇ ਪੜਾਅ ਤਹਿਤ 15 ਮਈ ਤੋਂ 13 ਜੂਨ 2026 ਤੱਕ ਹਾਊਸ ਲਿਸਟਿੰਗ ਕਾਰਜ ਵਜੋਂ ਚੱਲ ਰਿਹਾ ਹੈ, ਜਿਸ ਤਹਿਤ ਗਿਣਤੀਕਾਰ ਲੋਕਾਂ ਦੇ ਘਰ-ਘਰ ਜਾ ਕੇ ਹਾਊਸ ਲਿਸਟਿੰਗ ਦਾ ਕੰਮ ਕਰ ਰਹੇ ਹਨ ਅਤੇ ਨਾਗਰਿਕਾਂ ਤੋਂ 33 ਸਵਾਲਾਂ ਸਬੰਧੀ ਜਾਣਕਾਰੀ ਇਕੱਤਰ ਕਰ ਰਹੇ ਹਨ। ਉਨ੍ਹਾਂ ਨੇ ਦੇਵੀਗੜ੍ਹ ਅਤੇ ਰਾਜਪੁਰਾ ਵਿੱਚ ਕੀਤੇ ਗਏ ਚੰਗੇ ਕੰਮ ਲਈ ਸਬੰਧਤ ਚਾਰਜ ਅਧਿਕਾਰੀਆਂ ਦੀ ਪ੍ਰਸ਼ੰਸਾ ਕਰਦਿਆਂ ਬਾਕੀ ਅਧਿਕਾਰੀਆਂ ਨੂੰ ਵੀ ਕੰਮ ਵਿੱਚ ਹੋਰ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਵਧੀਆ ਕੰਮ ਕਰਨ ਵਾਲੇ ਗਿਣਤੀਕਾਰਾਂ ਅਤੇ ਚਾਰਜ ਅਫ਼ਸਰਾਂ ਦਾ ਸਨਮਾਨ ਵੀ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਨਗਣਨਾ-2027 ਦੇ ਪਹਿਲੇ ਪੜਾਅ ਦੌਰਾਨ ਇਕੱਤਰ ਕੀਤੇ ਜਾ ਰਹੇ ਡੇਟਾ ਦੀ ਸਟੀਕਤਾ, ਸੰਪੂਰਨਤਾ ਅਤੇ ਉੱਚ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਅਤੇ ਚਾਰਜ ਪੱਧਰ 'ਤੇ ਨਿਯਮਤ ਤੌਰ 'ਤੇ ਚੈਕਿੰਗ ਕੀਤੀ ਜਾ ਰਹੀ ਹੈ।

ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜਨਗਣਨਾ ਦੇ ਅੰਕੜੇ ਇਕੱਠੇ ਕਰਨ ਦੇ ਕੰਮ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਲਗਭਗ 3000 ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਦਾ ਸਟਾਫ਼ ਜ਼ਮੀਨੀ ਪੱਧਰ 'ਤੇ ਤਾਇਨਾਤ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਕਰਵਾਏ ਜਾ ਰਹੇ ਜਨਗਣਨਾ ਦੇ ਇਸ ਮਹੱਤਵਪੂਰਨ ਕਾਰਜ ਵਿੱਚ ਪੂਰਨ ਸਹਿਯੋਗ ਕਰਨ।

ਬੈਠਕ ਦੌਰਾਨ ਜ਼ਿਲ੍ਹੇ ਦੇ ਸੈਂਸਸ ਨੋਡਲ ਅਫ਼ਸਰ ਅਤੇ ਏ.ਡੀ.ਸੀ. (ਪੇਂਡੂ ਵਿਕਾਸ) ਦਮਨਜੀਤ ਸਿੰਘ ਮਾਨ, ਏ.ਡੀ.ਸੀ. (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਮਨਰੀਤ ਰਾਣਾ, ਸਮੂਹ ਐਸ.ਡੀ.ਐਮਜ਼, ਉਪ ਅਰਥ ਅਤੇ ਅੰਕੜਾ ਸਲਾਹਕਾਰ-ਕਮ-ਵਧੀਕ ਜ਼ਿਲ੍ਹਾ ਸੈਂਸਸ ਅਫ਼ਸਰ ਜਸਵਿੰਦਰ ਕੌਰ, ਸੁਪਰਵਾਈਜ਼ਰ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਪੀ.ਡੀ.ਏ. ਅਥਾਰਟੀ ਵਲੋਂ ਅਣ-ਅਧਿਕਾਰਤ ਕਲੋਨੀਆਂ ਨੂੰ ਰੋਕਣ ਦੀ ਕਾਰਵਾਈ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਡਿਵੈਲਪਮੈਂਟ ਅਥਾਰਿਟੀ, ਪਟਿਆਲਾ (ਪੀ.ਡੀ.ਏ.) ਦੇ ਮੁੱਖ ਪ੍ਰਸ਼ਾਸਕ ਅਪਰਨਾ ਐਮ.ਬੀ. ਨੇ ਦੱਸਿਆ ਹੈ ਕਿ ਪੀ.ਡੀ.ਏ ਵਲੋਂ ਜਿਲ੍ਹਾ ਪਟਿਆਲਾ ਅੰਦਰ ਬਿਨਾਂ ਪ੍ਰਵਾਨਗੀ ਦੇ ਹੋਂਦ ਵਿਚ ਆਈਆਂ ਅਣ-ਅਧਿਕਾਰਤ ਕਲੋਨੀਆਂ ਵਿਰੁੱਧ ਪਾਪਰਾ ਐਕਟ, 1995 ਦੀਆਂ ਧਾਰਾਵਾਂ ਤਹਿਤ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ।



ਮੁੱਖ ਪ੍ਰਸ਼ਾਸਕ ਨੇ ਦੱਸਿਆ ਕਿ ਇਸ ਸਬੰਧੀ ਕਈ ਅਣ-ਅਧਿਕਾਰਤ ਕਲੋਨੀਆਂ ਨੂੰ ਢਾਹੁਣ ਦੀ ਕਾਰਵਾਈ ਕੀਤੀ ਗਈ ਹੈ ਅਤੇ ਸਬੰਧਤ ਸਬ-ਰਜਿਸਟਰਾਰਾਂ ਨੂੰ ਇਨਾਂ 100 ਤੋਂ ਜ਼ਿਆਦਾ ਅਣ-ਅਧਿਕਾਰਤ ਕਲੋਨੀਆਂ ਵਿਚ ਪਲਾਟਾਂ ਦੀਆਂ ਰਜਿਸਟਰੀਆਂ ਦਰਜ ਨਾ ਕਰਨ ਸਬੰਧੀ ਵੀ ਲਿਖਿਆ ਗਿਆ ਹੈ।

ਅਪਰਨਾ ਐਮ.ਬੀ. ਨੇ ਅੱਗੇ ਦੱਸਿਆ ਕਿ ਕਲੋਨੀਕਾਰਾਂ, ਪ੍ਰੋਮੋਟਰਾਂ ਵਲੋਂ ਇਨਾਂ ਅਣ-ਅਧਿਕਾਰਤ ਕਲੋਨੀਆਂ ਵਿਚ ਬੁਨਿਆਦੀ ਸਹੂਲਤਾਂ ਜਿਵੇਂ ਕਿ ਪਾਣੀ, ਸੀਵਰੇਜ, ਬਿਜਲੀ ਦੀ ਸਹੂਲਤਾਂ ਪ੍ਰਦਾਨ ਨਹੀਂ ਕੀਤੀ ਜਾਂਦੀਆਂ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਮਿਹਨਤ ਦੀ ਕਮਾਈ ਇਨਾਂ ਅਣ-ਅਧਿਕਾਰਤ ਕਲੋਨੀਆਂ ਵਿਚ ਨਾ ਲਗਾਉਣ ਅਤੇ ਇਨਾਂਅਣ-ਅਧਿਕਾਰਤ ਕਲੋਨੀਆ ਵਿਚ ਪੈਂਦੇ ਪਲਾਟਾਂ ਦੀ ਕੋਈ ਖਰੀਦੋ-ਫਰੋਖਤ ਨਾ ਕਰਨ।

ਪੀ.ਡੀ.ਏ ਦੇ ਮੁੱਖ ਪ੍ਰਸ਼ਾਸਕ ਨੇ ਲੋਕਾਂ ਨੂੰ ਸੂਚਿਤ ਕੀਤਾ ਕਿ ਇਨ੍ਹਾਂ ਅਣ-ਅਧਿਕਾਰਤ ਕਲੋਨੀਆਂ ਵਿਚ ਪੈਂਦੇ ਪਲਾਟਾਂ ਨੂੰ ਪੀਡੀਏ ਦਫਤਰ ਵਲੋਂ ਐਨ.ਓ.ਸੀ. ਜਾਰੀ ਨਹੀਂ ਕੀਤੇ ਜਾਂਦੇ। ਇਹਨਾਂ ਅਣ-ਅਧਿਕਾਰਤ ਕਲੋਨੀਆਂ ਦੀ ਸਾਰੀ ਸੂਚੀ ਪੀ.ਡੀ.ਏ. ਪਟਿਆਲਾ ਦਫਤਰ ਦੀ ਵੈਬਸਾਈਟ https://www.pdapatiala.in/ ਉਪਰ ਵੀ ਵੇਖੀ ਜਾ ਸਕਦੀ ਹੈ।

ਉਨ੍ਹਾਂ ਨੇ ਅਜਿਹੇ ਕਲੋਨੀਕਾਰਾਂ ਅਤੇ ਪ੍ਰੋਮੋਟਰਾਂ ਨੂੰ ਵੀ ਸੁਚੇਤ ਕੀਤਾ ਹੈ ਕਿ ਉਹ ਕਿਸੇ ਤਰ੍ਹਾਂ ਦੀ ਕਲੋਨੀ ਡਿਵੈਲਪ ਕਰਨ ਤੋਂ ਪਹਿਲਾਂ ਪੁੱਡਾ ਦੇ ਨਿਯਮਾਂ ਅਨੁਸਾਰ ਸਮਰੱਥ ਅਧਿਕਾਰੀ ਤੋਂ ਲਾਇਸੈਂਸ ਪ੍ਰਾਪਤ ਕਰਨ, ਨਹੀਂ ਤਾਂ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਅਣ-ਅਧਿਕਾਰਤ ਕਲੋਨੀ ਨੂੰ ਢਾਹ ਦਿੱਤਾ ਜਾਵੇਗਾ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਖੇਤ ਬਚਾਓ ਅਭਿਆਨ ਤਹਿਤ ਖਾਦ ਅਤੇ ਕੀਟਨਾਸ਼ਕ ਵਿਕਰੇਤਾਵਾਂ ਨਾਲ ਵਿਚਾਰ ਗੋਸ਼ਟੀ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਦੇ ਯਤਨਾਂ ਸਦਕਾ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਟਿਆਲਾ ਦੇ ਸਹਿਯੋਗ ਨਾਲ ਕੇ.ਵੀ.ਕੇ ਵਿਖੇ ਟਰੇਨਿੰਗ ਅਤੇ ਵਿਚਾਰ ਗੋਸ਼ਟੀ ਕਰਵਾਈ ਗਈ। ਇਸ ਵਿਚ ਜ਼ਿਲ੍ਹਾ ਪਟਿਆਲਾ ਦੇ 50 ਤੋਂ ਵੱਧ ਖਾਦ ਅਤੇ ਕੀਟਨਾਸ਼ਕ ਵਿਕਰੇਤਾਵਾਂ ਨੇ ਭਾਗ ਲਿਆ। ਇਸ ਪ੍ਰੋਗਰਾਮ ਵਿਚ ਮੁੱਖ ਖੇਤੀਬਾੜੀ ਅਫ਼ਸਰ ਡਾ. ਦਾਰਾ ਸਿੰਘ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕੱਤ ਕੀਤੀ ਅਤੇ ਮਿੱਟੀ ਦੀ ਸਿਹਤ ਦੇ ਨਾਲ-ਨਾਲ ਮਨੁੱਖੀ ਸਿਹਤ ਦੀ ਸੰਭਾਲ ਤੇ ਜ਼ੋਰ ਦਿੰਦਿਆਂ ਖਾਦਾਂ ਅਤੇ ਕੀਟਨਾਸ਼ਕਾਂ ਦੀ ਸੁਚੱਜੀ ਵਰਤੋਂ ਦਾ ਸੁਨੇਹਾ ਦਿੱਤਾ।

ਡਾ. ਹਰਦੀਪ ਸਿੰਘ ਸਭਿਖੀ ਨੇ ਕਿਸਾਨਾਂ ਨੂੰ ਝੋਨੇ ਦੇ ਮਧਰੇ ਬੂਟਿਆਂ ਦੇ ਵਿਸ਼ਾਣੂ ਰੋਗ ਤੋਂ ਬਚਾਅ ਲਈ ਨਰਸਰੀ ਅਤੇ ਖੇਤ ਵਿੱਚ ਚਿੱਟੀ ਪਿੱਠ ਵਾਲੇ ਟਿੱਡੇ ਦੀ ਨਿਗਰਾਨੀ ਅਤੇ ਇਸ ਦੇ ਸਮੇਂ ਸਿਰ ਪ੍ਰਬੰਧਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸਹਾਇਕ ਪ੍ਰੋਫੈਸਰ, ਫ਼ਸਲ ਵਿਗਿਆਨ ਡਾ. ਗੁਰਪ੍ਰੀਤ ਸਿੰਘ ਨੇ ਕਿਸਾਨਾਂ ਨੂੰ ਖੇਤੀ ਦੀ ਲਾਗਤ ਘਟਾਉਣ ਅਤੇ ਜ਼ਮੀਨ ਦੀ ਸਿਹਤ ਸੁਧਾਰਨ ਵਾਸਤੇ ਰੂੜੀ, ਫਸਲੀ ਰਹਿੰਦ-ਖੂੰਹਦ, ਜੀਵਾਣੂ ਖਾਦਾਂ ਅਤੇ ਹਰੀ ਖਾਦ ਦੀ ਵਰਤੋਂ ਲਾਜ਼ਮੀ ਤੌਰ 'ਤੇ ਕਰਨ ਦੀ ਸਲਾਹ ਦਿੱਤੀ।

# ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਬਰਸਾਤੀ ਮੌਸਮ ਤੋਂ ਪਹਿਲਾਂ ਤਿਆਰੀਆਂ ਯਕੀਨੀ ਬਣਾਉਣ ਲਈ ਡੀ.ਸੀ. ਦੀ ਸਖ਼ਤ ਚੇਤਾਵਨੀ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਬਰਸਾਤੀ ਮੌਸਮ ਦੌਰਾਨ ਹੜ੍ਹਾਂ ਵਰਗੀ ਸੰਭਾਵਿਤ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਗੰਭੀਰਤਾ ਨਾਲ ਜਾਇਜ਼ਾ ਲੈਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਸਾਰੇ ਸੰਬੰਧਿਤ ਵਿਭਾਗਾਂ ਨੂੰ ਸਪਸ਼ਟ ਅਤੇ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਬਰਸਾਤਾਂ ਤੋਂ ਪਹਿਲਾਂ ਹਰ ਤਰ੍ਹਾਂ ਦੀ ਤਿਆਰੀ ਹਰ ਹਾਲਤ ਵਿੱਚ ਮੁਕੰਮਲ ਕੀਤੀ ਜਾਵੇ, ਨਹੀਂ ਤਾਂ ਸਬੰਧਤ ਅਧਿਕਾਰੀ ਦੀ ਜ਼ਿੰਮੇਵਾਰੀ ਨਿਰਧਾਰਿਤ ਕੀਤੀ ਜਾਵੇਗੀ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸਾਰੇ ਅਧਿਕਾਰੀ ਆਪਣੀਆਂ ਡਿਊਟੀਆਂ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਭਾਉਣ। ਉਨ੍ਹਾਂ ਸਮੂਹ ਐਸ.ਡੀ.ਐਮਜ਼ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਆਪਣੇ ਅਧੀਨ ਆਉਂਦੇ ਉਹਨਾਂ ਖੇਤਰਾਂ ਦਾ ਤੁਰੰਤ ਦੌਰਾ ਕੀਤਾ ਜਾਵੇ ਜਿੱਥੇ ਬਰਸਾਤ ਦੌਰਾਨ ਪਾਣੀ ਖੜ੍ਹਾ ਰਹਿਣ ਜਾਂ ਹੜ੍ਹ ਵਰਗੀ ਸਥਿਤੀ ਬਣਨ ਦੀ ਸੰਭਾਵਨਾ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਹਾਟ-ਸਪਾਟ ਖੇਤਰਾਂ ਵਿੱਚ ਪ੍ਰਬੰਧਾਂ ਦੀ ਖੁਦ ਨਿਗਰਾਨੀ ਕੀਤੀ ਜਾਵੇ ਅਤੇ ਲਗਾਤਾਰ ਰਿਵਿਊ ਕੀਤਾ ਜਾਵੇ, ਕਿਸੇ ਵੀ ਕਮੀ ਲਈ ਸੰਬੰਧਿਤ ਅਧਿਕਾਰੀ ਨੂੰ ਸਿੱਧਾ ਜਵਾਬਦੇਹ ਠਹਿਰਾਇਆ ਜਾਵੇਗਾ। ਡੀ ਸੀ ਨੇ ਡਰੇਨ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸਖ਼ਤ ਤੌਰ 'ਤੇ ਆਦੇਸ਼ ਦਿੱਤੇ ਕਿ ਸੀਵਰੇਜ ਪ੍ਰਣਾਲੀ ਦੀ ਸਫਾਈ ਤੁਰੰਤ ਅਤੇ ਪੂਰੀ ਤਰ੍ਹਾਂ ਮੁਕੰਮਲ ਕੀਤੀ ਜਾਵੇ। ਇਸ ਕੰਮ ਵਿੱਚ ਕਿਸੇ ਵੀ ਕਿਸਮ ਦੀ ਦੇਰੀ ਜਾਂ ਲਾਪਰਵਾਹੀ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸਦੇ ਨਾਲ ਹੀ ਬਿਜਲੀ ਬੋਰਡ ਦੇ ਅਧਿਕਾਰੀਆਂ ਨੂੰ ਢਿੱਲੀਆਂ ਅਤੇ ਖਤਰਨਾਕ ਬਿਜਲੀ ਤਾਰਾਂ ਨੂੰ ਤੁਰੰਤ ਠੀਕ ਕਰਨ ਅਤੇ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਸਖ਼ਤ ਨਿਰਦੇਸ਼ ਦਿੱਤੇ ਗਏ।

ਡਿਪਟੀ ਕਮਿਸ਼ਨਰ ਨੇ ਖੇਤੀਬਾੜੀ ਵਿਭਾਗ ਨੂੰ ਵੀ ਆਦੇਸ਼ ਦਿੱਤੇ ਕਿ ਪਸ਼ੂਆਂ ਲਈ ਹਰੇ ਚਾਰੇ ਦੀ ਉਪਲਬਧਤਾ ਨੂੰ ਹਰ ਹਾਲਤ ਵਿੱਚ ਯਕੀਨੀ ਬਣਾਇਆ ਜਾਵੇ ਅਤੇ ਇਸ ਸੰਬੰਧੀ ਲੋੜੀਂਦੇ ਪ੍ਰਬੰਧ ਤੁਰੰਤ ਕੀਤੇ ਜਾਣ।

ਸਿਹਤ ਸੇਵਾਵਾਂ ਸੰਬੰਧੀ ਉਨ੍ਹਾਂ ਸਿਵਲ ਸਰਜਨ ਦਫ਼ਤਰ ਨੂੰ ਸਪਸ਼ਟ ਹਦਾਇਤਾਂ ਦਿੱਤੀਆਂ ਕਿ ਬਰਸਾਤੀ ਮੌਸਮ ਦੌਰਾਨ ਮੈਡੀਕਲ ਟੀਮਾਂ ਨੂੰ ਪੂਰੀ ਤਰ੍ਹਾਂ ਤਿਆਰ ਰੱਖਿਆ ਜਾਵੇ ਅਤੇ ਦਵਾਈਆਂ ਦਾ ਪੂਰਾ ਸਟਾਕ ਹਰ ਸਮੇਂ ਉਪਲਬਧ ਹੋਣਾ ਚਾਹੀਦਾ ਹੈ। ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਤੁਰੰਤ ਅਤੇ ਪ੍ਰਭਾਵਸ਼ਾਲੀ ਸਿਹਤ ਸੇਵਾਵਾਂ ਯਕੀਨੀ ਬਣਾਈਆਂ ਜਾਣ।ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਨੇ ਡੀ.ਆਰ.ਓ ਦਫ਼ਤਰ ਨੂੰ ਜ਼ਿਲ੍ਹੇ ਦੇ ਸਾਰੇ ਸ਼ੈਲਟਰ ਹੋਮਾਂ ਦੀ ਅਪਡੇਟ ਲਿਸਟ ਤੁਰੰਤ ਤਿਆਰ ਕਰਨ ਲਈ ਕਿਹਾ ਅਤੇ ਡੀ.ਐਫ.ਐਸ.ਸੀ ਵਿਭਾਗ ਨੂੰ ਹੜ੍ਹਾਂ ਦੀ ਸਥਿਤੀ ਵਿੱਚ ਵਰਤੋਂ ਲਈ ਰਾਖਵੇਂ ਖਾਣ-ਪੀਣ ਦੇ ਸਮਾਨ ਦੀ ਪੂਰੀ ਜਾਣਕਾਰੀ ਤੁਰੰਤ ਜਮ੍ਹਾਂ ਕਰਵਾਉਣ ਦੇ ਨਿਰਦੇਸ਼ ਦਿੱਤੇ।

# ਸੀ.ਐਚ.ਸੀ. ਟੀਮ ਮਾਛੀਵਾੜਾ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਸਬੰਧੀ ਜਾਗਰੂਕਤਾ



ਐਸ. ਐਮ. ਓ. ਡਾ. ਲਖਵਿੰਦਰ ਸਿੰਘ ਵਿਸ਼ਵ ਵਾਤਾਵਰਣ ਦਿਵਸ ਮੌਕੇ ਬੂਟਾ ਲਾਉਂਦੇ ਹੋਏ।

**ਮਾਛੀਵਾੜਾ ਸਾਹਿਬ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਲਖਵਿੰਦਰ ਸਿੰਘ ਦੀ ਅਗਵਾਈ ਹੇਠ ਸੀ .ਐਚ. ਸੀ. ਮਾਛੀਵਾੜਾ ਸਾਹਿਬ ਅਤੇ ਇਸ ਅਧੀਨ ਆਉਂਦੇ ਸਿਹਤ ਕੇਂਦਰਾਂ ਵਿੱਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ।

ਐਸ.ਐਮ. ਓ. ਡਾ. ਲਖਵਿੰਦਰ ਸਿੰਘ ਨੇ ਕਿਹਾ ਕਿ ਵਾਤਾਵਰਣ ਦਾ ਸਿੱਧਾ ਸਬੰਧ ਸਾਡੀ ਸਿਹਤ ਨਾਲ ਜੁੜਿਆ ਹੈ ਜੇ ਵਾਤਾਵਰਣ ਠੀਕ ਰਹੇਗਾ ਤਾਂ ਸਾਡੀ ਸਿਹਤ ਵੀ ਠੀਕ ਰਹੇਗੀ.

ਇਸ ਲਈ ਵਾਤਾਵਰਣ ਦੀ ਸਾਂਭ ਸੰਭਾਲ ਬਹੁਤ ਜਰੂਰੀ ਹੈ। ਪਰਦੀਪ ਸਿੰਘ ਬਲਾਕ ਐਜੂਕੇਟਰ ਨੇ ਕਿਹਾ ਕਿ ਸਾਨੂੰ ਸਭ ਨੂੰ ਰੁੱਖ ਲਾਉਣੇ ਚਾਹੀਦੇ ਹਨ ਅਤੇ ਸਾਂਭਣੇ ਚਾਹੀਦੇ ਹਨ ।ਉਹਨਾਂ ਕਿਹਾ ਕਿ ਰੁੱਖਾਂ ਨੂੰ ਲਗਾ ਕੇ ਛੱਡਣ ਨਾਲ ਵਾਤਾਵਰਨ ਸਹੀ ਨਹੀਂ ਹੋਵੇਗਾ ਬਲਕਿ ਜੋ ਰੁੱਖ ਲਗਾਏ ਜਾਂਦੇ ਹਨ ਉਹਨਾਂ ਦਾ ਪਾਲਣ ਪੋਸ਼ਣ ਰੁੱਖ ਦੇ ਜਵਾਨ ਹੋਣ ਤੱਕ ਕਰਨਾ ਸਾਡਾ ਮੁੱਢਲਾ ਫਰਜ਼ ਹੋਣਾ ਚਾਹੀਦਾ ਹੈ॥

ਇਸ ਮੌਕੇ ਡਾ. ਸਤਵਿੰਦਰ ਕੌਰ ,ਡਾ.ਰਸ਼ਪਾਲ ਸਿੰਘ, ਪਰਮਵੀਰ ਸਿੰਘ ਮਲਟੀਪਰਪਜ ਹੈਲਥ ਸੁਪਰਵਾਈਜਰ ਮੇਲ ਸਰਬਜੀਤ ਸਿੰਘ ਬੀ. ਐਸ. ਏ. ਤੋਂ ਇਲਾਵਾ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਭਾਸ਼ਾ ਵਿਭਾਗ ਵੱਲੋਂ ਉਰਦੂ ਆਮੋਜ਼ ਕੋਰਸ ਜੁਲਾਈ ਤੋਂ ਸ਼ੁਰੂ

**ਲੁਧਿਆਣਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਉਰਦੂ ਸਿੱਖਣ ਦੇ ਚਾਹਵਾਨਾਂ ਲਈ ਉਰਦੂ ਆਮੋਜ਼ ਕੋਰਸ ਦਾ ਨਵਾਂ ਸੈਸ਼ਨ ਜੁਲਾਈ 2026 ਤੋਂ ਜ਼ਿਲ੍ਹਾ ਭਾਸ਼ਾ ਦਫ਼ਤਰ, ਪੰਜਾਬੀ ਭਵਨ, ਲੁਧਿਆਣਾ ਵਿਖੇ ਸ਼ੁਰੂ ਕੀਤਾ ਜਾ ਰਿਹਾ ਹੈ।

ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੰਦੀਪ ਸ਼ਰਮਾ ਨੇ ਦੱਸਿਆ ਕਿ 6 ਮਹੀਨੇ ਦੇ ਇਸ ਕੋਰਸ ਲਈ ਕੇਵਲ 500 ਰੁਪਏ ਪ੍ਰੀਖਿਆ ਫੀਸ ਲਈ ਜਾਵੇਗੀ ਅਤੇ ਕਿਸੇ ਵੀ ਉਮਰ ਵਰਗ ਦਾ ਵਿਅਕਤੀ ਦਾਖਲਾ ਲੈ ਸਕਦਾ ਹੈ। ਕਲਾਸਾਂ ਹਰ ਰੋਜ਼ ਸ਼ਾਮ 5 ਤੋਂ 6 ਵਜੇ ਤੱਕ ਲੱਗਣਗੀਆਂ, ਜਿਸ ਨਾਲ ਨੌਕਰੀਪੇਸ਼ਾ ਅਤੇ ਕੰਮਕਾਜੀ ਲੋਕ ਵੀ ਇਸ ਦਾ ਲਾਭ ਲੈ ਸਕਣਗੇ।

ਉਨ੍ਹਾਂ ਦੱਸਿਆ ਕਿ ਦਾਖਲਾ ਫਾਰਮ ਜ਼ਿਲ੍ਹਾ ਭਾਸ਼ਾ ਦਫ਼ਤਰ ਤੋਂ ਮੁਫ਼ਤ ਪ੍ਰਾਪਤ ਕੀਤੇ ਜਾ ਸਕਦੇ ਹਨ।

ਵਧੇਰੇ ਜਾਣਕਾਰੀ ਲਈ 77650-00367 ਅਤੇ 96462-57743 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਜ਼ਿਲ੍ਹੇ ਦੇ ਸਮੂਹ ਪੋਲਿੰਗ ਬੂਥਾਂ 'ਤੇ ਲੱਗਣਗੇ ਵਿਸ਼ੇਸ਼ ਵੋਟਰ ਮੈਪਿੰਗ ਕੈਂਪ

## ਯੋਗ ਵੋਟਰ ਆਪਣੇ ਬੂਥਾਂ 'ਤੇ ਪਹੁੰਚ ਕੇ ਬੀ.ਐਲ.ਓਜ਼ ਨਾਲ ਸਹਿਯੋਗ ਕਰਨ : ਜ਼ਿਲ੍ਹਾ ਚੋਣ ਅਫ਼ਸਰ ਵਿਰਾਜ ਐਸ. ਤਿੜਕੇ

**ਮਲੇਰਕੋਟਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ, ਪੰਜਾਬ ਦੀਆਂ ਹਦਾਇਤਾਂ ਤਹਿਤ ਵਿਸ਼ੇਸ਼ ਇੰਟੈਂਸਿਵ ਰਿਵੀਜ਼ਨ-2026 ਦੇ ਮੱਦੇਨਜ਼ਰ ਜ਼ਿਲ੍ਹਾ ਮਾਲੇਰਕੋਟਲਾ ਦੇ ਸਮੂਹ ਪੋਲਿੰਗ ਬੂਥਾਂ 'ਤੇ ਅੱਜ ਸਵੇਰੇ 10:00 ਵਜੇ ਤੋਂ ਸ਼ਾਮ 04:00 ਵਜੇ ਤੱਕ ਵਿਸ਼ੇਸ਼ ਵੋਟਰ ਮੈਪਿੰਗ ਕੈਂਪ ਲਗਾਏ ਜਾਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਵਿਰਾਜ ਐਸ. ਤਿੜਕੇ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਸਾਲ 2003 ਦੀ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਨੂੰ ਮੌਜੂਦਾ ਸਾਲ 2025 ਦੀ ਵੋਟਰ ਸੂਚੀ ਨਾਲ ਮੈਪ ਕਰਨ ਦੀ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਇਹ ਵਿਸ਼ੇਸ਼ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਮੂਹ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼) ਨੂੰ ਆਪਣੇ-ਆਪਣੇ ਬੂਥਾਂ 'ਤੇ ਅਣ-ਮੈਪਡ ਵੋਟਰਾਂ ਦੀਆਂ ਸੂਚੀਆਂ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ। ਕੈਂਪ ਦੌਰਾਨ ਬੀ.ਐਲ.ਓਜ਼, ਬੂਥ ਲੈਵਲ ਏਜੰਟਾਂ (ਬੀ.ਐਲ.ਏਜ਼) ਦੇ ਸਹਿਯੋਗ ਨਾਲ ਸਾਲ 2003 ਦੀਆਂ ਵੋਟਰ ਸੂਚੀਆਂ ਵਿੱਚ ਦਰਜ ਵੋਟਰਾਂ ਦੀ ਮੌਜੂਦਾ ਵੋਟਰ ਸੂਚੀ ਨਾਲ ਮੈਪਿੰਗ ਯਕੀਨੀ ਬਣਾਉਣਗੇ। ਵਿਰਾਜ ਐਸ. ਤਿੜਕੇ ਨੇ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ, ਬੀ.ਐਲ.ਏਜ਼ ਅਤੇ ਆਮ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਵਿਸ਼ੇਸ਼ ਮੁਹਿੰਮ ਵਿੱਚ ਸਰਗਰਮ ਭਾਗੀਦਾਰੀ ਨਿਭਾਉਣ ਅਤੇ ਆਪਣੇ-ਆਪਣੇ ਬੂਥਾਂ 'ਤੇ ਪਹੁੰਚ ਕੇ ਬੀ.ਐਲ.ਓਜ਼ ਦਾ ਸਹਿਯੋਗ ਕਰਨ, ਤਾਂ ਜੋ ਵੋਟਰ ਸੂਚੀਆਂ ਨੂੰ ਹੋਰ ਸਹੀ, ਪਾਰਦਰਸ਼ੀ ਅਤੇ ਅੱਪਡੇਟ ਬਣਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਸਹੀ ਅਤੇ ਅੱਪਡੇਟ ਵੋਟਰ ਸੂਚੀਆਂ ਲੋਕਤੰਤਰ ਦੀ ਮਜ਼ਬੂਤੀ ਲਈ ਬੇਹੱਦ ਜ਼ਰੂਰੀ ਹਨ।

ਇਸ ਲਈ ਹਰੇਕ ਯੋਗ ਵੋਟਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਚੋਣ ਕਮਿਸ਼ਨ ਦੀ ਇਸ ਮਹੱਤਵਪੂਰਨ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਵੇ। ਜ਼ਿਲ੍ਹਾ ਚੋਣ ਅਫ਼ਸਰ ਨੇ ਸਮੂਹ ਚੋਣ ਅਮਲੇ ਨੂੰ ਵੀ ਹਦਾਇਤ ਕੀਤੀ ਹੈ ਕਿ ਕੈਂਪਾਂ ਦੇ ਸਫਲ ਆਯੋਜਨ ਲਈ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾਣ ਅਤੇ ਮੈਪਿੰਗ ਕਾਰਜ ਨੂੰ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇ।

# ਟੈਕਸੀ ਸਟੈਂਡ ਵਿਖੇ ਟਰੈਫਿਕ ਪੁਲਿਸ ਨੇ ਲਗਾਇਆ ਰੋਡ ਸੇਫਟੀ ਸੈਮੀਨਾਰ




**ਸੁਨਾਮ ਊਧਮ ਸਿੰਘ ਵਾਲਾ 4 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰੈਫਿਕ ਪੁਲਿਸ ਸੁਨਾਮ ਦੇ ਇੰਚਾਰਜ ਏਐਸਆਈ ਨਿਰਭੈ ਸਿੰਘ ਨੇ ਅੱਜ ਸ਼ਹੀਦ ਊਧਮ ਸਿੰਘ ਟੈਕਸੀ ਸਟੈਂਡ ਬਸ ਸਟੈਂਡ ਦੇ ਅੰਦਰ ਵਿਖੇ ਰੋਡ ਸੇਫਟੀ ਸੈਮੀਨਾਰ ਲਗਾਇਆ ਇਸ ਮੌਕੇ ਤੇ ਉਹਨਾਂ ਨੇ ਕਿਹਾ ਕਿ ਸਭ ਤੋਂ ਪਹਿਲਾਂ ਡਰਾਈਵਰਾਂ ਨੂੰ ਟੈਕਸੀ ਮਾਲਕਾਂਰੋਡ ਸੇਫਟੀ ਬਾਰੇ ਪਤਾ ਹੋਣਾ ਚਾਹੀਦਾ ਹੈ। ਇਸ ਮੌਕੇ ਤੇ ਉਹਨਾਂ ਨੇ ਲੋਕਾਂ ਨੂੰ ਡਰਾਈਵਿੰਗ ਲਾਈਸੈਂਸ ਬਣਵਾਉਣ ਓਵਰ ਸਪੀਡ ਤੋਂ ਬਚਣ ਦੋ ਪਈਆ ਵਾਹਨ ਚਲਾਉਂਦੇ ਸਮੇਂ ਹੈਲਮਟ ਪਹਿਨਣ ਤੇ ਨਸ਼ੇ ਦੀ ਹਾਲਤ ਵਿੱਚ ਵਾਹਨ ਨਾ ਚਲਾਉਣ ਦੀ ਸਲਾਹ ਦਿੱਤੀ ਇਸਦੇ ਨਾਲ ਵਾਹਨਾ ਦੇ ਜਰੂਰੀ ਦਸਤਾਵੇਜ ਪੂਰੇ ਰੱਖਣ ਲਈ ਵੀ ਪ੍ਰੇਰਿਤ ਕੀਤਾ ਪੁਲਿਸ ਵੱਲੋਂ 112 ਹੈਲਪਲਾਈਨ ਨੰਬਰ ਬਾਰੇ ਵੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਤਾਂ ਜੋ ਐਮਰਜੰਸੀ ਸਮੇਤ ਤੁਰੰਤ ਮਦਦ ਲਈ ਸੰਪਰਕ ਕੀਤਾ ਜਾ ਸਕੇ। ਇਸ ਤੋਂ ਇਲਾਵਾ ਸਾਈਬਰ ਕ੍ਰਾਈਮ ਰਾਹੀ ਹੋ ਰਹੀਆਂ ਠੱਗੀਆਂ ਤੋਂ ਬਚਣ ਲਈ ਲੋਕਾਂ ਨੂੰ ਸਾਵਧਾਨ ਕੀਤਾ ਅਤੇ 1930 ਸਾਈਬਰ ਹੈਲਪ ਲਾਈਨ ਨੰਬਰ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।



# ਬੂਹੇ ਤੱਕਦੀਆਂ ਬੁੱਢੀਆਂ ਅੱਖਾਂ

**ਸੰਝ ਦੀ ਉਮਰ ਇਕਲਾਪੇ ਦੀ ਮਾਰ ਹੇਠ ਹੈ। ਬਜ਼ੁਰਗਾਂ ਨੂੰ ਸਰਮਾਏ ਦੇ ਰੂਪ ਵਿੱਚ ਨਹੀਂ ਬਲਕਿ ਬੋਝ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਹਰ ਸ਼ਹਿਰ ਵਿੱਚੋਂ ਘਰਾਂ ਵਿੱਚ ਇਕੱਲੇ ਰਹਿੰਦੇ ਬਜ਼ੁਰਗਾਂ ਦੇ ਕਤਲ ਦੀਆਂ ਖ਼ਬਰਾਂ ਆ ਰਹੀਆਂ ਹਨ। ਇਹ ਠੀਕ ਹੈ ਕਿ ਹਰ ਮਨੁੱਖ ਢਲੀ ਉਮਰ ਵਿੱਚ ਆ ਕੇ ਵੇਲਾ ਵਿਹਾ ਚੁੱਕੀ ਵਸਤ ਬਣ ਜਾਂਦਾ ਹੈ ਪਰ ਉਸ ਦੀ ਬੇਕਦਰੀ ਪਹਿਲਾਂ ਕਦੇ ਏਨੀ ਨਹੀਂ ਸੀ ਹੋਈ ਜਿੰਨੀ ਕਿ ਵਰਤਮਾਨ ਦੌਰ ਵਿੱਚ ਹੋ ਰਹੀ ਹੈ। ਬਜ਼ੁਰਗਾਂ ਦੀ ਇਕੱਲਤਾ ਵਿੱਚ ਸਭ ਤੋਂ ਵੱਡਾ ਕਾਰਨ ਬਣੇ ਹਨ ਟੁੱਟਦੇ ਤੇ ਇਕਹਿਰੇ ਪਰਿਵਾਰ। ਸਾਂਝੀ ਪਰਿਵਾਰ ਪ੍ਰਥਾ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਥੋੜ੍ਹੇ ਘਰ ਹੀ ਅਜਿਹੇ ਹੋਣਗੇ ਜਿੱਥੇ ਤਿੰਨ ਪੀੜ੍ਹੀਆਂ ਇੱਕ ਛੱਤ ਥੱਲੇ ਵਿਚਰ ਰਹੀਆਂ ਹੋਣ। ਰੁਜ਼ਗਾਰ ਦੇ ਸਿਲਸਿਲੇ ਵਿੱਚ ਪਰਵਾਸ ਬਹੁਤ ਵਧ ਗਿਆ ਹੈ।**

ਬਜ਼ੁਰਗ ਉਦਾਸ ਹਨ ਤੇ ਬੁਢਾਪਾ ਪਰੇਸ਼ਾਨ। ਸੰਝ ਦੀ ਉਮਰ ਇਕਲਾਪੇ ਦੀ ਮਾਰ ਹੇਠ ਹੈ। ਬਜ਼ੁਰਗਾਂ ਨੂੰ ਸਰਮਾਏ ਦੇ ਰੂਪ ਵਿੱਚ ਨਹੀਂ ਬਲਕਿ ਬੋਝ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ। ਹਰ ਸ਼ਹਿਰ ਵਿੱਚੋਂ ਘਰਾਂ ਵਿੱਚ ਇਕੱਲੇ ਰਹਿੰਦੇ ਬਜ਼ੁਰਗਾਂ ਦੇ ਕਤਲ ਦੀਆਂ ਖ਼ਬਰਾਂ ਆ ਰਹੀਆਂ ਹਨ। ਇਹ ਠੀਕ ਹੈ ਕਿ ਹਰ ਮਨੁੱਖ ਢਲੀ ਉਮਰ ਵਿੱਚ ਆ ਕੇ ਵੇਲਾ ਵਿਹਾ ਚੁੱਕੀ ਵਸਤ ਬਣ ਜਾਂਦਾ ਹੈ ਪਰ ਉਸ ਦੀ ਬੇਕਦਰੀ ਪਹਿਲਾਂ ਕਦੇ ਏਨੀ ਨਹੀਂ ਸੀ ਹੋਈ ਜਿੰਨੀ ਕਿ ਵਰਤਮਾਨ ਦੌਰ ਵਿੱਚ ਹੋ ਰਹੀ ਹੈ। ਬਜ਼ੁਰਗਾਂ ਦੀ ਇਕੱਲਤਾ ਵਿੱਚ ਸਭ ਤੋਂ ਵੱਡਾ ਕਾਰਨ ਬਣੇ ਹਨ ਟੁੱਟਦੇ ਤੇ ਇਕਹਿਰੇ ਪਰਿਵਾਰ। ਸਾਂਝੀ ਪਰਿਵਾਰ ਪ੍ਰਥਾ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਥੋੜ੍ਹੇ ਘਰ ਹੀ ਅਜਿਹੇ ਹੋਣਗੇ ਜਿੱਥੇ ਤਿੰਨ ਪੀੜ੍ਹੀਆਂ ਇੱਕ ਛੱਤ ਥੱਲੇ ਵਿਚਰ ਰਹੀਆਂ ਹੋਣ। ਰੁਜ਼ਗਾਰ ਦੇ ਸਿਲਸਿਲੇ ਵਿੱਚ ਪਰਵਾਸ ਬਹੁਤ ਵਧ ਗਿਆ ਹੈ। ਉੱਨਤ ਆਵਾਜਾਈ ਦੇ ਸਾਧਨਾਂ ਕਾਰਨ ਮਨੁੱਖ ਹੁਣ ਰੁਜ਼ਗਾਰ ਦੇ ਸਿਲਸਿਲੇ ਵਿੱਚ ਦੂਰ-ਨੇੜੇ ਦੀਆਂ ਸਭ ਹੱਦਾਂ ਨੂੰ ਪਾਰ ਕਰ ਜਾਂਦਾ ਹੈ। ਵਿਦੇਸ਼ਾਂ ਵਿੱਚ ਜਾ ਕੇ ਰੁਜ਼ਗਾਰ ਭਾਲਣਾ ਜਾਂ ਦੇਸ਼ ਦੇ ਹੀ ਕਿਸੇ ਦੁਰੇਡੇ ਇਲਾਕੇ ਵਿੱਚ ਜਾ ਕੇ ਨੌਕਰੀ ਕਰਨਾ ਅਤੇ ਉੱਥੇ ਹੀ ਵੱਸ ਜਾਣ ਦਾ ਚਲਨ ਬਹੁਤ ਵਧ ਗਿਆ ਹੈ। ਜਿਸ ਵੇਲੇ ਔਲਾਦ ਘਰ ਤੋਂ ਦੂਰ ਦੇਸ਼ ਜਾਂ ਵਿਦੇਸ਼ ਵੱਲ ਪਰਵਾਸ ਕਰਦੀ ਹੈ, ਉਦੋਂ ਮਾਂ-ਪਿਓ ਤੰਦਰੁਸਤ ਸਰੀਰਕ ਅਵਸਥਾ ਵਿੱਚ ਹੁੰਦੇ ਹਨ ਪਰ ਵਕਤ ਲੰਘਣ ਨਾਲ ਸਿਹਤ ਕਮਜ਼ੋਰ ਹੁੰਦੀ ਜਾਂਦੀ ਹੈ ਤੇ ਪਰਦੇਸ ਗਿਆਂ ਦੇ ਰੁਝੇਵੇਂ ਵਧਦੇ ਜਾਂਦੇ ਹਨ। ਨਤੀਜਾ ਹੁੰਦਾ ਹੈ ਸਹਾਰੇ ਦੀ ਉਮਰ ਵਿੱਚ ਸਹਾਰੇ ਤੋਂ ਰਹਿਤ ਜੀਵਨ। ਜਿਸ ਵਿਹੜੇ ਵਿੱਚ ਭੈਣ-ਭਰਾ, ਮਾਂ-ਬਾਪ ਦੀ ਬੁੱਕਲ ਵਿੱਚ ਕਈ ਵਰ੍ਹੇ ਇਕੱਠੇ ਖੇਡੇ ਹੁੰਦੇ ਹਨ ਮੁੜ ਕਿਸੇ ਸ਼ਗਨਾਂ ਦੇ ਮੌਕੇ ਜਾਂ ਦੁੱਖ ਦੀ ਘੜੀ ਹੀ ਇਕੱਠੇ ਹੁੰਦੇ ਹਨ। ਕਈ ਵਾਰ ਅਜਿਹੇ ਮੌਕੇ ਵੀ ਪੂਰਾ ਪਰਿਵਾਰ ਨਹੀਂ ਮਿਲਦਾ। ਪਰਿਵਾਰਾਂ ਵਿੱਚ ਘਟਦਾ ਮੋਹ ਤੇ ਸ਼ਖ਼ਸੀਅਤ ਦਾ ਟਕਰਾਅ ਵੀ ਬਜ਼ੁਰਗਾਂ ਦੇ ਇਕੱਲਿਆਂ ਰਹਿ ਜਾਣ ਦਾ ਕਾਰਨ ਬਣ ਗਿਆ ਹੈ। ਹਰ ਮਨੁੱਖ ਆਪਣੀ ਆਜ਼ਾਦੀ ਭਾਲ ਰਿਹਾ ਹੈ। ਛੋਟੇ ਬੱਚਿਆਂ ਤੋਂ ਲੈ ਕੇ ਵੱਡਿਆਂ ਤਕ ਹਰੇਕ ਆਪਣੀ ਅਲੱਗ ਤੇ ਵਿਅਕਤੀਗਤ ਜਗ੍ਹਾ ਚਾਹੁੰਦਾ ਹੈ। ਇੱਕ-ਦੂਜੇ ਦੀ ਗੱਲ ਸੁਣਨੀ ਤੇ ਬਰਦਾਸ਼ਤ ਕਰਨੀ ਔਖਾ ਕੰਮ ਹੋ ਗਿਆ ਹੈ। ਅੱਗੇ ਕੌੜੀਆਂ-ਫਿਕੀਆਂ ਗੱਲਾਂ ਸੁਣ ਕੇ,ਕਰਕੇ ਵੀ ਲੋਕ ਇੱਕੋ ਘਰ ਵਿੱਚ ਰਹਿੰਦੇ ਸਨ ਪਰ ਹੁਣ 'ਕੱਠਿਆਂ ਰਹਿਣਾ ਔਖਾ ਲਗਦਾ ਹੈ। ਹੁਣ ਬਹੁਤ ਸਾਰੇ ਘਰ ਅਜਿਹੇ ਮਿਲ ਜਾਣਗੇ ਜਿਨ੍ਹਾਂ ਘਰਾਂ ਵਿੱਚ ਦੋ ਪੀੜ੍ਹੀਆਂ,ਇੱਕੋ ਘਰ ਵਿੱਚ ਕਿਸੇ ਵੀ ਤਰ੍ਹਾਂ ਦੀ ਸਾਂਝ ਤੋਂ ਬਗੈਰ ਵੱਖ-ਵੱਖ ਛੱਤਾਂ 'ਤੇ ਰਹਿੰਦੀਆਂ ਹਨ। ਅਜਿਹੇ ਮਾਂ-ਬਾਪ ਤੇ ਨੂੰਹਾਂ-ਪੁੱਤ ਹਨ ਜੋ ਇੱਕੋ ਘਰ ਵਿੱਚ ਰਹਿੰਦਿਆਂ ਵੀ ਕਈ-ਕਈ ਦਿਨ ਇੱਕ ਦੂਜੇ ਦੇ ਮੱਥੇ ਨਹੀਂ ਲੱਗਦੇ, ਗੱਲ ਕਰਨੀ ਤਾਂ ਬਹੁਤ ਦੂਰ ਦੀ ਗੱਲ ਹੈ। ਜਾਇਦਾਦ ਦੇ ਝਗੜਿਆਂ ਨੇ ਵੀ ਪਰਿਵਾਰਾਂ ਵਿੱਚ ਤਣਾਅ ਬਹੁਤ ਵਧਾ ਦਿੱਤਾ ਹੈ। ਇੱਕ ਪੀੜ੍ਹੀ ਜਾਇਦਾਦਾਂ ਸਿਰਜਦੀ ਹੈ ਜ਼ਿੰਦਗੀ ਨੂੰ ਸੌਖਿਆਂ ਕਰਨ ਜਾਂ ਫਿਰ ਮਾੜੇ ਚੰਗੇ ਵਕਤ ਵਿੱਚ ਇੱਕ ਸਹਾਇਕ ਰਾਸ਼ੀ ਵਜੋਂ ਵਰਤੇ ਜਾ ਸਕਣ ਲਈ ਪਰ ਬਾਅਦ ਵਿੱਚ ਅਜਿਹੀਆਂ ਜਾਇਦਾਦਾਂ ਵੱਡੇ ਝਗੜਿਆਂ ਦਾ ਕਾਰਨ ਬਣ ਜਾਂਦੀਆਂ ਹਨ। ਬਜ਼ੁਰਗ ਪੀੜ੍ਹੀ ਅਜਿਹੀ ਜਾਇਦਾਦ ਨੂੰ ਆਪਣੇ ਬੁਢਾਪੇ ਦੀ ਸੁਰੱਖਿਆ ਵਜੋਂ ਆਪਣੇ ਕੋਲ ਰੱਖਣਾ ਚਾਹੁੰਦੀ ਹੈ ਜਦਕਿ ਨਵੀਂ ਪੀੜ੍ਹੀ ਇਸ ਨੂੰ ਆਪਣੇ ਕਾਰੋਬਾਰ ਨੂੰ ਵਧਾਉਣ ਜਾਂ ਕਿਸੇ ਹੋਰ ਮਨੋਰਥ ਲਈ ਆਪਣੇ ਕਬਜ਼ੇ ਵਿੱਚ ਕਰਨਾ ਚਾਹੁੰਦੀ ਹੈ। ਮਸਲਾ ਫਿਰ ਟਕਰਾਅ ਵਾਲਾ ਬਣ ਜਾਂਦਾ ਹੈ। 'ਹਿੱਕ 'ਤੇ ਰੱਖ ਕੇ ਮਰਿਓ' ਜਾਂ 'ਜਾਇਦਾਦਾਂ ਨਾਲ ਨਹੀਂ ਜਾਣੀਆਂ' ਵਰਗੇ ਆਮ ਸੁਣੇ ਜਾਂਦੇ ਸੰਵਾਦ ਅਜਿਹੇ ਮੌਕਿਆਂ 'ਤੇ ਪੈਦਾ ਹੋਈ ਕੁੜੱਤਣ ਦੀ ਹੀ ਪੈਦਾਵਾਰ ਹਨ। ਬੁਢਾਪਾ ਜ਼ਿੰਦਗੀ ਦੀ ਢਲਾਣ ਦਾ ਸਮਾਂ ਹੈ। ਸਰੀਰਕ ਸਮਰੱਥਾ ਘਟ ਜਾਂਦੀ ਹੈ ਤੇ ਕਈ ਵਾਰ ਇਸ ਉਮਰੇ ਬਜ਼ੁਰਗ ਗੰਭੀਰ ਬੀਮਾਰੀਆਂ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਦਿਲ, ਸਾਹ, ਕੈਂਸਰ ਵਰਗੀਆਂ ਬੀਮਾਰੀਆਂ ਅਜਿਹੀਆਂ ਹਨ ਜੋ ਪੈਸਾ, ਵਕਤ ਅਤੇ ਸੁਚੱਜੀ ਸਰੀਰਕ ਸਾਂਭ ਸੰਭਾਲ ਦੀ ਮੰਗ ਕਰਦੀਆਂ ਹਨ। ਸਾਡੇ ਮੁਲਕ ਵਿੱਚ ਬਹੁਤ ਘੱਟ ਹੀ ਬਜ਼ੁਰਗ ਹਨ ਜਿਨ੍ਹਾਂ ਨੂੰ ਸਿਹਤ ਸੰਭਾਲ ਜਾਂ ਹੋਰ ਅਜਿਹੇ ਮਸਲਿਆਂ ਲਈ ਸਮਾਜਿਕ ਸੁਰੱਖਿਆ ਉਪਲਬਧ ਹੈ। ਕੁਝ ਫ਼ੀਸਦੀ ਸੇਵਾਮੁਕਤ ਸਰਕਾਰੀ ਮੁਲਾਜ਼ਮਾਂ ਨੂੰ ਛੱਡ ਕੇ ਬਾਕੀ ਸਭ ਨੂੰ ਆਪਣਾ ਬੋਝ ਖ਼ੁਦ ਹੀ ਚੁੱਕਣਾ ਪੈਂਦਾ ਹੈ। ਸਰਕਾਰੀ ਢਾਂਚੇ ਤੋਂ ਮਿਲਦੀਆਂ ਪੈਨਸ਼ਨਾਂ ਸਾਰਿਆਂ ਨੂੰ ਮੁਹੱਈਆ ਨਹੀਂ ਤੇ ਉਂਜ ਵੀ ਉਹ ਇੰਨੀਆਂ ਨਿਗੂਣੀਆਂ ਹੁੰਦੀਆਂ ਹਨ ਕਿ ਦਵਾਈ ਦਾਰੂ ਦਾ ਖਰਚਾ ਵੀ ਪੂਰਾ ਨਹੀਂ ਹੁੰਦਾ। ਅਜਿਹੇ ਸਮੇਂ ਵਿੱਚ ਬਜ਼ੁਰਗਾਂ 'ਤੇ ਖ਼ਰਚਣ ਵਾਸਤੇ ਨਾ ਕੋਈ ਪੈਸਾ ਕੱਢ ਕੇ ਰਾਜ਼ੀ ਹੈ,ਨਾ ਵਕਤ ਦੇ ਕੇ ਤੇ ਨਾ ਹੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਲੈ ਕੇ। ਨਤੀਜਾ ਜਾਂ ਤਾਂ ਬਜ਼ੁਰਗ ਆਪਣੀ ਪੁਸ਼ਤੈਨੀ ਰਿਹਾਇਸ਼ 'ਤੇ ਹੱਡ ਰੋਲਦੇ ਜ਼ਿੰਦਗੀ ਕੱਢਦੇ ਹਨ ਜਾਂ ਫਿਰ ਪੁੱਤਾਂ ਦੀ ਮਿਹਰ ਸਦਕਾ ਦੋ-ਦੋ, ਚਾਰ-ਚਾਰ ਮਹੀਨੇ ਕਿਸੇ ਬੱਚੇ ਦੇ ਘਰ ਵਿੱਚ ਮਹੀਨੇਵਾਰ ਕਿਸ਼ਤਾਂ ਵਾਂਗ ਵੰਡੇ ਜਾਂਦੇ ਹਨ ਪਰ ਅੱਜ-ਕੱਲ੍ਹ ਪੁੱਤ ਧੀ ਵੀ ਇੱਕ-ਇੱਕ ਹੀ ਰਹਿ ਗਏ ਹਨ। ਇਸ ਲਈ ਆਉਂਦੇ ਵਰ੍ਹਿਆਂ ਵਿੱਚ ਹਾਲਾਤ ਹੋਰ ਗੰਭੀਰ ਹੋਣੇ ਹਨ।

ਕੁਝ ਸਮਾਂ ਪਹਿਲਾਂ ਦਿੱਲੀ ਅਤੇ ਉਸ ਦੇ ਨਾਲ ਜੁੜੇ ਇਲਾਕਿਆਂ ਵਿੱਚ ਕੀਤੇ ਸਰਵੇ ਰਾਹੀਂ ਇਹ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ ਕਿ 44 ਫ਼ੀਸਦੀ ਭਾਵ ਅੱਧੇ ਦੇ ਕਰੀਬ ਬਜ਼ੁਰਗ ਸਮਾਜਿਕ ਅਤੇ ਭਾਵਨਾਤਮਕ ਤੌਰ 'ਤੇ ਇਕੱਲਤਾ ਮਹਿਸੂਸ ਕਰਦੇ ਹਨ। ਇਹ ਅੰਕੜਾ ਪੇਂਡੂ ਖੇਤਰਾਂ ਵਿੱਚ 20 ਫ਼ੀਸਦੀ ਦੇ ਕਰੀਬ ਹੈ ਕਿਉਂਕਿ ਪਿੰਡਾਂ ਵਿੱਚ ਭਾਈਚਾਰਕ ਸਾਂਝ ਅਜੇ ਉਨੀ ਬੁਰੀ ਤਰ੍ਹਾਂ ਨਹੀਂ ਟੁੱਟੀ। ਜ਼ਿਆਦਾਤਰ ਬਜ਼ੁਰਗਾਂ ਨੇ ਇਕੱਲਤਾ ਦਾ ਕਾਰਨ ਪਰਿਵਾਰਕ ਮੈਂਬਰਾਂ ਨਾਲ ਘੱਟ ਗੱਲਬਾਤ ਜਾਂ ਸਮਾਜਿਕ ਮੇਲ-ਜੋਲ ਨਾ ਹੋਣਾ ਦੱਸਿਆ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਲੋਕਾਂ ਦੀ ਔਸਤਨ ਉਮਰ ਵੀ ਵਧ ਰਹੀ ਹੈ। ਸਾਲ 2011 ਦੀ ਰਿਪੋਰਟ ਮੁਤਾਬਕ ਭਾਰਤ ਵਿੱਚ 9 ਕਰੋੜ ਬਜ਼ੁਰਗ ਹਨ ਜੋ ਕਿ ਅਗਲੇ ਪੰਦਰਾਂ ਸਾਲ ਵਿੱਚ ਭਾਵ 2026 ਤਕ ਦੁਗਣੇ ਹੋ ਜਾਣਗੇ। ਇਸ ਉਮਰ ਵਿੱਚ ਬਹੁਤ ਵਾਰੀ ਜੀਵਨ ਸਾਥੀ ਇੱਕ-ਦੂਜੇ ਦਾ ਸਰੀਰਕ ਤੌਰ 'ਤੇ ਵੀ ਸਾਥ ਛੱਡ ਚੁੱਕੇ ਹੁੰਦੇ ਹਨ। ਇੱਕ ਦੂਜੇ ਦਾ ਹੌਸਲਾ



ਬਣਾਈ ਰੱਖਣ ਜਾਂ ਵਕਤ ਬੇਵਕਤ ਇੱਕ ਦੂਜੇ ਦਾ ਛੋਟਾ ਮੋਟਾ ਕਾਜ ਸੰਵਾਰਨ ਲਈ ਉਨ੍ਹਾਂ ਦੇ ਕੋਲ ਕੋਈ ਆਪਣਾ ਸਹਾਰਾ ਨਹੀਂ ਹੁੰਦਾ। ਲੜਖੜਾਉਂਦੀਆਂ ਲੱਤਾਂ ਤੇ ਕੰਬਦੀਆਂ ਬਾਹਾਂ ਇੱਕ ਦੂਜੇ ਦੇ ਸਾਥ ਨਾਲ ਕੁਝ ਵਰ੍ਹੇ ਹੋਰ ਚੱਲ ਸਕਦੀਆਂ ਹਨ ਪਰ ਸਾਥੀ ਦਾ ਅਜਿਹਾ ਘਾਟਾ ਪੈ ਚੁੱਕਾ ਹੁੰਦਾ ਹੈ ਜਾਂ ਜ਼ਿੰਦਗੀ ਵਿੱਚ ਪੈਣਾ ਲਾਜ਼ਮੀ ਹੁੰਦਾ ਹੈ। ਸਥਿਤੀ ਕਈ ਵਾਰ ਉਦੋਂ ਹੋਰ ਗੰਭੀਰ ਹੋ ਜਾਂਦੀ ਹੈ ਜਦੋਂ ਸਾਰੀ ਉਮਰ ਇੱਕ-ਦੂਜੇ ਨਾਲ ਨਾ ਬਣੀ ਹੋਵੇ। ਇਹ ਸਥਿਤੀਆਂ ਬਦਲੀਆਂ ਜਾ ਸਕਦੀਆਂ ਹਨ। ਵਿਦੇਸ਼ਾਂ ਦਾ ਸਾਨੂੰ ਬਹੁਤ ਕੁਝ ਚੰਗਾ ਲੱਗਦਾ ਹੈ ਪਰ ਅਸੀਂ ਅਪਣਾਉਂਦੇ ਨਹੀਂ। ਵਿਦੇਸ਼ਾਂ ਵਿੱਚ ਵਿਦਿਆਰਥੀਆਂ ਨੂੰ ਕਮਿਊਨਿਟੀ ਸੇਵਾ ਵਾਸਤੇ ਸਵੈ-ਸੇਵਕ ਦੇ ਤੌਰ 'ਤੇ ਕੰਮ ਕਰਨਾ ਪੈਂਦਾ ਹੈ। ਕੋਈ ਵੀ ਡਿਗਰੀ ਜਾਂ ਕੋਰਸ ਦਾ ਸਰਟੀਫਿਕੇਟ ਦੇਣ ਤੋਂ ਪਹਿਲਾਂ ਉਨ੍ਹਾਂ ਲਈ ਤੀਹ ਘੰਟੇ ਜਾਂ ਪੰਜਾਹ ਘੰਟੇ ਦੀ ਅਜਿਹੀ ਸਮਾਜ ਸੇਵਾ ਕੀਤੀ ਹੋਣੀ ਜ਼ਰੂਰੀ ਹੁੰਦੀ ਹੈ। ਸਾਡੇ ਕੋਲ ਵਿਦਿਆਰਥੀਆਂ ਦੀਆਂ ਫ਼ੌਜਾਂ ਹਨ, ਉਨ੍ਹਾਂ ਕੋਲੋਂ ਲਏ ਕੁਝ ਘੰਟੇ ਬਜ਼ੁਰਗਾਂ ਨਾਲ ਬਿਤਾਉਣ ਲਈ ਵਰਤੇ ਜਾ ਸਕਦੇ ਹਨ। ਬਜ਼ੁਰਗਾਂ ਦਾ ਕੁਝ ਵਕਤ ਬਿਹਤਰ ਹੋ ਜਾਵੇਗਾ ਤੇ ਸ਼ਾਇਦ ਸਾਡੇ ਵਿਦਿਆਰਥੀ ਵੀ ਬਜ਼ੁਰਗਾਂ ਦੇ ਤਜਰਬਿਆਂ ਤੋਂ ਕੁਝ ਨਵੇਂ ਨੁਕਤੇ ਸਿੱਖ ਲੈਣ, ਜ਼ਿੰਦਗੀ ਨੂੰ ਸ਼ਿੰਗਾਰਨ ਵਾਸਤੇ ਜਾਂ ਉਨ੍ਹਾਂ ਦੀਆਂ ਗ਼ਲਤੀਆਂ ਦੇ ਸ਼ੀਸ਼ੇ ਵਿੱਚੋਂ ਕੁਝ ਨਵਾਂ ਚਿਤਰਣ ਵਾਸਤੇ। ਸਰਕਾਰਾਂ ਤੇ ਸਵੈ-ਸੇਵੀ ਸੰਸਥਾਵਾਂ ਨੂੰ ਸਾਂਝੇ ਸਹਿਯੋਗ ਨਾਲ ਸ਼ਹਿਰਾਂ ਵਿੱਚ ਸੀਨੀਅਰ ਸਿਟੀਜ਼ਨ ਪਾਰਕ ਜਾਂ ਕੋਈ ਵੀ ਸਾਂਝੀ ਜਗ੍ਹਾ ਦਾ ਵਿਕਾਸ ਕਰਨਾ ਚਾਹੀਦਾ ਹੈ ਜਿੱਥੇ ਬਜ਼ੁਰਗ ਇਕੱਠੇ ਹੋ ਕੇ ਆਪਣੇ ਦੁੱਖ-ਸੁੱਖ ਸਾਂਝੇ ਕਰ ਸਕਣ। ਉਮਰ ਦੇ ਅਨੁਸਾਰ ਖੇਡ ਤਮਾਸ਼ਿਆਂ ਵਿੱਚ ਹਿੱਸਾ ਲੈ ਸਕਣ। ਤਿਆਰ ਹੋ ਕੇ ਘਰ ਤੋਂ ਬਾਹਰ ਨਿਕਲਣ ਦਾ ਚਾਅ ਪ੍ਰਾਪਤ ਕਰ ਸਕਣ। ਮੁੰਬਈ ਵਿੱਚ ਇੱਕ ਅਜਿਹੀ ਪਾਰਕ ਹੈ ਜਿੱਥੇ ਬਜ਼ੁਰਗ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੇ ਹੁੰਦੇ ਹਨ। ਅਜਿਹੇ ਇਕੱਠਾਂ ਵਿੱਚ ਬਜ਼ੁਰਗਾਂ ਦੇ ਤਜਰਬੇ ਦਾ ਫਾਇਦਾ ਲੈਣ ਲਈ ਉੱਥੇ ਆਮ ਲੋਕਾਂ ਦਾ ਆਉਣਾ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਬਜ਼ੁਰਗਾਂ ਦੇ ਸਾਰੀ ਉਮਰ ਕੀਤੇ ਕੰਮਾਂ ਦੇ ਤਜਰਬੇ ਦੇ ਹਿਸਾਬ ਨਾਲ ਉਨ੍ਹਾਂ ਕੋਲੋਂ ਨੌਜਵਾਨ ਬਹੁਤ ਕੁਝ ਸਿੱਖ ਸਕਦੇ ਹਨ। ਸੱਠ ਸਾਲ ਤੋਂ ਬਾਅਦ ਜੀਵਨ ਦਾ ਕੋਈ ਅੰਤ ਨਹੀਂ ਹੋ ਜਾਂਦਾ। ਸਰਕਾਰਾਂ ਤੇ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਜਿਹੜੇ ਬਜ਼ੁਰਗ ਕੋਈ ਸੇਵਾ ਦੇ ਸਕਦੇ ਹੋਣ, ਉਨ੍ਹਾਂ ਨੂੰ ਰੁਝੇਵੇਂ ਵਿੱਚ ਰੱਖਣ ਲਈ ਕੋਈ ਨਾ ਕੋਈ ਕੰਮ ਲਿਆ ਜਾਵੇ। ਬਜ਼ੁਰਗਾਂ ਨੂੰ ਜ਼ਿੰਦਗੀ ਦੀ ਸ਼ਾਮ ਵਿੱਚ ਬਲੀ ਦੇ ਬੱਕਰੇ ਵਾਂਗ ਛੱਡ ਦੇਣਾ ਸੱਭਿਅਕ ਸਮਾਜ ਵਿੱਚ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਸਾਡੀ ਜ਼ਿੰਦਗੀ ਨੂੰ ਇਹ ਰੂਪ ਦੇਣ ਵਾਲੇ ਬਜ਼ੁਰਗ ਹੀ ਹਨ ਜੋ ਕਿ ਕਦੇ ਜਵਾਨ ਸਨ। ਉਨ੍ਹਾਂ ਦੀ ਸੁਚੱਜੀ ਸਾਂਭ-ਸੰਭਾਲ ਸਾਡੀ ਨੈਤਿਕ ਤੇ ਸਮਾਜੀ ਜ਼ਿੰਮੇਵਾਰੀ ਬਣਦੀ ਹੈ।


-ਹਰਪ੍ਰੀਤ ਸਿੰਘ ਹੀਰੋ

## ਪਲੀਤ ਹੋ ਰਹੇ ਸੱਭਿਆਚਾਰ ਦੀ ਚਿੰਤਾ

ਮੌਜੂਦਾ ਯੁੱਗ ਵਿਚ ਕਿਸੇ ਦੂਜੇ ਦੇਸ਼ ਨੂੰ ਸਿਰਫ਼ ਹਥਿਆਰਾਂ ਦੀ ਤਾਕਤ ਨਾਲ ਹੀ ਗੁਲਾਮ ਨਹੀਂ ਬਣਾਇਆ ਜਾਂਦਾ, ਸਗੋਂ ਇਸ ਲਈ ਵੱਡੀਆਂ ਤਾਕਤਾਂ ਵੱਲੋਂ ਹੋਰ ਵੀ ਢੰਗ-ਤਰੀਕੇ ਵਰਤੇ ਜਾਂਦੇ ਹਨ। ਇਸ ਲਈ ਸਾਮਰਾਜੀ ਦੇਸ਼ਾਂ ਦੀ ਸਾਜਿਸ਼ ਇਹ ਹੈ ਕਿ ਜਿਨ੍ਹਾਂ ਦੇਸ਼ਾਂ ਦੀ ਆਰਥਿਕਤਾ ਉਤੇ ਉਹ ਆਪਣਾ ਕਬਜ਼ਾ ਜਮਾਉਣਾ ਚਾਹੁੰਦੇ ਹਨ, ਇਕ ਤਾਂ ਉਥੋਂ ਦੇ ਸੱਭਿਆਚਾਰ, ਭਾਸ਼ਾ, ਸਾਹਿਤ, ਸਿੱਖਿਆ ਤੇ ਸਿਹਤ ਢਾਂਚੇ, ਵਿਰਾਸਤ ਅਤੇ ਲੋਕ ਏਕਤਾ ਨੂੰ ਖੋਖਲਾ ਕਰ ਦਿੱਤਾ ਜਾਵੇ ਅਤੇ ਦੂਜਾ ਉਥੋਂ ਦੀ ਜਨਤਾ ਅਤੇ ਖਾਸ ਕਰਕੇ ਮਿਹਨਤਕਸ਼ ਜਮਾਤ ਅਤੇ ਨੌਜਵਾਨ ਵਰਗ ਨੂੰ ਨਸ਼ਿਆਂ, ਨੰਗੇਜ਼ਵਾਦ, ਫੈਸ਼ਨ, ਅਸ਼ਲੀਲਤਾ, ਜਿਸਮ ਫਰੋਸ਼ੀ, ਅੰਧ-ਵਿਸ਼ਵਾਸ, ਜੋਤਿਸ਼, ਲਾਟਰੀ, ਫ਼ਿਰਕਾਪ੍ਰਸਤੀ, ਜਾਤ-ਪਾਤ, ਸਮਾਜਿਕ ਬੁਰਾਈਆਂ ਅਤੇ ਹੋਰ ਗ਼ੈਰ-ਸੱਭਿਅਕ ਵਰਤਾਰਿਆਂ ਦੀ ਦਲਦਲ ਵਿਚ ਫਸਾ ਦਿੱਤਾ ਜਾਵੇ ਤਾਂ ਕਿ ਲੋਕ ਆਪਣੇ ਸਮਾਜ, ਸੱਭਿਆਚਾਰ ਅਤੇ ਦੇਸ਼ ਦੇ ਵਿਕਾਸ ਪ੍ਰਤੀ ਸੋਚਣਾ ਹੀ ਛੱਡ ਦੇਣ। ਨੰਗੇਜ਼ਵਾਦ ਉਭਾਰਨ ਤੇ ਘਰ-ਘਰ ਵਿਚ ਪਹੁੰਚਾਉਣ ਲਈ ਕਈ ਟੈਲੀਵਿਜ਼ਨ ਚੈਨਲ ਅਤੇ ਬਹੁਤ ਸਾਰੀਆਂ ਲੱਚਰ ਕਿਸਮ ਦੀਆਂ ਫ਼ਿਲਮਾਂ ਜ਼ਿੰਮੇਵਾਰ ਕਹੀਆਂ ਜਾ ਸਕਦੀਆਂ ਹਨ। ਟੈਲੀਵਿਜ਼ਨ ਹਰੇਕ ਵਿਅਕਤੀ ਦੀ ਪਹੁੰਚ ਵਿਚ ਹੋਣ ਕਰਕੇ ਇਸ ਦਾ ਪ੍ਰਭਾਵ ਜ਼ਿਆਦਾ ਤੇ ਜਲਦੀ ਕਬੂਲਿਆ ਜਾਂਦਾ ਹੈ। ਬਹੁਤੇ ਟੀ. ਵੀ. ਚੈਨਲ ਆਪਣੇ ਵਪਾਰਕ ਹਿੱਤਾਂ ਖਾਤਰ ਅਜਿਹੇ ਨੰਗੇਜ਼ ਭਰਪੂਰ ਤੇ ਅਸ਼ਲੀਲ ਪ੍ਰੋਗਰਾਮ ਫ਼ਿਲਮਾਂ, ਲੜੀਵਾਰ ਅਤੇ ਇਸ਼ਤਿਹਾਰਬਾਜ਼ੀ ਪ੍ਰਸਾਰਿਤ ਰਿਹਾ ਹੈ, ਜਿਸ ਨੂੰ ਸਾਰਾ ਪਰਿਵਾਰ ਇਕੱਠਾ ਬੈਠ ਕੇ ਨਹੀਂ ਵੇਖ ਸਕਦਾ। ਹੁਣ ਤਾਂ ਟੀ. ਵੀ. ਲੜੀਵਾਰਾਂ ਵਿਚ ਵੀ ਅਸ਼ਲੀਲਤਾ ਤੇ ਰਿਸ਼ਤਿਆਂ ਵਿਚਲੀ ਅਨੈਤਿਕਤਾ ਨੂੰ ਉਭਾਰ ਕੇ ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਵਿਚਲੇ ਵਿਸ਼ਵਾਸ ਤੇ ਸੱਚਾਈ ਨੂੰ ਖੇਰੂੰ-ਖੇਰੂੰ ਕੀਤਾ ਜਾ ਰਿਹਾ ਹੈ। ਬੇਸ਼ੱਕ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਵੱਲੋਂ ਟੀ. ਵੀ. ਚੈਨਲਾਂ ਨੂੰ ਜ਼ਾਬਤੇ ਹੇਠ ਰੱਖਣ ਲਈ ਕੇਬਲ ਟੈਲੀਵਿਜ਼ਨ ਨੈਟਵਰਕ ਕਾਨੂੰਨ 1994 ਲਾਗੂ ਕੀਤਾ ਗਿਆ ਸੀ, ਪਰ ਫੈਸ਼ਨ ਟੀ. ਵੀ. ਚੈਨਲ ਦੇ ਬੇਰੋਕ-ਟੋਕ ਪ੍ਰਸਾਰਨ ਸਮੇਤ ਦੂਜੇ ਹੋਰ ਟੀ. ਵੀ. ਚੈਨਲਾਂ ਉਤੇ ਚਲਦੇ ਰਿਐਲਟੀ ਸ਼ੋਅ (ਦਰਅਸਲ ਬਣਾਉਟੀ) ਅਤੇ ਫੈਸ਼ਨ ਸ਼ੋਅ ਨੰਗੇਜ਼ਵਾਦ ਤੇ ਲਚਰਤਾ ਦੀਆਂ ਸਭ ਹੱਦਾਂ ਪਾਰ ਕਰਦੇ ਹੋਏ ਪ੍ਰਤਿਭਾ ਲੱਭਣ ਦੀ ਆੜ ਹੇਠ ਭਾਗ ਲੈਣ ਵਾਲੇ ਨੌਜਵਾਨ ਲੜਕੇ-ਲੜਕੀਆਂ ਅਤੇ ਦਰਸ਼ਕਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰ ਰਹੇ ਹਨ, ਜਿਸ ਨੂੰ ਰੋਕਣ ਲਈ ਸਰਕਾਰ ਅਤੇ ਸੰਬੰਧਿਤ ਮੰਤਰਾਲੇ ਵੱਲੋਂ ਕੋਈ ਸਖ਼ਤ ਕਦਮ ਨਹੀਂ ਉਠਾਏ ਜਾ ਰਹੇ। ਅਸਲ ਹਕੀਕਤ ਇਹ ਹੈ ਕਿ ਬਿਜਲਈ ਮੀਡੀਏ ਅਤੇ ਪ੍ਰਿੰਟ ਮੀਡੀਏ ਦਾ ਇਕ ਵੱਡਾ ਹਿੱਸਾ ਆਪਣੇ ਵਪਾਰਕ ਹਿੱਤਾਂ ਦੀ ਪੂਰਤੀ ਲਈ ਪੱਛਮੀ ਸੱਭਿਆਚਾਰ ਨੂੰ ਘਰ-ਘਰ ਵਿਚ ਪਹੁੰਚਾ ਕੇ ਦੇਸ਼ ਨੂੰ ਸਮਾਜਿਕ, ਸੱਭਿਆਚਾਰਕ, ਆਰਥਿਕ ਤੇ ਜਥੇਬੰਦਕ ਤੌਰ 'ਤੇ ਕਮਜ਼ੋਰ ਕਰ ਰਿਹਾ ਹੈ।

# ਮੇਰੇ ਪਿੰਡ ਦੇ ਉਦਾਸ ਲੋਕ

**ਸਮਾਜਿਕ ਰਿਸ਼ਤਿਆਂ ਵਿੱਚ ਆਈ ਤਰੇੜ ਨਾਲ ਮਾਨਸਿਕ ਉਲਝਣਾਂ ਦੀਆਂ ਤੰਦਾਂ ਉਲਝ ਕੇ ਹੀ ਰਹਿ ਗਈਆਂ ਹਨ। ਚੱਲੀ ਤੱਤੀ ਵਾਅ ਦੇ ਸੇਕ ਨਾਲ ਸੜ ਰਹੇ ਲੋਕ ਕੁਰੀਤੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਹਾਲਤ 'ਚ ਲੋਕ ਨਾ ਤਾਂ ਸੁਖੀ ਰਹਿ ਸਕਦੇ ਹਨ ਤੇ ਨਾ ਹੀ ਅਜੇ ਚੇਤੰਨ ਹੋਣ ਦੀ ਸਮਰੱਥਾ ਰੱਖਦੇ ਹਨ। ਇਹ ਸਭ ਅਲਾਮਤਾਂ ਮੇਰੇ ਪਿੰਡ ਦੇ ਪਿੰਡੇ ਨੂੰ ਜ਼ਖ਼ਮੀ ਕਰ ਰਹੀਆਂ ਹਨ।**



ਆਮ ਪਿੰਡਾਂ ਵਾਂਗ ਮੇਰੇ ਪਿੰਡ ਪੂਹਲੀ ਦੇ ਵੀ ਕੁਝ ਲੋਕ ਉਦਾਸ ਹਨ। ਇਸ ਪਦਾਰਥਵਾਦੀ ਯੁੱਗ ਵਿੱਚ ਲੱਗੀ ਹਰ ਖੇਤਰ ਵਿੱਚ ਬੇਤਹਾਸ਼ਾ ਦੌੜ ਨਾਲ ਹੋ ਰਹੀ ਤਬਦੀਲੀ ਨੇ ਲੋਕਾਂ ਨੂੰ ਆਪਾ-ਧਾਪੀ ਵਿੱਚ ਪਾ ਦਿੱਤਾ ਹੈ। ਯੁੱਗ ਦੇ ਪਲਟਣ ਨਾਲ ਪੁਰਾਣਾ ਸਭ ਕੁਝ ਉਥਲ-ਪੁਥਲ ਹੋ ਰਿਹਾ ਹੈ। ਸਮਾਜਿਕ ਰਿਸ਼ਤਿਆਂ ਵਿੱਚ ਆਈ ਤਰੇੜ ਨਾਲ ਮਾਨਸਿਕ ਉਲਝਣਾਂ ਦੀਆਂ ਤੰਦਾਂ ਉਲਝ ਕੇ ਹੀ ਰਹਿ ਗਈਆਂ ਹਨ। ਚੱਲੀ ਤੱਤੀ ਵਾਅ ਦੇ ਸੇਕ ਨਾਲ ਸੜ ਰਹੇ ਲੋਕ ਕੁਰੀਤੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਹਾਲਤ ਵਿੱਚ ਲੋਕ ਨਾ ਤਾਂ ਸੁਖੀ ਰਹਿ ਸਕਦੇ ਹਨ ਤੇ ਨਾ ਹੀ ਅਜੇ ਚੇਤੰਨ ਹੋਣ ਦੀ ਸਮਰੱਥਾ ਰੱਖਦੇ ਹਨ। ਇਹ ਸਭ ਅਲਾਮਤਾਂ ਮੇਰੇ ਪਿੰਡ ਦੇ ਪਿੰਡੇ ਨੂੰ ਜ਼ਖ਼ਮੀ ਕਰ ਰਹੀਆਂ ਹਨ। ਇਸੇ ਹੀ ਤਰਜ਼ ਵਿੱਚ ਇੱਕ ਦਿਨ ਮੈਂ ਸਾਡੀ ਗਲੀ ਵਿੱਚੋਂ ਲੰਘਦੀ ਮੇਰੀ ਚਾਚੀ ਚਰਨੋਂ ਨੂੰ ਪੁੱਛ ਬੈਠਾ "ਚਾਚੀ ਜੀ, ਤੁਸੀਂ ਤੱਕੜੇ ਰਹਿੰਨੇ ਓ।" ਮੇਰੇ ਪੁੱਛਣ ਦੀ ਦੇਰ ਹੀ ਸੀ ਕਿ ਉਹ ਮੱਥੇ ਉੱਤੇ ਹੱਥ ਰੱਖ ਕੇ ਮੇਰੇ ਵੱਲ ਝਾਕਦੀ ਆਪਣੇ ਦੁੱਖੜੇ ਫਰੋਲਣ ਲੱਗੀ, "ਵੇ ਭਾਈ, ਕਾਹਦੇ ਤਕੜੇ ਆਂ। ਔਹ ਤੇਰਾ ਚਾਚਾ ਜੈ ਵੱਢੜੇ ਨਸ਼ੇ ਨੇ ਐਨਾ ਘੋਰੀ ਬਣਾਤਾ ਕਿ ਖੇਤ-ਬੰਨੇ ਦਾ ਉਹ ਖਹਿੜਾ ਈ ਛੱਡ ਗਿਐ। ਬਸ ਭੁੱਕੜ ਦਾ ਰੱਜਿਆ ਘਰੇ ਈ ਕੂੰਡੇ-ਬੱਠਲੀਆਂ ਵਿੱਚ ਹੱਥ-ਪੈਰ ਮਾਰਦਾ ਰਹਿੰਦੈ। ਮੈਨੂੰ ਤਾਂ ਉਦੋਂ ਬਲਾਈਂ ਬੁਰਾ ਲਗਦੈ ਜਦੋਂ ਭਾਈ ਉਹ ਪਟਿਆਲੇ ਤੋਂ ਲੈ ਕੇ ਦਿੱਲੀ-ਦੱਖਣ ਦੀਆਂ ਗੱਲਾਂ ਕਰਦਾ ਸਾਹ ਨ੍ਹੀਂ ਲੈਂਦਾ। ਔਹ ਫ਼ਸਲ ਏਸ ਨੂੰ ਖੇਤ 'ਚ ਡੀਕਦੀ ਰਹਿੰਦੀ ਐ। ਖੇਤੀ ਵੀ ਭਾਈ ਮੁੰਡਿਆ, ਖਸਮਾਂ ਸੇਤੀ ਹੁੰਦੀ ਐ।"

ਐਨੀ ਗੱਲ ਕਰਦੀ ਚਾਚੀ ਨੇ ਨੇੜੇ ਹੁੰਦੇ ਹੌਲੀ ਆਵਾਜ਼ ਵਿਚ ਦੱਸਿਆ, "ਤੇ ਔਹ ਸਾਡਾ ਕੀਤਾ, ਬਾਰ੍ਹਾਂ ਜਮਾਤਾਂ ਕੀ ਪੜ੍ਹ ਗਿਐ, ਉਹ ਮੋਟਰਸਾਈਕਲ ਤੋਂ ਪੈਰ ਥੱਲੇ ਨ੍ਹੀਂ ਲਾਉਂਦਾ। ਸੌ-ਸੌ ਦੇ ਦੋ ਲੀਲੇ ਲੀਲੇ ਨੋਟ ਲੈ ਜਾਂਦੈ ਰੋਜ਼ ਈ। ਔਹ ਪਿਛਲੇ ਸਾਲ ਨੰਬਰਦਾਰਾਂ ਨੂੰ ਕਿੱਲੇ ਜ਼ਮੀਨ 'ਤੇ ਗੂਠਾ ਲਾਇਆ ਸੀ ਉਹਦੇ ਪਿਓ ਨੇ। ਬਸ ਭੋਰ-ਭੋਰ ਕੇ ਖਾਈ ਜਾਂਦੇ, ਐ ਦੋਵੇਂ ਪਿਓ-ਪੁੱਤ। ਮੈਂ ਤਾਂ ਐਂਈ ਝੁਰੀ ਜਾਨੀ ਆਂ, ਬਈ ਸਾਡੇ ਘਰ ਦਾ ਕੀ ਬਣੂ।" ਐਡੀ ਰਾਮ ਕਹਾਣੀ ਸੁਣਾਉਂਦੀ ਚਾਚੀ ਉਦਾਸ ਹੋ ਗਈ ਸੀ। ਮੈਂ ਚਾਚੀ ਨੂੰ ਦਿਲਾਸਾ ਦਿੰਦੇ ਕਿਹਾ, "ਤੂੰ 'ਕੱਲੀ ਨ੍ਹੀਂ ਔਖੀ। ਔਹ ਆਪਣੇ ਪਿੰਡ 'ਚੋਂ ਚਾਚੀ ਤੂੰ ਉਹ ਘਰ ਦੱਸ। ਜੀਹਦਾ ਪਿਓ ਜਾਂ ਮੁੰਡਾ ਸ਼ਰਾਬ ਜਾਂ ਭੁੱਕੜ ਨ੍ਹੀਂ ਲੈਂਦਾ। ਏਸ ਨਾਮੁਰਾਦ ਬਿਮਾਰੀ ਤੋਂ ਤਾਂ ਕੋਈ ਟਾਵਾਂ ਘਰ ਹੀ ਬਚਿਆ ਹੋਊ ਸਾਰੇ ਪਿੰਡ 'ਚੋਂ।"

ਐਨੀ ਗੱਲ ਕਰਕੇ ਮੈਨੂੰ ਤੁਰਨ ਹੀ ਲੱਗਿਆ ਸੀ। ਹੁਣ ਚਾਚੀ ਨੇ ਫ਼ਿਕਰ ਕਰਦੀ ਨੇ ਪੁੱਛਿਆ, "ਨਾ ਪੁੱਤੇ ਫੇਰ ਆਹ ਆਪਣੇ ਲੋਕਾਂ ਦਾ ਕੀ ਬਣੂੰ। ਭੁੱਕੜ ਖਾ-ਖਾ ਕੇ ਕੱਲ੍ਹ ਦੇ ਜੁਆਕਾਂ ਦੇ ਬੂਥੜ ਸੁੱਕੇ ਪਏ ਐ। ਕੰਮ ਕਰਕੇ ਕੋਈ ਰਾਜ਼ੀ ਨ੍ਹੀਂ। ਫੇਰ ਏਹ ਤਾਂ ਸਾਡੇ ਆਂਗੂੰ ਜ਼ਮੀਨਾਂ ਈ ਵੇਚਣਗੇ।"

ਚਾਚੀ ਦੀ ਇਸ ਪੁੱਛੀ ਗੱਲ ਦੇ ਜਵਾਬ ਮੂਹਰੇ ਮੈਂ ਲਾਜਵਾਬ ਸੀ।

ਐਨੀ ਗੱਲ ਸੁਣਦਾ ਮੈਂ ਉਥੋਂ ਤੁਰ ਪਿਆ। ਹੁਣ ਚਾਚੀ ਮੂੰਹ ਵਿਚ ਬੁੜ-ਬੁੜ ਕਰਦੀ ਜਾ ਰਹੀ ਸੀ।

ਐਂ ਈਂ ਮੈਂ ਪਰਸੋਂ ਤਾਏ ਰੁਲੀਏ ਦਾ ਹਾਲ-ਚਾਲ ਪੁੱਛ ਬੈਠਾ ਸੀ। ਮੇਰੇ ਪੁੱਛਦੇ ਹੀ ਉਸ ਨੇ ਆਪਣੇ ਚਾਰੇ ਮੁੰਡਿਆਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤਆਂ ਸਨ। ਉਹ ਮੇਰੇ ਕੋਲ ਆਪਣੇ ਮਨ ਦੀ ਭੜਾਸ ਕੱਢਣ ਲੱਗਿਆ। ਆਹ ਦੇਖ ਪਾੜ੍ਹਿਆ, ਚਾਰ ਪੁੱਤਾਂ ਦਾ ਮੈਂ ਪਿਉ ਆਂ। ਜਦੋਂ ਏਹ ਜੰਮੇ ਸੀ ਤਾਂ ਮੈਂ ਹਿੱਕ ਕੱਢ ਕੇ ਤੁਰਦਾ ਹੁੰਦਾ ਸੀ। ਪਿੰਡ ਵਿਚੋਂ ਮੇਰਾ ਕੋਈ ਸਾਨੀ ਨ੍ਹੀਂ ਸੀ। ਆਹ ਹੁਣ ਤੂੰ ਮੇਰੇ ਆਹ ਲੀੜੇ ਪਾਏ ਦੇਖ! ਏਨਾ ਨੂੰ ਧੋਤਿਆਂ ਨੂੰ ਪੂਰੇ ਪੰਦਰਾਂ ਦਿਨ ਹੋਗੇ। ਆਹ ਦੁੱਪੜ ਬਣੇ ਪਏ ਐ ਏਹੇ। ਮੇਰੇ ਕਿਸੇ ਪੁੱਤ ਜਾਂ ਨੂੰਹ ਨੇ ਮੈਨੂੰ ਐਂ ਨੀਂ ਕਿਹਾ ਕਿ ਬਾਪੂ ਤੇਰੇ ਕੱਪੜੇ ਧੋ ਦੀਏ।"

ਐਨੀ ਗੱਲ ਕਰਦੇ ਤਾਏ ਰੁਲੀਏ ਨੇ ਮੋਟੇ-ਸ਼ੀਸ਼ੇ ਵਾਲੀ ਐਨਕ ਸੱਜੇ ਹੱਥ ਨਾਲ ਸਾਫ਼ ਕਰਨ ਦੇ ਬਹਾਨੇ ਆਪਣੀਆਂ ਅੱਖਾਂ ਪੂੰਝ ਲਈਆਂ ਸਨ। ਉਹ ਆਪਣੀਆਂ ਅੱਖਾਂ ਦੇ ਭਰਵੱਟੇ ਜਿਹੇ ਹਿਲਾਉਂਦਾ ਹੋਰ ਦੱਸਣ ਲੱਗਿਆ, "ਹਾਂ, ਤੈਨੂੰ ਤਾਂ ਸ਼ੇਰਾ ਪਤਾ ਈ ਹੋਣੈਂ ਕਿ ਚਾਰੇ ਮੁੰਡੇ ਮੈਨੂੰ ਮੀਨ੍ਹਾ-ਮੀਨ੍ਹਾ ਰੋਟੀ ਦਿੰਦੇ ਐ। ਜੇ ਕਿਸੇ ਘਰੇ ਰੋਟੀ ਖਾਂਦੇ ਨੂੰ ਮੀਨ੍ਹੇ ਤੋਂ ਦੋ ਦਿਨ ਵੀ ਉਤੇ ਦੀ ਹੋ ਜਾਣ ਤਾਂ ਉਹ ਨੂੰਹ ਕਹੂ ਬਾਪੂ ਤੈਨੂੰ ਤਾਂ ਸਾਡੇ ਕੰਨੀ ਰੋਟੀ ਖਾਂਦੇ ਨੂੰ ਮੀਨ੍ਹੇ ਤੋਂ ਦੋ ਟੱਪਗੇ ਐ। ਹੁਣ ਤੂੰ ਮਲਕੀਤੇ ਕਿਆਂ ਕੰਨੀ ਚਲਾ ਜਾਹ। ਪਾੜ੍ਹਿਆ, ਕਈ ਆਰੀ ਐ ਚਿੱਤ ਕਰਦੈ ਕਿ ਕੋਈ ਖੂਹ-ਖਾਤਾ ਗੰਦਾ ਕਰਦਿਆਂ। ਫੇਰ ਸੋਚੀਦੈ ਬੀ ਸਾਲੇ ਫੇਰ ਵੀ ਆਪਣੇ ਮੁੰਡੇ ਐ। ਕਾਹਨੂੰ ਏਨ੍ਹਾ ਨੂੰ ਹੁਣ ਮੂੰਹ-ਕਾਲਸ ਦਿਵਾਉਣੀ ਐਂ। ਏਹ ਤਾਂ ਕਲਯੁੱਗ ਐ ਭਾਈ। ਏਥੇ ਬੁੜ੍ਹਿਆਂ ਨੂੰ ਟੁੱਕ ਦੀ ਬੁਰਕੀ ਪਿੱਛੇ ਔਲਾਦ ਤੇ ਬਾਹਲਾ ਕੁਝ ਕਹਾਉਣਾ ਪੈਂਦੈ।" ਐਨੀਆਂ ਗੱਲਾਂ ਕਰਦਾ ਤਾਇਆ ਰੁਲੀਆ ਉਦਾਸ ਹਾਓਕਾ ਭਰਦਾ ਅੱਗੇ ਤੁਰ ਗਿਆ। ਮੈਂ ਤਾਏ ਦੀਆਂ ਗੱਲਾਂ ਬਾਰੇ ਸੋਚਦਾ ਜਾ ਰਿਹਾ ਸੀ ਕਿ ਸੱਥ ਵਿੱਚ ਖੜ੍ਹੇ ਬੰਦਿਆਂ ਵਿੱਚੋਂ ਮੈਨੂੰ ਨਰ ਸਿਓਂ ਨੇ ਪੁੱਛਿਆ, "ਕਿਮੇਂ ਐਂ ਪਾੜ੍ਹਿਆ ਜਮਾਂ ਈ ਨੀਵੀਂ ਜੀ ਪਾਈ ਕੀ ਸੋਚਦਾ ਜਾਨੈ ਤੂੰ।" ਮੈਂ ਉਨ੍ਹਾਂ ਕੋਲ ਖੜ੍ਹ ਗਿਆ। ਮੈਂ ਤਾਏ ਰੁਲੀਏ ਦੀ ਸੁਣੀ ਵਿੱਥਿਆ ਉਨ੍ਹਾਂ ਨੂੰ ਸੁਣਾਈ। ਕੋਲ ਖੜ੍ਹੇ ਬੰਦਿਆਂ ਵਿੱਚੋਂ ਬਖ਼ਸ਼ੀਸ਼ ਬੋਲਿਆ, "ਜਣੀਂ ਦੀ, ਜਦੋਂ ਦੀ ਰੁਲੀਏ ਦੇ ਘਰੋਂ ਗੁਜ਼ਰੀ ਐ, ਉਦੋਂ ਤੋਂ ਰੁਲੀਆ ਬਸ ਰੁਲ ਕੇ ਈ ਰਹਿ ਗਿਐ ਵਿਚਾਰਾ। ਸਹੁਰੇ ਮੁੰਡਿਆ ਨੇ ਤਾਂ ਜਿਮੇਂ ਉਸ ਨੂੰ ਭੁਲਾ ਈ ਦਿੱਤੈ।"

ਹਰਬੰਸ ਨੇ ਕਿਹਾ, "ਬਾਈ, ਭਾਵੇਂ ਮੁੰਡੇ ਕਿੰਨੇ ਈ ਚੰਗੇ ਹੋਣ ਜਦੋਂ ਆਹ ਨਾਲ ਦਾ ਜੀਵਨ-ਸਾਥੀ 'ਤੁਰਜੇ' ਨਾ ਫੇਰ ਤਾਂ ਬੰਦਾ ਓਦਰ ਈ ਜਾਂਦੈ।"

ਬਖ਼ਸ਼ੀਸ਼ ਨੇ ਮਨ ਵਿੱਚ ਪੀੜ ਜਿਹੀ ਮਹਿਸੂਸ ਕਰਦੇ ਦੱਸਿਆ, "ਗੱਲ ਤਾਂ ਤੇਰੀ ਏ ਚਾਲੀ-ਸੇਰੀ ਐ ਬੰਸਿਆ। ਆਹ ਮੇਰੇ ਅੱਲ ਦੇਖ ਲੈ, ਨਾਲੇ ਮੈਂ ਉਮਰ ਭੋਗੀ ਬੈਠਾਂ ਹੁਣ ਅੱਸੀਆਂ ਵਰ੍ਹਿਆਂ ਤੋਂ ਟੱਪ ਚੱਲਿਆਂ। ਆਹ ਜਿੱਦਣ ਦੀ ਮੁੰਡਿਆਂ ਦੀ ਮਾਂ ਮਰੀ ਐ ਨਾ, ਸਾਲਾ ਮਨ ਈ ਕਦੇ ਖੁਸ਼ ਨੀਂ ਰਿਹਾ। ਡਮਾਰਾ ਉਧਰੇ ਈ ਲੱਗਿਆ ਰਹਿੰਦੈ। ਨਾਲੇ ਮੇਰੇ ਮੁੰਡੇ ਮੈਨੂੰ ਹੱਥੀਂ ਛਾਮਾਂ ਕਰਦੇ ਐ। 'ਕੱਲਤਾ ਤਾਂ ਬੰਦੇ ਨੂੰ ਘੁਣ ਆਗੂੰ ਖਾ ਜਾਂਦੀ ਐ। ਰਾਤ ਨੂੰ 'ਕੱਲੇ ਪਏ ਹੋਰ ਈ ਸੋਚਾਂ ਸੋਚੀ ਜਾਨੇ ਆਂ। 'ਕੱਲੇ ਬੰਦੇ ਤੋਂ ਤਾਂ ਕੰਧਾਂ ਵੀ ਮੁੱਖ ਮੋੜ ਲੈਂਦੀਐਂ।"

ਕ੍ਰਿਪਾਲ ਨੇ ਹੱਸਦੇ ਹੋਏ ਕਿਹਾ, "ਓਏ ਬਾਈ, ਤੂੰ ਤਾਂ ਮੇਰਾ ਵੀ ਦਿਲ ਡੇਗੀ ਜਾਨੈ। ਆਹ ਮੈਂ ਉਦੋਂ ਮਸਾਂ ਪੰਜਾਹਾਂ ਦ ਾ ਸੀ ਜਦੋਂ ਮੇਰੇ ਘਰ ਆਲੀ ਦੁਨੀਆਂ ਤੋਂ ਕੂਚ ਕਰਗੀ ਸੀ। ਮੈਂ ਤਾਂ ਓਦਣ ਦਾ ਮਨ ਈ ਕਰੜਾ ਕਰ ਲਿਐ। ਜਦੋਂ ਰੱਬ ਨੇ ਈ 'ਕੱਲੇ ਰੱਖਤੇ ਤਾਂ ਰਹਿਣਾ ਪਊ। ਸੋਚਾਂ-ਸੋਚੀ ਜਾਂਦੇ ਦਾ ਮਨ ਤਾਂ ਕਈ ਆਰੀ ਘਾਊਂ-ਮਾਊਂ ਹੋ ਜਾਂਦੈ ਪਰ ਫੇਰ ਹੌਸਲਾ ਕਰ ਲਈਦੈ ਮਨ ਹੋਰ ਈ ਪਾਸੇ ਲਾਈਦੈ।

ਤਾਰ ਨੇ ਹੌਂਕਾ ਲੈ ਕੇ ਕਿਹਾ, "ਭਾਵੇਂ ਤੀਮੀਂ ਹੋਵੇ ਚਾਹੇ ਬੰਦਾ। ਜਦੋਂ ਏਨ੍ਹਾਂ ਵਿੱਚੋਂ ਇੱਕ 'ਤੁਰਜੇ' ਤਾਂ ਫੇਰ ਦੂਜੇ ਨੂੰ ਦਿਨ-ਕਟੀ ਕਰਨੀ ਐਸ ਉਮਰ ਵਿੱਚ ਔਖੀ ਹੋ ਜਾਂਦੀ ਐ। ਬਖ਼ਸ਼ੀਸ਼ ਨੇ ਕਿਹਾ, "ਨਹੀਂ ਤਾਰ! ਮਨ ਨਾਲ ਉਮਰਾਂ ਦਾ ਕੋਈ ਸਬੰਧ ਨ੍ਹੀਂ ਹੁੰਦਾ। ਏਹ ਤਾਂ ਮਰਦੇ ਦਮ ਤਕ ਜੋੜੀ ਬਣੀ ਰਹੇ ਤਾਂ ਹੀ ਚੈਨ ਆਉਂਦੈ ਦੋ ਜੀਆਂ ਨੂੰ। ਹਰਬੰਸ ਨੇ ਦੱਸਿਆ ਕਿ ਮੌਤ ਵੀ ਤਾਂ ਬੰਦੇ ਨੇ ਆਪ ਈ ਸਹੇੜੀ ਐਂ। ਆਹ ਜਿੰਨੇ ਆਪਣੇ ਪਿੰਡ ਵਿਚ ਮਰੇ ਐ ਬੁੜ੍ਹਾ ਹੋ ਕੇ ਤਾਂ ਕੋਈ ਹੀ ਮਰਿਆ ਹੋਊ। ਨਹੀਂ ਤਾਂ ਕੋਈ ਦੁਰਘਟਨਾ ਨਾਲ, ਕੋਈ ਮਾੜੀ ਔਲਾਦ ਦਾ ਸਤਾਇਆ, ਕੋਈ ਕਰਜ਼ਈ ਹੋ ਕੇ ਫਾਹਾ ਲੈ ਕੇ ਮਰ ਜਾਂਦੈ। ਕੋਈ ਏਥੇ ਲਾਲਚ ਵਿਚ ਤਰੱਕੀ ਕਰਦਾ ਮਾਨਸਿਕ-ਸੰਤੁਲਨ ਹੀ ਖੋਹ ਬੈਠਦੈ। ਆਹ ਨਸ਼ਿਆਂ ਨਾਲ ਤਾਂ ਆਪਣੇ ਪਿੰਡ 'ਚੋਂ ਜਵਾਨ ਮੁੰਡੇ ਬਾਹਲੇ ਈ ਮਰੇ ਐ।" ਹੁਣ ਉਥੇ ਖੜ੍ਹੇ ਬੰਦੇ ਆਪਸ ਵਿੱਚ ਬਿਗਾਨੀਆਂ ਜਿਹੀਆਂ ਨਜ਼ਰਾਂ ਨਾਲ ਨਜ਼ਰਾਂ ਮਿਲਾਉਂਦੇ ਉਦਾਸ ਤੇ ਚੁੱਪ ਸਨ।

-ਬੰਤ ਸਿੰਘ ਚੱਠਾ





**ਪੌੜੀਆਂ 'ਚੋਂ ਪਿਆਨੋ ਦੀ ਆਵਾਜ਼**

**ਰੇਂਸ (ਫਰਾਂਸ) 'ਚ ਇਕ ਸਬਵੇਅ ਦੀਆਂ ਪੌੜੀਆਂ ਵਰਗੇ ਸੰਤਰ 'ਤੇ ਤੁਰਦੇ ਲੋਕ, ਜੋ ਅਸਲ ਵਿਚ ਇਕ ਸੰਗੀਤਮਈ ਕੀ-ਬੋਰਡ ਹੈ। ਇਸ ਦੀ ਹਰੇਕ ਕੀ 'ਤੇ ਪੈਰ ਪੈਣ 'ਤੇ ਵੱਖ ਵੱਖ ਤਰ੍ਹਾਂ ਦਾ ਸੰਗੀਤ ਨਿਕਲਦਾ ਹੈ ਜੋ ਹੌਲੀ ਹੌਲੀ ਰਾਗ ਵਿਚ ਬਦਲ ਜਾਂਦਾ ਹੈ।**

# ਪੰਜਾਬ 'ਚ ਕੈਂਸਰ ਦਾ ਕਹਿਰ-ਹੋਰ ਕਿੰਨੀਆਂ ਜਾਨਾਂ ਜਾਣਗੀਆਂ?

ਪੰਜਾਬ ਵਿੱਚ ਕੈਂਸਰ ਦੇ ਮਰੀਜ਼ਾਂ ਸਬੰਧੀ ਕੀਤੇ ਗਏ ਸਰਵੇਖਣ ਦੇ ਅੰਕੜੇ ਪ੍ਰੇਸ਼ਾਨ ਕਰਨ ਵਾਲੇ ਹਨ। ਸਿਹਤ ਵਿਭਾਗ ਵੱਲੋਂ ਪਿਛਲੇ ਮਹੀਨੇ ਘਰ-ਘਰ ਜਾ ਕੇ ਕੈਂਸਰ ਪੀੜਤਾਂ ਸਬੰਧੀ ਜਾਣਕਾਰੀ ਇਕੱਠੀ ਕਰਨ ਲਈ ਸ਼ੁਰੂ ਕੀਤੀ ਗਈ ਮੁਹਿੰਮ ਦੀ ਰਿਪੋਰਟ ਅਨੁਸਾਰ ਸੂਬੇ ਵਿੱਚ ਹਰ ਰੋਜ਼ ਕੈਂਸਰ ਨਾਲ 18 ਵਿਅਕਤੀਆਂ ਦੀ ਮੌਤ ਹੋ ਜਾਂਦੀ ਹੈ। ਪੰਜਾਬ ਵਿੱਚ ਕੈਂਸਰ ਪੀੜਤਾਂ ਦੀ ਗਿਣਤੀ ਵੀ ਕੌਮੀ ਔਸਤ ਨਾਲੋਂ ਵੱਧ ਹੈ। ਅੰਕੜਿਆਂ ਅਨੁਸਾਰ ਕੌਮੀ ਪੱਧਰ 'ਤੇ ਇੱਕ ਲੱਖ ਦੀ ਅਬਾਦੀ ਪਿੱਛੇ 80 ਵਿਅਕਤੀਆਂ ਦੀ ਮੌਤ ਕੈਂਸਰ ਨਾਲ ਹੋ ਰਹੀ ਹੈ ਜਦੋਂ ਕਿ ਪੰਜਾਬ ਵਿੱਚ ਇਹ ਗਿਣਤੀ 90 ਹੈ। ਇਸੇ ਤਰ੍ਹਾਂ ਕੌਮੀ ਪੱਧਰ 'ਤੇ ਇੱਕ ਲੱਖ ਦੀ ਅਬਾਦੀ ਮਗਰ 211 ਵਿਅਕਤੀ ਕੈਂਸਰ ਦੀ ਬੀਮਾਰੀ ਨਾਲ ਪੀੜਤ ਹਨ ਜਦੋਂ ਕਿ ਪੰਜਾਬ ਵਿੱਚ ਇਹ ਦਰ 215.9 ਮਰੀਜ਼ ਪ੍ਰਤੀ ਲੱਖ ਦਰਜ ਕੀਤੀ ਗਈ ਹੈ। ਸੂਬੇ ਦੇ ਮਾਲਵਾ ਖੇਤਰ ਵਿੱਚ ਤਾਂ ਸਥਿਤੀ ਹੋਰ ਵੀ ਬਦਤਰ ਹੈ ਜਿੱਥੇ ਇਹ ਗਿਣਤੀ 250.8 ਹੈ। ਰਿਪੋਰਟ ਅਨੁਸਾਰ ਕੈਂਸਰ ਦਾ ਪ੍ਰਕੋਪ ਹੁਣ ਇਕੱਲੇ ਮਾਲਵਾ ਖੇਤਰ ਵਿੱਚ ਨਹੀਂ ਸਗੋਂ ਪੂਰੇ ਪੰਜਾਬ ਵਿੱਚ ਇਸ ਨੇ ਪੈਰ ਪਸਾਰ ਲਏ ਹਨ। ਦੁਆਬਾ ਖੇਤਰ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਔਸਤ ਗਿਣਤੀ 224.5 ਪ੍ਰਤੀ ਲੱਖ ਹੈ ਜਦੋਂ ਕਿ ਮਾਝੇ ਵਿੱਚ ਇਹ ਦਰ 166 ਦੇ ਕਰੀਬ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਸੂਬੇ ਦੇ ਮੁੱਖ ਮੰਤਰੀ ਦੇ ਜੱਦੀ ਜ਼ਿਲ੍ਹੇ ਮੁਕਤਸਰ ਵਿੱਚ ਕੈਂਸਰ ਦੀ ਮਾਰ ਸਾਰੇ ਜ਼ਿਲ੍ਹਿਆਂ ਤੋਂ ਜ਼ਿਆਦਾ ਹੈ ਜਿੱਥੇ ਇੱਕ ਲੱਖ ਦੀ ਅਬਾਦੀ ਪਿੱਛੇ 136.3 ਮੌਤਾਂ ਹੋ ਚੁੱਕੀਆਂ ਹਨ ਅਤੇ ਪੂਰੇ ਸੂਬੇ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਕੈਂਸਰ ਕਾਰਨ 33,318 ਵਿਅਕਤੀ ਜਾਨ ਤੋਂ ਹੱਥ ਧੋ ਬੈਠੇ ਹਨ। ਕੈਂਸਰ ਦੀ ਮਹਾਂਮਾਰੀ ਨੂੰ ਹੋਰ ਵਧਣ-ਫੁੱਲਣ ਤੋਂ ਰੋਕਣ ਲਈ ਪੰਜਾਬ ਸਰਕਾਰ ਨੇ ਇਸ ਸਬੰਧੀ ਜਾਗਰੂਕਤਾ ਪੈਦਾ ਕਰਨ ਅਤੇ ਪੀੜਤ ਮਰੀਜ਼ਾਂ ਦੀ ਮੁਢਲੇ ਪੜਾਅ 'ਤੇ ਹੀ ਪਛਾਣ ਕਰਨ ਲਈ ਸਰਵੇਖਣ ਕਰਨ ਦਾ ਇਹ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਨਾ ਕੇਵਲ ਭਾਰਤ ਬਲਕਿ ਸਮੁੱਚੇ ਵਿਸ਼ਵ ਵਿੱਚ ਇਹ ਇੱਕ ਵਿਲੱਖਣ ਅਤੇ ਨਿਵੇਕਲਾ ਸਰਵੇ ਕੀਤਾ ਗਿਆ ਹੈ ਜਿਸ ਵਿੱਚ ਕੈਂਸਰ ਪੀੜਤਾਂ ਦੇ ਅੰਕੜੇ ਇਕੱਤਰ ਕਰਨ ਤੋਂ ਇਲਾਵਾ ਇਸ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਪ੍ਰਭਾਵਿਤ ਮਰੀਜ਼ਾਂ ਨੂੰ ਲੋੜੀਂਦੀ ਸਹਾਇਤਾ ਅਤੇ ਸਹੀ ਇਲਾਜ ਸਬੰਧੀ ਜਾਣਕਾਰੀ ਵੀ ਦਿੱਤੀ ਗਈ ਹੈ। ਇਸ ਮੁਹਿੰਮ ਅਧੀਨ ਸੂਬੇ ਦੇ 12,603 ਪਿੰਡਾਂ ਸਮੇਤ 217 ਸ਼ਹਿਰਾਂ ਅਤੇ ਕਸਬਿਆਂ ਦੇ 2 ਕਰੋੜ 64 ਲੱਖ 84 ਹਜ਼ਾਰ ਚਾਰ ਸੌ ਚੌਂਤੀ ਵਿਅਕਤੀਆਂ ਦੀ ਜਾਂਚ ਕੀਤੀ ਗਈ ਹੈ ਅਤੇ ਇਸ 'ਤੇ 1.7 ਕਰੋੜ ਰੁਪਏ ਖਰਚ ਹੋਏ ਹਨ। ਇਸ ਮੁਹਿੰਮ ਦੇ ਅਗਲੇ ਪੜਾਅ ਵਿੱਚ ਪੀ. ਜੀ. ਆਈ. ਚੰਡੀਗੜ੍ਹ ਦੀਆਂ ਟੀਮਾਂ ਦੁਆਰਾ ਸਰਵੇ ਤਹਿਤ ਪਛਾਣੇ ਗਏ 80,000 ਦੇ ਲਗਪਗ ਕੈਂਸਰ ਪੀੜਤਾਂ ਦੀ ਜਾਂਚ ਅਤੇ ਸਾਂਭ-ਸੰਭਾਲ ਕੀਤੀ ਜਾਵੇਗੀ। ਕੈਂਸਰ ਦੇ ਪ੍ਰਕੋਪ ਤੋਂ ਚਿੰਤਤ ਹੋਈ ਸੂਬਾ ਸਰਕਾਰ ਵੱਲੋਂ ਪਿਛਲੇ ਮਹੀਨੇ ਕਰਵਾਇਆ ਗਿਆ ਸਰਵੇਖਣ ਕਾਫ਼ੀ ਮਹੱਤਵਪੂਰਨ ਕਿਹਾ ਜਾ ਸਕਦਾ ਹੈ। ਇਸ ਨਾਲ ਕੈਂਸਰ ਪੀੜਤਾਂ ਬਾਰੇ ਠੋਸ ਜਾਣਕਾਰੀ ਪ੍ਰਾਪਤ ਹੋਣ ਦੇ ਨਾਲ-ਨਾਲ ਜਾਗਰੂਕਤਾ ਵੀ ਪੈਦਾ ਹੋਈ ਹੈ। ਸਰਕਾਰ ਵੱਲੋਂ ਕੈਂਸਰ ਪੀੜਤਾਂ ਦੀ ਰਾਹਤ ਲਈ ਵਿਸ਼ੇਸ਼ ਫੰਡ ਵੀ ਕਾਇਮ ਕੀਤਾ ਗਿਆ ਹੈ ਜਿਸ ਤਹਿਤ ਲੋੜਵੰਦਾਂ ਨੂੰ ਡੇਢ ਲੱਖ ਰੁਪਏ ਤਕ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬਠਿੰਡਾ ਅਤੇ ਮੁਹਾਲੀ ਵਿਖੇ ਨਿੱਜੀ ਭਾਈਵਾਲੀ ਨਾਲ ਕੈਂਸਰ ਹਸਪਤਾਲ ਵੀ ਖੋਲ੍ਹੇ ਗਏ ਹਨ। ਹਾਲ ਹੀ ਵਿੱਚ ਕੇਂਦਰ ਸਰਕਾਰ ਵੱਲੋਂ ਸੰਗਰੂਰ ਵਿਖੇ 300 ਬਿਸਤਰਿਆਂ ਵਾਲੇ 25 ਏਕੜ 'ਚ ਇੱਕ ਵਿਸ਼ੇਸ਼ ਕੈਂਸਰ ਹਸਪਤਾਲ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ ਜਿਸ 'ਤੇ ਇੱਕ ਹਜ਼ਾਰ ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਸਰਕਾਰਾਂ ਤੋਂ ਇਲਾਵਾ ਕਈ ਸਮਾਜ ਸੇਵੀ ਸੰਸਥਾਵਾਂ ਵੀ ਇਸ ਖੇਤਰ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਅ ਰਹੀਆਂ ਹਨ। ਲੰਡਨ ਸਥਿਤ ਇੱਕ ਸੰਸਥਾ ਵੱਲੋਂ ਵੀ ਸੂਬੇ ਵਿੱਚ ਇਸ ਬੀਮਾਰੀ ਦੀ ਅਗਾਊਂ ਜਾਂਚ ਲਈ ਕੈਂਪ ਲਗਾਉਣੇ ਸ਼ੁਰੂ ਕੀਤੇ ਗਏ ਹਨ। ਇਹ ਯਤਨ ਭਾਵੇਂ ਚੰਗਾ ਉੱਦਮ ਹਨ ਪਰ ਸੂਬੇ ਵਿੱਚ ਕੈਂਸਰ ਦੇ ਕਹਿਰ ਨੂੰ ਦੇਖਦਿਆਂ ਇਹ ਕਾਫ਼ੀ ਨਹੀਂ ਕਹੇ ਜਾ ਸਕਦੇ। ਪੀੜਤਾਂ ਨੂੰ ਆਰਥਿਕ ਮਦਦ ਤੋਂ ਇਲਾਵਾ ਇਸ ਬੀਮਾਰੀ ਦੀ ਮੁਢਲੇ ਪੜਾਅ ਵਿੱਚ ਹੀ ਰੋਕਥਾਮ ਲਈ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਲੋੜੀਂਦਾ ਬੁਨਿਆਦੀ ਢਾਂਚਾ ਉਸਾਰਨ ਦੀ ਜ਼ਰੂਰਤ ਹੈ। ਸੌੜੇ ਸਿਆਸੀ ਮੰਤਵਾਂ ਲਈ ਮਾਨਸਾ ਅਤੇ ਫ਼ਰੀਦਕੋਟ ਵਿਖੇ ਲਗਾਏ ਮੈਗਾ ਕੈਂਪਾਂ ਦੀ ਥਾਂ ਠੋਸ ਅਤੇ ਪ੍ਰਭਾਵਸ਼ਾਲੀ ਨੀਤੀ ਬਣਾਉਣ ਦੀ ਜ਼ਰੂਰਤ ਹੈ ਜਿਸ ਨਾਲ ਮਰੀਜ਼ਾਂ ਨੂੰ ਸਮੇਂ-ਸਮੇਂ ਲੋੜੀਂਦੀ ਰਾਹਤ ਮਿਲ ਸਕੇ। ਇਲਾਜ ਤੋਂ ਇਲਾਵਾ ਇਸ ਬੀਮਾਰੀ ਦੇ ਬੁਨਿਆਦੀ ਕਾਰਨਾਂ ਸਬੰਧੀ ਜਾਂਚ ਕਰ ਕੇ ਉਹ ਸਮੱਸਿਆਵਾਂ ਦੂਰ ਕਰਨ ਦੀ ਲੋੜ ਹੈ ਤਾਂ ਜੋ ਇਸ ਤੋਂ ਮੁੱਢ ਵਿੱਚ ਹੀ ਬਚਿਆ ਜਾ ਸਕੇ। ਸੂਬੇ ਦੇ ਲੋਕਾਂ ਨੂੰ ਪੀਣ ਲਈ ਸਾਫ਼ ਅਤੇ ਸ਼ੁੱਧ ਪਾਣੀ ਮੁਹੱਈਆ ਕਰਵਾਇਆ ਜਾਣਾ ਜ਼ਰੂਰੀ ਹੈ।

ਇਸ ਤੋਂ ਇਲਾਵਾ ਸ਼ਰਾਬ ਅਤੇ ਤੰਬਾਕੂ ਜਿਹੇ ਨਸ਼ਿਆਂ 'ਤੇ ਪਾਬੰਦੀ ਲਾਉਣ ਦੀ ਵੀ ਜ਼ਰੂਰਤ ਹੈ। ਪ੍ਰਦੂਸ਼ਣ ਨੂੰ ਰੋਕਣ ਲਈ ਕਾਰਗਰ ਯਤਨ ਕਰਨੇ ਲੋੜੀਂਦੇ ਹਨ। ਲੋਕਾਂ ਨੂੰ ਵੀ ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ। ਚਰਬੀ ਵਾਲਾ ਭੋਜਨ ਅਤੇ ਕਸਰਤ ਦੀ ਘਾਟ ਕੈਂਸਰ ਦਾ ਕਾਰਨ ਬਣ ਸਕਦੇ ਹਨ। ਉਘੇ ਕੈਂਸਰ ਮਾਹਿਰਾਂ ਅਨੁਸਾਰ ਸਾਫ਼-ਸੁਥਰਾ ਭੋਜਨ ਅਤੇ ਸਹੀ ਵਕਤ 'ਤੇ ਇਲਾਜ ਨਾਲ ਕੈਂਸਰ ਦੇ ਕਹਿਰ ਤੋਂ ਬਚਿਆ ਜਾ ਸਕਦਾ ਹੈ। ਕੈਂਸਰ ਦੇ ਲਗਾਤਾਰ ਵਧ ਰਹੇ ਪ੍ਰਕੋਪ ਨੂੰ ਰੋਕਣ ਲਈ ਸਰਕਾਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਯਤਨ ਕੀਤੇ ਜਾਣ ਦੇ ਨਾਲ-ਨਾਲ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕਰਨ ਦੀ ਵੀ ਜ਼ਰੂਰਤ ਹੈ। ਕੈਂਸਰ ਨਾਲ ਸਭ ਤੋਂ ਵੱਧ ਮੌਤਾਂ ਲੁਧਿਆਣਾ ਜ਼ਿਲ੍ਹੇ ਵਿੱਚ 3532 ਹਨ, ਉਸ ਤੋਂ ਬਾਅਦ ਕੈਂਸਰ ਨੇ ਜਲੰਧਰ ਦੇ 3041 ਤੇ ਅੰਮ੍ਰਿਤਸਰ ਵਿੱਚ 2481 ਲੋਕਾਂ ਨੂੰ ਨਿਗਲ ਲਿਆ ਹੈ। ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਸਭ ਤੋਂ ਘੱਟ 359 ਮੌਤਾਂ, ਉਸ ਤੋਂ ਬਾਅਦ ਨਵਾਂਸ਼ਹਿਰ ਵਿੱਚ 468 ਤੇ ਬਰਨਾਲਾ ਵਿੱਚ 638 ਮੌਤਾਂ ਦੱਸੀਆਂ ਗਈਆਂ ਹਨ।

ਪੰਜਾਬ ਸਰਕਾਰ ਵੱਲੋਂ ਕੈਂਸਰ ਪੀੜਤਾਂ ਦੀ ਮਦਦ ਲਈ ਇੱਕ ਸਕੀਮ ਤਹਿਤ ਡੇਢ ਲੱਖ ਰੁਪਏ ਦਿੱਤੇ ਜਾਣ ਲੱਗ ਪਏ ਹਨ। ਇਸ ਲਈ ਬਜਟ ਵਿੱਚ ਪੈਸੇ ਦਾ ਬਕਾਇਦਾ ਪ੍ਰਬੰਧ ਕੀਤਾ ਗਿਆ ਹੈ।

# ਭਗਵੰਤ ਸਿੰਘ ਮਾਨ ਦੇ ਐਲਾਨ ਤੋਂ 24 ਘੰਟਿਆਂ ਦੇ ਅੰਦਰ, ਪੰਜਾਬ ਸਰਕਾਰ ਵੱਲੋਂ ਪ੍ਰਾਈਵੇਟ ਸਕੂਲਾਂ ਦੁਆਰਾ ਮਨਮਾਨੇ ਢੰਗ ਨਾਲ ਫੀਸਾਂ ਵਿੱਚ ਵਾਧੇ ’ਤੇ ਰੋਕ ਲਈ ਕਾਨੂੰਨ ਦਾ ਖਰੜਾ ਬਣਾਉਣ ਦੇ ਹੁਕਮ

**➢ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਕੂਲ ਸਿੱਖਿਆ ਸਕੱਤਰ ਨੂੰ ਲਿਖਿਆ ਪੱਤਰ, ਵਿਭਾਗ ਨੂੰ ਫੀਸ ਢਾਂਚੇ ’ਚ ਸੁਧਾਰਾਤਮਕ ਉਪਾਵਾਂ ਨੂੰ ਤੇਜ਼ੀ ਨਾਲ ਲਾਗੂ ਕਰਨ ਦੇ ਦਿੱਤੇ ਨਿਰਦੇਸ਼ ➢ ਸਰਕਾਰ 32 ਲੱਖ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਫੀਸਾਂ ’ਚ ਮਨਮਾਨੇ ਵਾਧੇ ਤੋਂ ਬਚਾਉਣ ਲਈ ਵਚਨਬੱਧ: ਹਰਜੋਤ ਸਿੰਘ ਬੈਂਸ**

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪ੍ਰਾਈਵੇਟ ਸਕੂਲਾਂ ਵੱਲੋਂ ਮਨਮਾਨੇ ਢੰਗ ਨਾਲ ਫੀਸਾਂ ਵਿੱਚ ਵਾਧੇ ਨੂੰ ਰੋਕਣ ਲਈ ਵਿਆਪਕ ਸੁਧਾਰਾਂ ਦੇ ਐਲਾਨ ਦੇ 24 ਘੰਟਿਆਂ ਤੋਂ ਵੀ ਘੱਟ ਸਮੇਂ ਅੰਦਰ ਪੰਜਾਬ ਸਰਕਾਰ ਨੇ ਇਸ ਫੈਸਲੇ ਨੂੰ ਕਾਨੂੰਨ ’ਚ ਬਦਲਣ ਲਈ ਤੇਜ਼ੀ ਨਾਲ ਕਦਮ ਚੁੱਕੇ ਹਨ। ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਨੂੰ ਪੱਤਰ ਲਿਖ ਕੇ ਤੁਰੰਤ ਕਾਨੂੰਨ ਦਾ ਖਰੜਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਨੂੰ ਨਿਯਮਤ ਕਰਨ ਦੇ ਨਾਲ-ਨਾਲ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਇਆ ਜਾ ਸਕੇ, ਜਿਸ ਨਾਲ 32 ਲੱਖ ਤੋਂ ਵੱਧ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਾਜਾਇਜ਼ ਵਿੱਤੀ ਬੋਝ ਤੋਂ ਨਿਜਾਤ ਮਿਲੇਗੀ।

ਇਹ ਪ੍ਰਸਤਾਵਿਤ ਕਾਨੂੰਨ ਸਾਲਾਨਾ ਫੀਸ ਵਾਧੇ ਨੂੰ 5 ਫੀਸਦ ਤੱਕ ਸੀਮਤ ਕਰੇਗਾ ਅਤੇ ਪਿਛਲੇ ਤਿੰਨ ਸਾਲਾਂ ਵਿੱਚ ਨਿਰਧਾਰਤ 15 ਫੀਸਦ ਸੀਮਾ ਤੋਂ ਵੱਧ ਫੀਸਾਂ ਵਧਾਉਣ ਵਾਲੇ ਸਕੂਲਾਂ ਨੂੰ ਵਿਦਿਆਰਥੀਆਂ ਦੇ ਮਾਪਿਆਂ ਤੋਂ ਲਈ ਗਈ ਵਾਧੂ ਫੀਸ ਵਾਪਸ ਕਰਨੀ ਹੋਵੇਗੀ। ਇਹ ਕਦਮ ਪੰਜਾਬ ਸਰਕਾਰ ਦੁਆਰਾ ਸਿੱਖਿਆ ਖੇਤਰ ਵਿੱਚ ਮੁਨਾਫ਼ਾਖੋਰੀ ਨੂੰ ਰੋਕਣ ਅਤੇ ਇਹ ਯਕੀਨੀ ਬਣਾਉਣ ਲਈ ਇੱਕ ਫੈਸਲਾਕੁੰਨ ਕਦਮ ਹੈ ਕਿ ਪ੍ਰਾਈਵੇਟ ਸਕੂਲ ਵਪਾਰਕ ਲਾਭ ਦੀ ਬਜਾਏ ਵਿਦਿਆਰਥੀਆਂ ਅਤੇ ਮਾਪਿਆਂ ਦੇ ਹਿੱਤ ਲਈ ਕੰਮ ਕਰਨ।

ਆਪਣੇ ਹੁਕਮਾਂ ਵਿੱਚ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਪਹੁੰਚਯੋਗ ਅਤੇ ਕਿਫਾਇਤੀ ਸਿੱਖਿਆ ਪ੍ਰਦਾਨ ਕਰਨਾ ਸਾਡੀ ਸਰਕਾਰ ਦੀਆਂ ਸਭ ਤੋਂ ਵੱਡੀਆਂ ਤਰਜੀਹਾਂ ਵਿੱਚੋਂ ਇੱਕ ਹੈ। ਇਸ ਸਮੇਂ ਪੰਜਾਬ ਭਰ ਦੇ ਲਗਭਗ 7,800 ਪ੍ਰਾਈਵੇਟ ਸਕੂਲਾਂ ਵਿੱਚ 32 ਲੱਖ ਤੋਂ ਵੱਧ ਵਿਦਿਆਰਥੀ ਪੜ੍ਹ ਰਹੇ ਹਨ। ਇਹ ਵਿਦਿਆਰਥੀ ਅਤੇ ਉਨ੍ਹਾਂ ਦੇ ਪਰਿਵਾਰ ਮਨਮਾਨੇ ਢੰਗ ਨਾਲ ਫੀਸਾਂ ਵਿੱਚ ਵਾਧੇ ਵਿਰੁੱਧ ਮਜ਼ਬੂਤ



ਸੁਰੱਖਿਆ ਉਪਾਵਾਂ ਅਤੇ ਇਨ੍ਹਾਂ ਸੰਸਥਾਵਾਂ ਦੇ ਕੰਮ ਕਰਨ ਦੇ ਢੰਗ-ਤਰੀਕੇ ਬਾਰੇ ਪੂਰੀ ਪਾਰਦਰਸ਼ਤਾ ਨਾਲ ਜਾਣਨ ਦੇ ਹੱਕਦਾਰ ਹਨ। ਸਿੱਖਿਆ ਮੰਤਰੀ ਨੇ ਕਿਹਾ ਕਿ ਸਿੱਖਿਆ ਖੇਤਰ ਵਿੱਚ ਮੁਨਾਫ਼ਾਖੋਰੀ ਨੂੰ ਸਖ਼ਤੀ ਨਾਲ ਰੋਕਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਹ ਫੈਸਲਾ ਲਿਆ ਗਿਆ ਹੈ ਕਿ ਨਿੱਜੀ ਸਕੂਲਾਂ ਵੱਲੋਂ ਕੀਤੀ ਜਾ ਰਹੀ ਮੁਨਾਫ਼ਾਖੋਰੀ ਨੂੰ ਸਖ਼ਤੀ ਨਾਲ ਰੋਕਣ ਦੀ ਲੋੜ ਹੈ। ਸਿੱਖਿਆ ਇੱਕ ਨੇਕ ਅਤੇ ਜਨਤਕ ਭਲਾਈ ਦਾ ਕਾਰਜ ਹੈ, ਨਾ ਕਿ ਕੋਈ ਵਪਾਰਕ ਉੱਦਮ, ਜਿਸ ਦਾ ਲਾਭ ਲੈਣ ਲਈ ਇਸਨੂੰ ਆਪਣੇ ਢੰਗ ਨਾਲ ਢਾਲਿਆ ਜਾ ਸਕੇ।

ਸਿੱਖਿਆ ਮੰਤਰੀ ਨੇ ਕਿਹਾ ਇਸ ਸਿਧਾਂਤ ਨੂੰ ਭਾਰਤ ਦੀ ਮਾਣਯੋਗ ਸੁਪਰੀਮ ਕੋਰਟ ਦੁਆਰਾ ਵੀ ਸਮਰਥਨ ਦਿੱਤਾ ਗਿਆ ਹੈ। ਸੁਪਰੀਮ ਕੋਰਟ ਨੇ ਪਹਿਲਾਂ ਵੀ ਕਈ ਵਾਰ ਫੈਸਲਾ ਸੁਣਾਇਆ ਹੈ ਕਿ ਨਿੱਜੀ ਸੰਸਥਾਵਾਂ ਨੂੰ ਵਾਜਬ ਫੀਸ ਲੈਣ ਦਾ ਅਧਿਕਾਰ ਹੈ, ਪਰ ਸਿੱਖਿਆ ਖੇਤਰ ਵਿੱਚ ਵਪਾਰੀਕਰਨ ਅਤੇ ਮੁਨਾਫ਼ਾਖੋਰੀ ਨੂੰ ਮਨਜ਼ੂਰ ਨਹੀਂ ਕੀਤਾ ਜਾਵੇਗਾ।

ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ, ਸਾਡੇ ਨਾਗਰਿਕਾਂ ਦੇ ਹਿੱਤਾਂ ਦੀ ਰਾਖੀ ਲਈ, ਸਰਕਾਰ ਇੱਕ ਵਿਧਾਨਕ ਢਾਂਚਾ ਪੇਸ਼ ਕਰੇਗੀ ਜਿਸ ਨਾਲ ਨਿੱਜੀ ਸੰਸਥਾਵਾਂ ਦੀ ਜਵਾਬਦੇਹੀ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਮਨਮਾਨੇ ਢੰਗ ਨਾਲ ਫੀਸ ਵਾਧੇ ਨੂੰ ਰੋਕਿਆ ਜਾਵੇਗਾ। ਇਸ ਮਾਮਲੇ ਨੂੰ ਪ੍ਰਮੁੱਖ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਵਿਭਾਗ ਨੂੰ ਜਲਦ ਤੋਂ ਜਲਦ ਕੈਬਨਿਟ ਦੇ ਵਿਚਾਰ ਲਈ ਇੱਕ ਵਿਆਪਕ ਪ੍ਰਸਤਾਵ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਪ੍ਰਸਤਾਵਿਤ ਕਾਨੂੰਨ ਦੇ ਹਿੱਸੇ ਵਜੋਂ, ਪੰਜਾਬ ਸਰਕਾਰ ਪ੍ਰਾਈਵੇਟ ਸਕੂਲਾਂ ਲਈ ਇੱਕ ਸਖ਼ਤ ਸਾਲਾਨਾ ਫੀਸ ਹੱਦ ਲਾਗੂ ਕਰੇਗੀ। ਇਸ ਨਵੇਂ ਢਾਂਚੇ ਤਹਿਤ ਪ੍ਰਾਈਵੇਟ ਸਕੂਲਾਂ ਨੂੰ ਇੱਕ ਸਾਲ ਵਿੱਚ 5 ਫੀਸਦ ਤੋਂ ਵੱਧ ਫੀਸਾਂ ਵਧਾਉਣ ਦੀ ਇਜਾਜ਼ਤ ਨਹੀਂ ਹੋਵੇਗੀ।

ਇਹ ਕਾਨੂੰਨ ਮਾਪਿਆਂ ਨੂੰ ਪਿਛਲੀ ਤਾਰੀਖ ਤੋਂ ਰਾਹਤ ਵੀ ਪ੍ਰਦਾਨ ਕਰੇਗਾ। ਕੋਈ ਵੀ ਪ੍ਰਾਈਵੇਟ ਸਕੂਲ ਜਿਸਨੇ ਲਗਾਤਾਰ ਪਿਛਲੇ ਤਿੰਨ ਸਾਲਾਂ ਦੌਰਾਨ ਆਪਣੀਆਂ ਫੀਸਾਂ ਵਿੱਚ 15 ਫੀਸਦ ਤੋਂ ਵੱਧ ਵਾਧਾ ਕੀਤਾ ਹੈ, ਉਸਨੂੰ ਕਾਨੂੰਨੀ ਤੌਰ ’ਤੇ ਨਿਰਧਾਰਤ ਸੀਮਾ ਤੋਂ ਵੱਧ ਲਈ ਫੀਸ ਮਾਪਿਆਂ ਨੂੰ ਵਾਪਸ ਕਰਨੀ ਹੋਵੇਗੀ।

ਭਗਵੰਤ ਮਾਨ ਸਰਕਾਰ ਦਾ ਮੰਨਣਾ ਹੈ ਕਿ ਸਿੱਖਿਆ ਹਰ ਬੱਚੇ ਲਈ ਪਹੁੰਚਯੋਗ ਅਤੇ ਕਿਫਾਇਤੀ ਹੋਣੀ ਚਾਹੀਦੀ ਹੈ ਅਤੇ ਮਾਪਿਆਂ ’ਤੇ ਵਾਧੂ ਫੀਸ ਦਾ ਬੋਝ ਨਹੀਂ ਪਾਇਆ ਜਾਣਾ ਚਾਹੀਦਾ। ਇਸ ਪ੍ਰਸਤਾਵਿਤ ਕਾਨੂੰਨ ਨਾਲ ਪੰਜਾਬ ਭਰ ਦੇ ਪ੍ਰਾਈਵੇਟ ਸਕੂਲਾਂ ਲਈ ਇੱਕ ਪਾਰਦਰਸ਼ੀ ਅਤੇ ਜਵਾਬਦੇਹ ਰੈਗੂਲੇਟਰੀ ਢਾਂਚਾ ਸਥਾਪਤ ਹੋਣ ਦੀ ਉਮੀਦ ਹੈ।

ਕਾਂਗਰਸ ਸਰਕਾਰ ਨੇ ਪ੍ਰਾਈਵੇਟ ਸਕੂਲਾਂ ਨੂੰ ਦਿੱਤੀ ਸੀ ਫੀਸਾਂ ਵਧਾਉਣ ਦੀ ਖੁੱਲ੍ਹ

2019 ਵਿੱਚ ਕਾਂਗਰਸ ਸਰਕਾਰ ਨੇ ਅਜਿਹੇ ਉਪਬੰਧ ਲਿਆਂਦੇ ਜਿਨ੍ਹਾਂ ਨੇ ਪ੍ਰਾਈਵੇਟ ਸਕੂਲਾਂ ਨੂੰ ਫੀਸਾਂ ਵਧਾਉਣ ਦੀ ਖੁੱਲ੍ਹ ਦਿੱਤੀ। ਸਕੂਲਾਂ ਨੂੰ ਮਹਿਜ਼ ਨੋਟਿਸ ਬੋਰਡਾਂ ਅਤੇ ਵੈੱਬਸਾਈਟਾਂ ਜ਼ਰੀਏ ਸੋਧੀਆਂ ਫੀਸਾਂ ਬਾਰੇ ਜਾਣਕਾਰੀ ਪ੍ਰਦਰਸ਼ਿਤ ਕਰਨ ਤੋਂ ਬਾਅਦ ਫੀਸ ਢਾਂਚੇ ਨੂੰ ਸੋਧਣ ਦੀ ਇਜਾਜ਼ਤ ਦਿੱਤੀ ਗਈ ਸੀ, ਜਿਸ ’ਤੇ ਰੈਗੂਲੇਟਰੀ ਨਿਗਰਾਨੀ ਬਹੁਤ ਘੱਟ ਸੀ। ਇਸ ਨਾਲ ਮਨਮਾਨੇ ਢੰਗ ਨਾਲ ਫੀਸ ਵਧਾਉਣ ਦਾ ਰਾਹ ਖੁੱਲ੍ਹ ਗਿਆ ਅਤੇ ਪੰਜਾਬ ਭਰ ਦੇ ਮਾਪਿਆਂ ’ਤੇ ਵਿੱਤੀ ਬੋਝ ਵਧਦਾ ਗਿਆ।

ਭਗਵੰਤ ਮਾਨ ਸਰਕਾਰ ਵੱਲੋਂ ਲਿਆਂਦੇ ਜਾਣ ਵਾਲੇ ਨਵੇਂ ਕਾਨੂੰਨ ਦਾ ਉਦੇਸ਼ ਇਸ ਪ੍ਰਣਾਲੀ ਨੂੰ ਖਤਮ ਕਰਨਾ, ਨਿੱਜੀ ਸਕੂਲਾਂ ਦੀ ਜਵਾਬਦੇਹੀ ਯਕੀਨੀ ਬਣਾਉਣਾ ਅਤੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਾਧੂ ਫੀਸ ਦੇ ਬੋਝ ਤੋਂ ਬਚਾਉਣਾ ਹੈ।

# ਵੋਟ ਸ਼ੇਅਰ ਨੇ ਸਿਆਸੀ ਪਾਰਟੀਆਂ ਨੂੰ ਸ਼ੀਸ਼ਾ ਦਿਖਾਇਆ; ਸਥਾਨਕ ਚੋਣਾਂ ’ਚ ਅਕਾਲੀ ਦਲ ਨੇ ਕਈ ਥਾਈਂ ਕਾਂਗਰਸ ਤੇ ਭਾਜਪਾ ਨੂੰ ਪਛਾੜਿਆ

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਚੋਣਾਂ ’ਚ ਆਮ ਆਦਮੀ ਪਾਰਟੀ ਸਭ ਤੋਂ ਵੱਧ ਸੀਟਾਂ ’ਤੇ ਵੱਧ ਵੋਟ ਸ਼ੇਅਰ ਲੈਣ ’ਚ ਮੋਹਰੀ ਹੈ, ਪਰ ਵਿਰੋਧੀ ਧਿਰਾਂ ਲਈ ਵੀ ਵੋਟ ਸ਼ੇਅਰ ਧਰਵਾਸ ਦੇਣ ਵਾਲਾ ਹੈ। ‘ਆਪ’ ਨੇ ਇਨ੍ਹਾਂ ਚੋਣਾਂ ’ਚ ਹੂੰਝਾ ਫੇਰ ਜਿੱਤ ਹਾਸਲ ਕੀਤੀ ਹੈ। ਰਾਜ ਚੋਣ ਕਮਿਸ਼ਨ ਵੱਲੋਂ ਅੱਜ ਵੱਖ-ਵੱਖ ਸਿਆਸੀ ਧਿਰਾਂ ਨੂੰ ਮਿਲੇ ਵੋਟ ਸ਼ੇਅਰ ਦਾ ਐਲਾਨ ਕੀਤਾ ਗਿਆ ਹੈ।

ਵੇਰਵਿਆਂ ਅਨੁਸਾਰ ਪੰਜਾਬ ’ਚ ਅੱਠ ਨਗਰ ਨਿਗਮਾਂ, 75 ਨਗਰ ਕੌਂਸਲਾਂ ਅਤੇ 19 ਨਗਰ ਪੰਚਾਇਤਾਂ ’ਚੋਂ ‘ਆਪ’ ਅੱਠ ਨਗਰ ਕੌਂਸਲਾਂ ਅਤੇ ਇੱਕ ਨਗਰ ਪੰਚਾਇਤ ’ਚੋਂ 50 ਫ਼ੀਸਦੀ ਤੋਂ ਵੱਧ ਵੋਟਾਂ ਪ੍ਰਾਪਤ ਕਰਨ ’ਚ ਸਫਲ ਰਹੀ ਹੈ। ਦੂਜੇ ਨੰਬਰ ’ਤੇ ਰਹਿਣ ਵਾਲੀ ਕਾਂਗਰਸ ਕਿਸੇ ਵੀ ਨਗਰ ਨਿਗਮ ’ਚ 50 ਫ਼ੀਸਦੀ ਵੋਟ ਸ਼ੇਅਰ ਦਾ ਅੰਕੜਾ ਪਾਰ ਨਹੀਂ ਕਰ ਸਕੀ। ਸ਼੍ਰੋਮਣੀ ਅਕਾਲੀ ਦਲ ਤੀਜੇ ਸਥਾਨ ’ਤੇ ਰਹਿਣ ਦੇ ਬਾਵਜੂਦ ਸੰਗਤ ਨਗਰ ਕੌਂਸਲ ’ਚ 50.79 ਫ਼ੀਸਦੀ ਅਤੇ ਮਲੂਕਾ ਨਗਰ ਪੰਚਾਇਤ ’ਚ 55.40 ਫ਼ੀਸਦੀ ਵੋਟ ਸ਼ੇਅਰ ਲੈਣ ’ਚ ਸਫਲ ਰਿਹਾ।

ਸ਼੍ਰੋਮਣੀ ਅਕਾਲੀ ਦਲ 30 ਸਥਾਨਕ ਸੰਸਥਾਵਾਂ ’ਚ ਕਾਂਗਰਸ ਨਾਲੋਂ ਵੱਧ ਵੋਟ ਸ਼ੇਅਰ ਲੈਣ ’ਚ ਕਾਮਯਾਬ ਹੋਇਆ ਹੈ ਜਦੋਂ ਕਿ ਕਾਂਗਰਸ ਵੱਲੋਂ ਜਿੱਤੇ ਵਾਰਡਾਂ ਦੀ ਗਿਣਤੀ ਜ਼ਿਆਦਾ ਹੈ। 75 ਨਗਰ ਕੌਂਸਲਾਂ ’ਚੋਂ ਸ਼੍ਰੋਮਣੀ ਅਕਾਲੀ ਦਲ ਨੇ 16 ਕੌਂਸਲਾਂ ’ਚ 20 ਫ਼ੀਸਦੀ ਤੋਂ ਵੱਧ ਵੋਟ ਸ਼ੇਅਰ ਲਿਆ ਹੈ। ਸਭ ਤੋਂ ਵੱਧ ਵੋਟ ਸ਼ੇਅਰ ਸੰਗਤ ਕੌਂਸਲ ’ਚ ਲਿਆ ਹੈ। ਦੂਜੇ ਨੰਬਰ ’ਤੇ ਮਜੀਠਾ ਕੌਂਸਲ ’ਚ 42.39 ਫ਼ੀਸਦੀ ਵੋਟ ਸ਼ੇਅਰ ਲਿਆ ਹੈ।

ਇਨ੍ਹਾਂ ਚੋਣਾਂ ’ਚ ਕਾਂਗਰਸ ਨੇ 397 ਵਾਰਡਾਂ ਵਿੱਚ ਅਤੇ ਸ਼੍ਰੋਮਣੀ ਅਕਾਲੀ ਦਲ ਨੇ 192 ਵਾਰਡਾਂ ਵਿੱਚ ਜਿੱਤ ਪ੍ਰਾਪਤ ਕੀਤੀ ਸੀ। ਵਿਸ਼ਲੇਸ਼ਣ ਅਨੁਸਾਰ ‘ਆਪ’ ਨੇ 24 ਸਥਾਨਕ ਸੰਸਥਾਵਾਂ ’ਚ 40 ਫ਼ੀਸਦੀ ਤੋਂ ਵੱਧ ਵੋਟ ਸ਼ੇਅਰ ਲਿਆ ਜਦੋਂ ਕਿ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜ-ਪੰਜ ’ਚ ਅਤੇ ਭਾਜਪਾ ਨੂੰ ਸਿਰਫ਼ ਇੱਕ ਅਬੋਹਰ ਨਗਰ ਨਿਗਮ ’ਚ 40 ਫ਼ੀਸਦੀ ਤੋਂ ਵੱਧ ਵੋਟਾਂ ਮਿਲੀਆਂ ਹਨ। ਭਾਜਪਾ ਨੂੰ 75 ਕੌਂਸਲਾਂ ’ਚੋਂ ਸਿਰਫ਼ 10 ਕੌਂਸਲਾਂ ’ਚ ਹੀ 20 ਫ਼ੀਸਦੀ ਤੋਂ ਵੱਧ ਵੋਟ ਮਿਲੇ ਹਨ। ਸਭ ਤੋਂ ਵੱਧ ਨਵਾਂ ਗਰਾਉਂ ਕੌਂਸਲ ’ਚ 38.95 ਫ਼ੀਸਦੀ ਵੋਟ ਮਿਲੇ ਹਨ।

ਬਹੁਜਨ ਸਮਾਜ ਪਾਰਟੀ ਨੇ 96 ਹਲਕਿਆਂ ਵਿੱਚ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ, ਪਰ ਪਾਰਟੀ ਦਾ 45 ਸੰਸਥਾਵਾਂ ਵਿੱਚ ਜ਼ੀਰੋ ਫ਼ੀਸਦ ਵੋਟ ਸ਼ੇਅਰ ਸੀ; ਹਾਲਾਂਕਿ ਪੰਜਾਬ ਦੀ ਸਿਆਸਤ ਦਲਿਤ ਭਾਈਚਾਰੇ ਦੇ ਆਲ਼ੇ ਦੁਆਲ਼ੇ ਘੁੰਮਦੀ ਹੈ। ਸੂਬੇ ਦੀਆਂ ਕੁੱਲ ਵੋਟਾਂ ’ਚ ਵੀ ਦਲਿਤ ਭਾਈਚਾਰੇ ਦੇ ਕਰੀਬ 33 ਫ਼ੀਸਦੀ ਵੋਟਰ ਹਨ। ਕਾਂਗਰਸ ਪਾਰਟੀ ਨੇ ਸਭ ਤੋਂ ਵੱਧ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਦੇ ਹਲਕੇ ਦੀ ਮੋਰਿੰਡਾ ਕੌਂਸਲ ’ਚ 49.08 ਫ਼ੀਸਦ ਵੋਟ ਹਾਸਲ ਕੀਤੇ ਹਨ।

ਭਾਜਪਾ ਨੂੰ ਸ਼ਹਿਰੀ ਅਧਾਰ ਵਾਲੀ ਪਾਰਟੀ ਮੰਨਿਆ ਜਾਂਦਾ ਹੈ ਪਰ ਸ਼ਹਿਰੀ ਖੇਤਰਾਂ ’ਚ ਉਸ ਤੋਂ 20 ਸੀਟਾਂ ਵੱਧ ਸ਼੍ਰੋਮਣੀ ਅਕਾਲੀ ਦਲ ਨੂੰ ਮਿਲੀਆਂ ਹਨ। ਭਾਜਪਾ ਨੇ ਅੱਠ ਨਿਗਮਾਂ ’ਚੋਂ ਸਭ ਤੋਂ ਵੱਧ 43.26 ਫ਼ੀਸਦੀ ਵੋਟ ਸ਼ੇਅਰ ਅਬੋਹਰ ਨਿਗਮ ’ਚ ਹਾਸਲ ਕੀਤਾ ਹੈ। ਭਾਜਪਾ ਨੂੰ ਚਾਰ ਨਗਰ ਪੰਚਾਇਤਾਂ ਜੋਗਾ, ਕੋਠਾ ਗੁਰੂ, ਕੀਰਤਪੁਰ ਸਾਹਿਬ ਅਤੇ ਮਲੂਕਾ ਵਿੱਚ ਜ਼ੀਰੋ ਪ੍ਰਤੀਸ਼ਤ ਵੋਟ ਸ਼ੇਅਰ ਨਾਲ ਇੱਕ ਵੀ ਸੀਟ ਨਹੀਂ ਮਿਲੀ।

ਬਠਿੰਡਾ ਨਿਗਮ ’ਚ ‘ਆਪ’ ਤੋਂ ਬਾਅਦ ਕਾਂਗਰਸ ਨੂੰ ਵੱਧ ਸੀਟਾਂ ਮਿਲੀਆਂ ਹਨ ਪਰ ਵੋਟ ਸ਼ੇਅਰ ਕਾਂਗਰਸ ਨਾਲੋਂ ਸ਼੍ਰੋਮਣੀ ਅਕਾਲੀ ਦਲ ਦਾ ਵੱਧ ਹੈ। ਬਠਿੰਡਾ ਨਿਗਮ ’ਚ ਕਾਂਗਰਸ ਦਾ ਵੋਟ ਸ਼ੇਅਰ 16.57 ਫੀਸਦ ਹੈ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਦਾ 18.03 ਫ਼ੀਸਦੀ ਹੈ।

ਸੱਤ ਸਥਾਨਕ ਸੰਸਥਾਵਾਂ ਵਿੱਚ ਆਜ਼ਾਦ ਉਮੀਦਵਾਰਾਂ ਨੇ 50 ਪ੍ਰਤੀਸ਼ਤ ਤੋਂ ਵੱਧ ਵੋਟ ਸ਼ੇਅਰ ਜਿੱਤਿਆ ਹੈ। ਆਜ਼ਾਦ ਉਮੀਦਵਾਰਾਂ ਨੇ ਕੁੱਲ 251 ਵਾਰਡਾਂ ਵਿੱਚ ਜਿੱਤ ਪ੍ਰਾਪਤ ਕੀਤੀ ਸੀ।

# ਬਿਨਾਂ ਵਰਕ ਪਰਮਿਟ ਦੇ ਵੀ ਕੈਨੇਡਾ ’ਚ ਕਰ ਸਕੋਗੇ ਕੰਮ

**ਟੋਰੌਂਟੋ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

Canada ’ਚ ਨੌਕਰੀ ਕਰਨ ਜਾਂ ਕੰਮ ਕਰਨ ਦੀ ਯੋਜਨਾ ਬਣਾ ਰਹੇ ਭਾਰਤੀਆਂ ਖ਼ਾਸ ਕਰ ਕੇ ਪੰਜਾਬੀਆਂ ਲਈ ਗੁੱਡ ਨਿਊਜ਼ ਹੈ। ਹਾਲਾਂਕਿ ਜ਼ਿਆਦਾਤਰ ਵਿਦੇਸ਼ੀਆਂ ਨੂੰ Canada ’ਚ ਕੰਮ ਕਰਨ ਲਈ ਵਰਕ ਪਰਮਿਟ ਦੀ ਲੋੜ ਹੁੰਦੀ ਹੈ, ਪਰ Canadian ਇਮੀਗ੍ਰੇਸ਼ਨ ਨਿਯਮਾਂ ’ਚ ਕੁਝ ਅਜਿਹੀਆਂ ਵਿਸ਼ੇਸ਼ ਸ਼੍ਰੇਣੀਆਂ ਹਨ ਜਿਨ੍ਹਾਂ ਨੂੰ ਬਿਨਾਂ ਪਰਮਿਟ ਦੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ।

**ਇਨ੍ਹਾਂ ਤਿੰਨ ਸ਼੍ਰੇਣੀਆਂ ਨੂੰ ਵੱਡੀ ਰਾਹਤ: ਬਿਜ਼ਨੈੱਸ ਵਿਜ਼ਿਟਰ** - ਜੇਕਰ ਕੋਈ ਵਿਅਕਤੀ ਵਪਾਰਕ ਗਤੀਵਿਧੀਆਂ ਲਈ Canada ਆਉਂਦਾ ਹੈ, ਅਤੇ ਉਹ Canadian ਲੇਬਰ ਮਾਰਕੀਟ ਦਾ ਹਿੱਸਾ ਨਹੀਂ ਬਣਦਾ ਤਾਂ ਉਸ ਨੂੰ ਵਰਕ ਪਰਮਿਟ ਦੀ ਲੋੜ ਨਹੀਂ ਹੁੰਦੀ। ਇਸ ਲਈ ਮੁੱਖ ਸ਼ਰਤ ਇਹ ਹੈ ਕਿ ਵਿਅਕਤੀ ਕਿਸੇ Canadian ਕੰਪਨੀ ਦਾ ਕਰਮਚਾਰੀ ਨਹੀਂ ਹੋਣਾ ਚਾਹੀਦਾ ਅਤੇ ਉਸ ਦੀ ਤਨਖਾਹ Canada ਤੋਂ ਬਾਹਰੋਂ ਆਉਣੀ ਚਾਹੀਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ



ਗਤੀਵਿਧੀਆਂ ਨੂੰ Canadian ਕਰਮਚਾਰੀਆਂ ਨਾਲ ਮੁਕਾਬਲਾ ਨਹੀਂ ਕਰਨਾ ਚਾਹੀਦਾ। ਉਦਾਹਰਣ ਵਜੋਂ ਕਾਰੋਬਾਰੀ ਮੀਟਿੰਗਾਂ ’ਚ ਸ਼ਾਮਿਲ ਹੋਣਾ, ਵਪਾਰਕ ਸ਼ੋਅ ਜਾਂ ਪ੍ਰਦਰਸ਼ਨੀਆਂ ’ਚ ਹਿੱਸਾ ਲੈਣਾ, ਬੋਰਡ ਮੀਟਿੰਗਾਂ ’ਚ ਸ਼ਾਮਿਲ ਹੋਣਾ, ਜਾਂ ਆਪਣੀ ਵਿਦੇਸ਼ੀ ਕੰਪਨੀ ਲਈ Canada ਤੋਂ ਸਾਮਾਨ ਅਤੇ ਸੇਵਾਵਾਂ ਖ਼ਰੀਦਣਾ ਸ਼ਾਮਿਲ ਹੈ। ਇਸ ਸ਼੍ਰੇਣੀ ’ਚ ਲੋਕ ਆਮ ਤੌਰ ’ਤੇ ਛੇ ਮਹੀਨਿਆਂ ਤੱਕ ਰਹਿ ਸਕਦੇ ਹਨ।

**ਡਿਜੀਟਲ ਨੌਮੈਡ ਅਤੇ ਰਿਮੋਟ ਵਰਕਰ** - ਦੁਨੀਆਂ ਭਰ ’ਚ ਵੱਧਦੇ ਰਿਮੋਟ ਵਰਕ ਦੇ ਦੌਰ ’ਚ ਬਹੁਤ ਸਾਰੇ ਲੋਕ ਇੱਕ ਦੇਸ਼ ’ਚ ਰਹਿੰਦੇ ਹੋਏ ਦੂਜੇ ਦੇਸ਼ ਦੀ ਕੰਪਨੀ ਲਈ ਕੰਮ ਕਰਦੇ ਹਨ; ਅਜਿਹੇ ਲੋਕਾਂ ਨੂੰ ਡਿਜੀਟਲ ਨੌਮੈਡ ਕਿਹਾ ਜਾਂਦਾ ਹੈ। ਇਸ ਨਿਯਮ ਦੇ ਤਹਿਤ ਜੇਕਰ ਕੋਈ ਵਿਅਕਤੀ Canada ’ਚ ਰਹਿ ਕੇ ਕਿਸੇ ਵਿਦੇਸ਼ੀ ਕੰਪਨੀ ਲਈ ਔਨਲਾਈਨ ਕੰਮ ਕਰ ਰਿਹਾ ਹੈ ਤਾਂ ਉਸ ਨੂੰ ਵਰਕ ਪਰਮਿਟ ਦੀ ਲੋੜ ਨਹੀਂ ਹੁੰਦੀ। ਇਸ ’ਚ ਕੰਪਨੀ ਦਾ Canada ’ਚ ਕੋਈ ਦਫ਼ਤਰ ਜਾਂ ਵਿੱਤੀ ਸਬੰਧ ਨਹੀਂ ਹੋਣਾ ਚਾਹੀਦਾ ਅਤੇ ਵਿਅਕਤੀ Canadian ਗਾਹਕਾਂ ਨੂੰ ਸੇਵਾਵਾਂ ਨਹੀਂ ਦੇ ਸਕਦਾ। ਸੌਫਟਵੇਅਰ ਡਿਵੈੱਲਪਰ, ਡਿਜੀਟਲ ਮਾਰਕੀਟਿੰਗ ਮਾਹਿਰ ਅਤੇ ਔਨਲਾਈਨ ਟਿਊਟਰ ਇਸ ਸ਼੍ਰੇਣੀ ’ਚ ਆ ਸਕਦੇ ਹਨ, ਅਤੇ ਉਹ ਛੇ ਮਹੀਨਿਆਂ ਤਕ ਰਹਿ ਸਕਦੇ ਹਨ।

**ਅੰਤਰਰਾਸ਼ਟਰੀ ਵਿਦਿਆਰਥੀ** - Canada ’ਚ ਪੜ੍ਹ ਰਹੇ ਵਿਦਿਆਰਥੀ ਵੀ ਬਿਨਾਂ ਵੱਖਰੇ ਵਰਕ ਪਰਮਿਟ ਦੇ ਕੰਮ ਕਰ ਸਕਦੇ ਹਨ ਬਸ਼ਰਤੇ ਉਨ੍ਹਾਂ ਦੇ ਸਟੱਡੀ ਪਰਮਿਟ ’ਚ ਇਸ ਦਾ ਜ਼ਿਕਰ ਹੋਵੇ। ਕੈਂਪਸ ਦੇ ਅੰਦਰ ਵਿਦਿਆਰਥੀ ਸਾਲ ਭਰ ਅਸੀਮਿਤ ਘੰਟੇ ਕੰਮ ਕਰ ਸਕਦੇ ਹਨ। ਕੈਂਪਸ ਤੋਂ ਬਾਹਰ ਪੜ੍ਹਾਈ ਦੌਰਾਨ ਹਫ਼ਤੇ ’ਚ ਵੱਧ ਤੋਂ ਵੱਧ 24 ਘੰਟੇ ਅਤੇ ਛੁੱਟੀਆਂ ਦੌਰਾਨ ਅਸੀਮਿਤ ਘੰਟੇ ਕੰਮ ਕਰਨ ਦੀ ਇਜਾਜ਼ਤ ਹੈ। ਨੌਕਰੀ ਸ਼ੁਰੂ ਕਰਨ ਤੋਂ ਪਹਿਲਾਂ ਸੋਸ਼ਲ ਇੰਸ਼ੋਰੈਂਸ ਨੰਬਰ ਹੋਣਾ ਲਾਜ਼ਮੀ ਹੈ।

ਇਨ੍ਹਾਂ ਤੋਂ ਇਲਾਵਾ ਵਿਦੇਸ਼ੀ ਰਾਜਦੂਤ, ਪੱਤਰਕਾਰ, ਖਿਡਾਰੀ, ਧਾਰਮਿਕ ਵਰਕਰ ਅਤੇ ਗੈਸਟ ਸਪੀਕਰ ਵੀ ਕੁਝ ਸ਼ਰਤਾਂ ਅਧੀਨ ਬਿਨਾਂ ਵਰਕ ਪਰਮਿਟ ਦੇ ਕੰਮ ਕਰ ਸਕਦੇ ਹਨ। ਹਾਲਾਂਕਿ ਨਿਯਮਾਂ ਦੀ ਉਲੰਘਣਾ ਕਰਨ ’ਤੇ ਵੀਜ਼ਾ ਜਾਂ ਪਰਮਿਟ ਰੱਦ ਵੀ ਹੋ ਸਕਦਾ ਹੈ, ਇਸ ਲਈ ਨਿਰਧਾਰਤ ਸ਼ਰਤਾਂ ਦੀ ਪਾਲਣਾ ਕਰਨੀ ਬੇਹੱਦ ਜ਼ਰੂਰੀ ਹੈ।

# ਕੈਨੇਡਾ ’ਚ ਸਟੱਡੀ ਪਰਮਿਟਾਂ ਦੀ ਗਿਣਤੀ ਛੇ ਸਾਲਾਂ ਦੇ ਹੇਠਲੇ ਪੱਧਰ ’ਤੇ

**ਔਟਵਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

Canada ’ਚ ਪੜ੍ਹਾਈ ਕਰਨ ਦਾ ਸੁਪਨਾ ਦੇਖਣ ਵਾਲੇ ਭਾਰਤੀ ਵਿਦਿਆਰਥੀਆਂ ਖ਼ਾਸ ਕਰ ਕੇ ਪੰਜਾਬੀ ਨੌਜਵਾਨਾਂ ਲਈ ਇੱਕ ਬੇਹੱਦ ਨਿਰਾਸ਼ਾਜਨਕ ਖ਼ਬਰ ਸਾਹਮਣੇ ਆਈ ਹੈ। ਇਮੀਗ੍ਰੇਸ਼ਨ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ ਇਸ ਸਾਲ ਦੀ ਪਹਿਲੀ ਤਿਮਾਹੀ ’ਚ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਸਟੱਡੀ ਪਰਮਿਟਾਂ ਦੀ ਗਿਣਤੀ ਪਿਛਲੇ ਛੇ ਸਾਲਾਂ ਦੇ ਸਭ ਤੋਂ ਹੇਠਲੇ ਪੱਧਰ ’ਤੇ ਪਹੁੰਚ ਗਈ ਹੈ। ਇਹ ਗਿਰਾਵਟ ਕੋਵਿਡ-19 ਮਹਾਂਮਾਰੀ ਦੇ ਸਮੇਂ ਨਾਲੋਂ ਵੀ ਜ਼ਿਆਦਾ ਪ੍ਰਭਾਵਸ਼ਾਲੀ ਨਜ਼ਰ ਆ ਰਹੀ ਹੈ।

ਰਿਪੋਰਟ ਮੁਤਾਬਿਕ ਜਨਵਰੀ ਤੋਂ ਮਾਰਚ 2026 ਦਰਮਿਆਨ ਸਿਰਫ਼ 17, 540 ਭਾਰਤੀਆਂ ਨੂੰ ਹੀ ਸਟੱਡੀ ਪਰਮਿਟ ਜਾਰੀ ਕੀਤੇ ਗਏ ਹਨ। ਜੇਕਰ ਇਸ ਦੀ ਤੁਲਨਾ 2025 ਦੀ ਪਹਿਲੀ ਤਿਮਾਹੀ ਨਾਲ ਕੀਤੀ ਜਾਵੇ ਜਦੋਂ 29, 950 ਭਾਰਤੀਆਂ ਨੂੰ ਵੀਜ਼ਾ ਮਿਲਿਆ ਸੀ, ਤਾਂ ਇਸ ਵਾਰ 40 ਫ਼ੀਸਦੀ ਤੋਂ ਵੱਧ ਦੀ ਕਮੀ ਦਰਜ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਸਾਲ 2024 ’ਚ ਸਾਲਾਨਾ ਇਨਟੇਕ 188, 140 ਸੀ ਜੋ ਪਿਛਲੇ ਸਾਲ ਘੱਟ ਕੇ ਲਗਭਗ ਅੱਧੀ ਯਾਨੀ 94, 025 ਰਹਿ ਗਈ ਹੈ। ਸਾਲਾਨਾ ਅੰਕੜਿਆਂ ਅਨੁਸਾਰ ਜਾਰੀ ਕੀਤੇ ਗਏ ਕੁੱਲ ਅਧਿਐਨ ਪਰਮਿਟ 2024 ’ਚ 514, 915 ਤੋਂ ਘੱਟ ਕੇ 2025 ’ਚ 383, 905 ਹੋ ਗਏ ਜੋ ਕਿ 25% ਦੀ ਕਮੀ ਹੈ ਅਤੇ 2023 ਦੇ ਰਿਕਾਰਡ ਉਚ 680, 795 ਤੋਂ ਪਹਿਲਾਂ ਹੀ ਘੱਟ ਗਈ ਹੈ। ਇਹ 2018 ਤੋਂ ਬਾਅਦ ਸਭ ਤੋਂ ਘੱਟ ਦਾਖਲਾ ਵੀ ਸੀ ਜਦੋਂ 2020 ਨੂੰ ਛੱਡ ਕੇ 354, 260 ਪਰਮਿਟਸ ਜਾਰੀ ਕੀਤੇ ਗਏ ਸਨ ਜਦੋਂ ਕੋਵਿਡ-19 ਮਹਾਂਮਾਰੀ ਨੇ ਅੰਤਰਰਾਸ਼ਟਰੀ ਯਾਤਰਾ ’ਚ ਵਿਘਨ ਪਾਇਆ ਅਤੇ ਇਹ ਗਿਣਤੀ 255, 530 ਤਕ ਡਿੱਗ ਗਈ। Canada ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਮੈਟਲੇਜ ਦੀਆਬ ਨੇ ਸਪੱਸ਼ਟ ਕੀਤਾ ਹੈ ਕਿ ਸਰਕਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਇੱਕ ਟਿਕਾਊ ਪੱਧਰ ’ਤੇ ਲਿਆਉਣਾ ਚਾਹੁੰਦੀ ਹੈ। ਇਸ ਸਖ਼ਤੀ ਦੇ ਮੁੱਖ ਕਾਰਨ ਦੇਸ਼ ’ਚ ਰਿਹਾਇਸ਼ੀ ਸੰਕਟ ਅਤੇ ਜਨਤਕ ਬੁਨਿਆਦੀ ਢਾਂਚੇ ’ਤ ਵੱਧ ਰਿਹਾ ਦਬਾਅ ਹਨ। ਸਰਕਾਰ ਦਾ ਮੰਨਣਾ ਹੈ ਕਿ ਅਸਥਾਈ ਪ੍ਰਵਾਸੀਆਂ ਦੀ ਵੱਧਦੀ ਗਿਣਤੀ ਕਾਰਨ ਇਨ੍ਹਾਂ ਸਹੂਲਤਾਂ ’ਤੇ ਬੋਝ ਵਧਿਆ ਹੈ। ਵੀਜ਼ਾ ਪ੍ਰਕਿਰਿਆ ਨੂੰ ਕੰਟਰੋਲ ਕਰਨ ਲਈ Canada ਸਰਕਾਰ ਨੇ ਕਈ ਨਵੇਂ ਕਦਮ ਚੁੱਕੇ ਹਨ ਜਿਨ੍ਹਾਂ ’ਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ’ਤ ਸਾਲਾਨਾ ਕੈਪ (ਸੀਮਾ) ਲਗਾ ਦਿੱਤੀ ਗਈ ਹੈ, ਸਟੱਡੀ ਪਰਮਿਟ ਫ਼ਰੌਡ ਨੂੰ ਰੋਕਣ ਲਈ ਐਕਸੈਪਟੈਂਸ ਲੈਟਰ ਦੀ ਸਮੀਖਿਆ ਲਾਜ਼ਮੀ ਕਰ ਦਿੱਤੀ ਗਈ ਹੈ।

# ਜ਼ਿਲ੍ਹਾ ਪ੍ਰੀਸ਼ਦ ਲੁਧਿਆਣਾ ਦੇ ਚੇਅਰਮੈਨ ਬਣੇ ਜਗਰੂਪ ਸਿੰਘ ਸੇਹ, ਵਿਕਾਸ ਅਤੇ ਪਾਰਦਰਸ਼ਤਾ ਦਾ ਦਿੱਤਾ ਭਰੋਸ



**ਲੁਧਿਆਣਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਹਰਦੀਪ ਸਿੰਘ ਮੁੰਡੀਆਂ ਦੀ ਮੌਜੂਦਗੀ ਵਿੱਚ ਜਗਰੂਪ ਸਿੰਘ ਸੇਹ ਨੇ ਜ਼ਿਲ੍ਹਾ ਪ੍ਰੀਸ਼ਦ ਲੁਧਿਆਣਾ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲ ਲਿਆ। ਇਸ ਮੌਕੇ ਵਿਧਾਇਕਾਂ, ਪਾਰਟੀ ਆਗੂਆਂ, ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਅਤੇ ਵੱਡੀ ਗਿਣਤੀ ਵਿੱਚ ਵਲੰਟੀਅਰਾਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ।

ਸਮਾਗਮ ਦੌਰਾਨ ਮੰਤਰੀ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮਿਹਨਤੀ ਵਰਕਰਾਂ ਨੂੰ ਅਗਵਾਈ ਦੇ ਮੌਕੇ ਦਿੱਤੇ ਜਾ ਰਹੇ ਹਨ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਰਾਹੀਂ ਪਿੰਡਾਂ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਮਿਲੇਗੀ।

ਮੰਤਰੀ ਮੁੰਡੀਆਂ ਨੇ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਵਿਕਾਸ ਕਾਰਜਾਂ ਲਈ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ।

ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਆਮ ਘਰਾਂ ਦੇ ਨੌਜਵਾਨਾਂ ਲਈ ਸਿਆਸਤ ਦੇ ਦਰਵਾਜ਼ੇ ਖੋਲ੍ਹੇ ਹਨ। ਇਸ ਮੌਕੇ ਚੇਅਰਮੈਨ ਜਗਰੂਪ ਸਿੰਘ ਸੇਹ ਨੇ ਕਿਹਾ ਕਿ ਉਹ ਪਿੰਡਾਂ ਦੇ ਵਿਕਾਸ, ਬੁਨਿਆਦੀ ਸਹੂਲਤਾਂ ਦੀ ਮਜ਼ਬੂਤੀ, ਸਫ਼ਾਈ ਪ੍ਰਬੰਧ ਅਤੇ ਪਾਰਦਰਸ਼ੀ ਪ੍ਰਸ਼ਾਸਨ ਨੂੰ ਆਪਣੀ ਪਹਿਲੀ ਤਰਜੀਹ ਬਣਾਉਣਗੇ।

31 ਜੁਲਾਈ ਤੱਕ ਕੀਤੀ ਜਾ ਸਕਦੀ ਹੈ ਨਾਮਜ਼ਦਗੀ; 18 ਸਾਲ ਤੋਂ ਘੱਟ ਉਮਰ ਦੇ ਹੋਣਹਾਰ ਬੱਚਿਆਂ ਨੂੰ ਮਿਲੇਗਾ ਸਨਮਾਨ।

# ਆਪ ਨੇ ਉੱਚ ਅਹੁਦਿਆਂ ’ਤੇ ਬਾਹਰੀ ਲੋਕ ਬਿਠਾਏ: ਸੁਖਬੀਰ ਬਾਦਲ

**ਵਿਰੋਧੀ ਧਿਰਾਂ ਨੇ ਉੱਚ ਅਹੁਦਿਆਂ ’ਤੇ ਬਾਹਰੀ ਲੋਕਾਂ ਨੂੰ ਬਿਠਾਉਣ ਖ਼ਿਲਾਫ਼ ਆਵਾਜ਼ ਚੁੱਕੀ**

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਉੱਚੇ ਅਹੁਦਿਆਂ ’ਤੇ ਪੰਜਾਬ ਤੋਂ ਬਾਹਰੀ ਵਿਅਕਤੀਆਂ ਨੂੰ ਬਿਠਾਉਣ ਵਿਰੁੱਧ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨਿੱਤਰ ਆਈਆਂ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਸਕੱਤਰ ਨੂੰ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦਾ ਚੇਅਰਮੈਨ ਲਗਾਉਣ ਦਾ ਵਿਰੋਧ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ‘ਆਪ’ ਵੱਲੋਂ ਆਪਣੀ ਲੁੱਟ-ਖਸੁੱਟ ਦੀ ਨੀਤੀ ਤਹਿਤ ਪੰਜਾਬ ਵਿੱਚ ਉੱਚ ਅਹੁਦਿਆਂ ’ਤੇ ਬਾਹਰੀ ਲੋਕਾਂ ਨੂੰ ਬਿਠਾਇਆ ਜਾ ਰਿਹਾ ਹੈ। ਇਸੇ ਤਰਜ਼ ’ਤੇ ਲੰਘੇ ਦਿਨ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨਰ ਦੇ ਚੇਅਰਮੈਨ ਦੇ ਅਹੁਦੇ ’ਤੇ ਵੀ ਪੰਜਾਬੀ ਦੀ ਚੋਣ ਕਰਨ ਦੀ ਥਾਂ ’ਤੇ ਹਿਮਾਚਲ ਪ੍ਰਦੇਸ਼ ਦੇ ਵਿਅਕਤੀ ਨੂੰ ਨਿਯੁਕਤ ਕੀਤਾ।



ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਦੇ ਸਰੋਤਾਂ ’ਤੇ ‘ਆਪ’ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਪੂਰਾ ਕੰਟਰੋਲ ਯਕੀਨੀ ਬਣਾਉਣ ਲਈ ਦਿੱਲੀ, ਰਾਜਸਥਾਨ, ਹਿਮਾਚਲ ਅਤੇ ਹਰਿਆਣਾ ਦੇ ਬਾਹਰੀ ਲੋਕਾਂ ਨੂੰ ਉੱਚ ਅਹੁਦੇ ਸੌਂਪੇ ਜਾ ਰਹੇ ਹਨ। ਇਸੇ ਕਾਰਨ ‘ਆਪ’ ਨੇ ਪੰਜਾਬ ਦੇ ਅੱਧਾ ਦਰਜਨ ਤੋਂ ਵੱਧ ਉੱਚੇ ਅਹੁਦਿਆਂ ’ਤੇ ਬਾਹਰੀ ਲੋਕਾਂ ਨੂੰ ਬਿਠਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ‘ਆਪ’ ਨੇ ਪਹਿਲਾਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਰੀਨਾ ਗੁਪਤਾ ਅਤੇ ਪੰਜਾਬ ਵਿਕਾਸ ਕਮਿਸ਼ਨ ’ਚ ਸੀਮਾ ਬਾਂਸਲ, ਅਨੁਰਾਗ ਕੁੰਡੂ, ਸ਼ੋਇਕਤ ਰਾਏ ਤੇ ਵੈਭਵ ਮਹੇਸ਼ਵਰੀ ਨੂੰ ਲਗਾਇਆ। ਇਸੇ ਤਰ੍ਹਾਂ ਮੁੱਖ ਮੰਤਰੀ ਦੇ ਮੁੱਖ ਸਲਾਹਕਾਰ ਵਜੋਂ ਵਿਭਵ ਕੁਮਾਰ, ਪੰਜਾਬ ਵਿੱਤੀ ਮਾਮਲਿਆਂ ਦਾ ਸਲਾਹਕਾਰ ਅਰਬਿੰਦ ਮੋਦੀ ਅਤੇ ਸੇਬੇਸਟੀਅਨ ਜੇਮਜ਼, ਪੰਜਾਬ ਉਦਯੋਗਿਕ ਵਿਕਾਸ ਬੋਰਡ ਦਾ ਚੇਅਰਮੈਨ ਦੀਪਕ ਚੌਹਾਨ, ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦਾ ਚੇਅਰਮੈਨ ਸੰਤ ਪ੍ਰਕਾਸ਼ ਅਤੇ ਪੰਜਾਬ ਤੀਰਥ ਯਾਤਰਾ ਕਮੇਟੀ ਦਾ ਚੇਅਰਮੈਨ ਕਮਲ ਬਾਂਸਲ ਨੂੰ ਲਾਇਆ ਗਿਆ।

ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਦੇ ਉੱਚ ਅਹੁਦਿਆਂ ’ਤੇ ਪੰਜਾਬ ਨਾਲ ਸਬੰਧਤ ਅਧਿਕਾਰੀਆਂ ਨੂੰ ਹੀ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ।

**ਵੜਿੰਗ ਨੇ ਬਾਹਰੀ ਬੰਦੇ ਦੀ ਨਿਯੁਕਤੀ ਦੀ ਨਿਖੇਧੀ ਕੀਤੀ**

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ ਦੇ ਚੇਅਰਮੈਨ ਵਜੋਂ ਬਾਹਰੀ ਵਿਅਕਤੀ ਦੀ ਨਿਯੁਕਤ ਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਸਕੱਤਰ ਸੰਜੇ ਗੁਪਤਾ ਨੂੰ ਪੀ ਐੱਸ ਈ ਆਰ ਸੀ ਦਾ ਚੇਅਰਮੈਨ ਨਿਯੁਕਤ ਕਰ ਕੇ ‘ਆਪ’ ਨੇ ਪੰਜਾਬੀਆਂ ਦਾ ਅਪਮਾਨ ਕੀਤਾ ਹੈ। ਜਿਨ੍ਹਾਂ ਅਹੁਦਿਆਂ ’ਤੇ ਪੰਜਾਬੀਆਂ ਦਾ ਹੱਕ ਬਣਦਾ ਹੈ, ਉੱਥੇ ਬਾਹਰੀ ਲੋਕਾਂ ਨੂੰ ਬਿਠਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ‘ਆਪ’ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਵਾਂਗ ਕੰਮ ਕਰ ਰਹੀ ਹੈ, ਜੋ ਆਪਣੀ ਮਰਜ਼ੀ ਨਾਲ ਪੰਜਾਬੀਆਂ ਦੇ ਹੱਕਾਂ ਦਾ ਘਾਣ ਕਰ ਰਹੀ ਹੈ।

# ਵਿਧਾਨ ਸਭਾ ਹਲਕਾ 093-ਬਠਿੰਡਾ ਦਿਹਾਤੀ ਵਿਖੇ ਵੋਟਰ ਸੂਚੀਆਂ ਦੀ ਸੁਧਾਈ ਸਬੰਧੀ ਵਿਸ਼ੇਸ਼ ਕੈਂਪ

**ਬਠਿੰਡਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਚੋਣ ਅਫ਼ਸਰ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਸ੍ਰੀ ਰਾਜੇਸ਼ ਧੀਮਾਨ ਦੀ ਰਹਿਨੁਮਾਈ ਹੇਠ ਪ੍ਰੀ-ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਪ੍ਰੀ-ਐਸ.ਆਈ.ਆਰ) ਅਧਾਰਿਤ ਵਿਸ਼ੇਸ਼ ਕੈਂਪ ਅੱਜ ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਵਿਧਾਨ ਸਭਾ ਹਲਕਾ 093-ਬਠਿੰਡਾ ਦਿਹਾਤੀ ਵਿਖੇ ਪੋਲਿੰਗ ਬੂਥਾਂ ’ਤੇ ਲਗਾਏ ਜਾਣਗੇ। ਇਹ ਜਾਣਕਾਰੀ ਚੋਣਕਾਰ ਰਜਿਸਟਰੇਸ਼ਨ ਅਫਸਰ 093-ਬਠਿੰਡਾ ਦਿਹਾਤੀ ਸ੍ਰੀ ਪਰਮਦੀਪ ਸਿੰਘ ਪੀਸੀਐਸ ਨੇ ਸਾਂਝੀ ਕੀਤੀ।

ਉਹਨਾਂ ਅੱਗੇ ਦੱਸਿਆ ਕਿ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਵਿਸ਼ੇਸ਼ ਗਹਿਰਾਈ ਸੁਧਾਈ) ਤਹਿਤ ਇਸ ਵਿਸ਼ੇਸ਼ ਮੁਹਿੰਮ ਰਾਹੀਂ ਵੋਟਰ ਸੂਚੀਆਂ ਨੂੰ ਸਹੀ ਅਤੇ ਅਪਡੇਟ ਕਰਨ ਲਈ 7 ਜੂਨ ਨੂੰ ਸਾਰੇ ਬੂਥ ਲੈਵਲ ਅਫ਼ਸਰ (ਬੀ.ਐਲ.ਓਜ਼) ਆਪਣੇ-ਆਪਣੇ ਪੋਲਿੰਗ ਬੂਥਾਂ ’ਤੇ ਹਾਜ਼ਰ ਰਹਿਣਗੇ। ਜਿਸ ਦਾ ਮੁੱਖ ਮੰਤਵ ਵੋਟਰ ਸੂਚੀ ਨੂੰ 100 ਫੀਸਦੀ ਤਰੁਟੀ-ਰਹਿਤ, ਸ਼ੁੱਧ ਅਤੇ ਅਪਡੇਟ ਕਰਨਾ ਹੈ। ਉਹਨਾਂ ਦੱਸਿਆ ਕਿ ਇਸ ਦੌਰਾਨ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਨੌਜਵਾਨ ਵੋਟਰਾਂ ਦੀ ਰਜਿਸਟਰੇਸ਼ਨ ਕਰਨ ਅਤੇ ਮੌਜੂਦਾ ਵੋਟਰ ਕਾਰਡਾਂ ਵਿੱਚ ਦਰਜ ਗਲਤੀਆਂ ਨੂੰ ਸੁਧਾਰਨ ’ਤੇ ਵਿਸ਼ੇਸ਼ ਜੋਰ ਦਿੱਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਸਪੈਸ਼ਲ ਕੈਂਪ ਦਾ ਮੁੱਖ ਉਦੇਸ਼ ਚੋਣ ਪ੍ਰਕਿਰਿਆ ਤੇ ਵੋਟਰ ਸੂਚੀਆਂ ਨਾਲ ਸੰਬੰਧਿਤ ਕੰਮਾਂ ਨੂੰ ਪਾਰਦਰਸ਼ੀ, ਤੇ ਸੁਖਾਲਾ ਬਣਾਉਣਾ ਹੈ। ਜਿਹੜੇ ਵੋਟਰਾਂ ਦੀ ਵੋਟ ਸਾਲ 2003 ਦੀ ਮੋਟਰ ਸੂਚੀ ਨਾਲ ਅਜੇ ਤੱਕ ਮੈਪ ਨਹੀਂ ਹੋਈ, ਉਹ ਵੋਟਰ ਇਸ ਵਿਸ਼ੇਸ਼ ਕੈਂਪ ਵਿੱਚ ਆਪਣੀ ਮੈਪ ਕਰਵਾ ਲੈਣ। ਜਿਹੜੇ ਨਾਗਰਿਕ ਆਨਲਾਈਨ ਅਪਲਾਈ ਕਰਨਾ ਚਾਹੁੰਦੇ ਹਨ, ਉਹ ਚੋਣ ਕਮਿਸ਼ਨ ਦੇ ਅਧਿਕਾਰਤ ਵੋਟਰ ਸਰਵਿਸਿਜ਼ ਪੋਰਟਲ voters.eci.gov.in ਜਾਂ ਮੋਬਾਈਲ ’ਤੇ Voter Helpline App ਦੀ ਵਰਤੋਂ ਕਰ ਸਕਦੇ ਹਨ।

ਇਸੇ ਤਰ੍ਹਾਂ ਦਾਅਵੇ ਅਤੇ ਇਤਰਾਜ਼ 3 ਅਗਸਤ ਤੋਂ 2 ਸਤੰਬਰ 2026 ਤੱਕ ਪ੍ਰਾਪਤ ਕੀਤੇ ਜਾਣਗੇ, ਜਦਕਿ ਉਨ੍ਹਾਂ ਦਾ ਨਿਪਟਾਰਾ 3 ਅਗਸਤ ਤੋਂ 28 ਸਤੰਬਰ 2026 ਤੱਕ ਕੀਤਾ ਜਾਵੇਗਾ। ਇਸ ਅਨੁਸਾਰ 28 ਜੂਨ ਤੋਂ 24 ਜੁਲਾਈ ਤੱਕ ਬੂਥ ਲੈਵਲ ਅਫ਼ਸਰ ਘਰ-ਘਰ ਜਾ ਕੇ ਵੋਟਰਾਂ ਨੂੰ ਇਨਯੂਮਰੇਸ਼ਨ ਫਾਰਮ ਵੰਡਣਗੇ ਅਤੇ ਲੋੜੀਂਦੀ ਜਾਣਕਾਰੀ ਸਮੇਤ ਭਰੇ ਅਤੇ ਦਸਤਖ਼ਤ ਕੀਤੇ ਫਾਰਮ ਇਕੱਠੇ ਕਰਨਗੇ। ਵੋਟਰ ਸੂਚੀ ਦਾ ਅੰਤਿਮ ਪ੍ਰਕਾਸ਼ਨ 1 ਅਕਤੂਬਰ 2026 ਨੂੰ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਕਿਸੇ ਵੀ ਪ੍ਰਕਾਰ ਦੀ ਵਧੇਰੇ ਜਾਣਕਾਰੀ ਲਈ ਨਾਗਰਿਕ ਜ਼ਿਲ੍ਹਾ ਚੋਣ ਹੈਲਪਲਾਈਨ ਨੰਬਰ 1950 ’ਤੇ ਸੰਪਰਕ ਕਰ ਸਕਦੇ ਹਨ।

# ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਦੀ ਤਬਦੀਲੀ ਸਬੰਧੀ ਪ੍ਰਸਤਾਵ ਨੂੰ ਭਾਰਤ ਚੋਣ ਕਮਿਸ਼ਨ ਤੋਂ ਮਿਲੀ ਪ੍ਰਵਾਨਗੀ



**ਤਰਨ ਤਾਰਨ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਦੱਸਿਆ ਕਿ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਦੀ ਤਬਦੀਲੀ ਸਬੰਧੀ ਜ਼ਿਲ੍ਹੇ ਵੱਲੋਂ ਭੇਜੇ ਗਏ ਪ੍ਰਸਤਾਵ ਨੂੰ ਭਾਰਤ ਚੋਣ ਕਮਿਸ਼ਨ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਕੇ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਜਾਰੀ ਨੋਟੀਫਿਕੇਸ਼ਨ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦੀ ਥਾਂ ਹੁਣ ਐਸ.ਡੀ.ਐਮ ਭਿੱਖੀਵਿੰਡ ਨੂੰ ਵਿਧਾਨ ਸਭਾ ਹਲਕਾ 22-ਖੇਮਕਰਨ ਲਈ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਤਹਿਸੀਲਦਾਰ ਭਿੱਖੀਵਿੰਡ ਦੀ ਜਗ੍ਹਾ ਨਾਇਬ ਤਹਿਸੀਲਦਾਰ ਭਿੱਖੀਵਿੰਡ ਨੂੰ ਵਿਧਾਨ ਸਭਾ ਹਲਕਾ 22-ਖੇਮਕਰਨ ਲਈ ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ-1 ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਤਹਿਸੀਲਦਾਰ ਪੱਟੀ ਦੀ ਜਗ੍ਹਾ ਨਾਇਬ ਤਹਿਸੀਲਦਾਰ ਪੱਟੀ ਨੂੰ ਵਿਧਾਨ ਸਭਾ ਹਲਕਾ 23-ਪੱਟੀ ਅਤੇ ਤਹਿਸੀਲਦਾਰ ਖਡੂਰ ਸਾਹਿਬ ਦੀ ਜਗ੍ਹਾ ਨਾਇਬ ਤਹਿਸੀਲਦਾਰ ਖਡੂਰ ਸਾਹਿਬ ਨੂੰ ਵਿਧਾਨ ਸਭਾ ਹਲਕਾ 24-ਖਡੂਰ ਸਾਹਿਬ ਲਈ ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ-1 ਨਿਯੁਕਤ ਕੀਤਾ ਗਿਆ ਹੈ।

# ਸੁੱਕੇ ਮੇਵਿਆਂ ਦੀਆਂ ਕੀਮਤਾਂ ’ਚ ਭਾਰੀ ਉਛਾਲ

**ਨਵੀਂ ਦਿੱਲੀ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਛਮੀ ਏਸ਼ੀਆ ’ਚ ਵੱਧ ਰਹੇ ਤਨਾਅ ਅਤੇ ਜੰਗ ਵਰਗੀ ਸਥਿਤੀ ਦਾ ਅਸਰ ਹੁਣ ਭਾਰਤੀ ਰਸੋਈਆਂ ਅਤੇ ਬਾਜ਼ਾਰਾਂ ’ਤੇ ਸਾਫ਼ ਦੇਖਣ ਨੂੰ ਮਿਲ ਰਿਹਾ ਹੈ। ਇਨ੍ਹਾਂ ਹਾਲਾਤਾਂ ਕਾਰਨ ਡਰਾਈ ਫ਼ਰੂਟਸ ਦੀ ਸਪਲਾਈ ਪ੍ਰਭਾਵਿਤ ਹੋਈ ਹੈ ਜਿਸ ਨਾਲ ਇਨ੍ਹਾਂ ਦੀਆਂ ਕੀਮਤਾਂ ’ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

**ਪਿਸਤਾ ਅਤੇ ਅੰਜੀਰ ਹੋਏ ਮਹਿੰਗੇ:** ਰਿਪੋਰਟਾਂ ਅਨੁਸਾਰ ਈਰਾਨ ਅਤੇ ਅਫ਼ਗ਼ਾਨਿਸਤਾਨ ਤੋਂ ਹੋਣ ਵਾਲੀ ਪਿਸਤਾ, ਅੰਜੀਰ ਅਤੇ ਖਜੂਰ ਦੀ ਸਪਲਾਈ ਰੁਕਣ ਕਾਰਨ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਬਾਜ਼ਾਰ ’ਚ ਪਿਸਤਾ ਦੀਆਂ ਕੀਮਤਾਂ ’ਚ 20 ਤੋਂ 25 ਫ਼ੀਸਦੀ ਅਤੇ ਅੰਜੀਰ ਦੀਆਂ ਕੀਮਤਾਂ ’ਚ ਲਗਭਗ 10 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਸਮੁੱਚੇ ਤੌਰ ’ਤੇ ਕਈ ਮੁੱਖ ਡਰਾਈ ਫ਼ਰੂਟਸ ਦੀਆਂ ਕੀਮਤਾਂ 10 ਤੋਂ 25 ਫ਼ੀਸਦੀ ਤਕ ਵੱਧ ਚੁੱਕੀਆਂ ਹਨ।

**ਸਪਲਾਈ ਚੇਨ ਅਤੇ ਗੁਣਵੱਤਾ ’ਤੇ ਸੰਕਟ:** ਜੰਗ ਦੇ ਕਾਰਨ ਸ਼ਿਪਿੰਗ, ਬੀਮਾ ਇੰਸ਼ੋਰੈਂਸ ਅਤੇ ਕਿਰਾਇਹੇ ਦੇ ਖ਼ਰਚਿਆਂ ’ਚ ਭਾਰੀ ਵਾਧਾ ਹੋਇਆ ਹੈ। ਸਮੁੰਦਰੀ ਰਸਤੇ ਅਤੇ ਬੰਦਰਗਾਹਾਂ ਪ੍ਰਭਾਵਿਤ ਹੋਣ ਕਾਰਨ ਜੋ ਮਾਲ ਪਹਿਲਾਂ ਕੁੱਝ ਦਿਨਾਂ ’ਚ ਪਹੁੰਚ ਜਾਂਦਾ ਸੀ, ਹੁਣ ਉਸ ਨੂੰ ਆਉਣ ’ਚ ਕਈ ਗੁਣਾ ਵੱਧ ਸਮਾਂ ਲੱਗ ਰਿਹਾ ਹੈ। ਲੰਬੇ ਸਮੇਂ ਤਕ ਰਸਤੇ ’ਚ ਫ਼ਸੇ ਰਹਿਣ ਕਾਰਨ ਡਰਾਈ ਫ਼ਰੂਟਸ ਦੀ ਗੁਣਵੱਤਾ ਖ਼ਰਾਬ ਹੋਣ ਦਾ ਡਰ ਵੀ ਬਣਿਆ ਹੋਇਆ ਹੈ ਕਿਉਂਕਿ ਇਨ੍ਹਾਂ ਨੂੰ ਖ਼ਾਸ ਤਾਪਮਾਨ ਅਤੇ ਸਟੋਰੇਜ ਦੀ ਲੋੜ ਹੁੰਦੀ ਹੈ।

**ਕਾਜੂ ਅਤੇ ਕਿਸ਼ਮਿਸ਼ ’ਚ ਫ਼ਿਲਹਾਲ ਰਾਹਤ:** ਆਮ ਲੋਕਾਂ ਲਈ ਰਾਹਤ ਦੀ ਗੱਲ ਇਹ ਹੈ ਕਿ ਕਾਜੂ ਅਤੇ ਕਿਸ਼ਮਿਸ਼ ਦੀਆਂ ਕੀਮਤਾਂ ’ਚ ਫ਼ਿਲਹਾਲ ਕੋਈ ਵੱਡੀ ਤੇਜ਼ੀ ਨਹੀਂ ਦੇਖੀ ਗਈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਭਾਰਤ ’ਚ ਇਨ੍ਹਾਂ ਦਾ ਉਤਪਾਦਨ ਕਾਫ਼ੀ ਮਾਤਰਾ ’ਚ ਹੁੰਦਾ ਹੈ ਜਿਸ ਕਾਰਨ ਇਨ੍ਹਾਂ ਦੀ ਸਪਲਾਈ ਫ਼ਿਲਹਾਲ ਸੰਤੁਲਿਤ ਬਣੀ ਹੋਈ ਹੈ।

**ਤਿਓਹਾਰਾਂ ਦੇ ਸੀਜ਼ਨ ’ਤੇ ਪਵੇਗਾ ਅਸਰ:** ਮਾਹਿਰਾਂ ਅਨੁਸਾਰ ਅਸਲ ਚੁਣੌਤੀ ਅਗਸਤ-ਸਤੰਬਰ ਤੋਂ ਸ਼ੁਰੂ ਹੋਣ ਵਾਲੇ ਤਿਓਹਾਰਾਂ ਦੇ ਸੀਜ਼ਨ (ਦੀਵਾਲੀ) ਦੌਰਾਨ ਆ ਸਕਦੀ ਹੈ। ਜੇਕਰ ਸਪਲਾਈ ਚੇਨ ਜਲਦੀ ਆਮ ਵਾਂਗ ਨਾ ਹੋਈ ਤਾਂ ਵਧਦੀ ਮੰਗ ਕਾਰਨ ਕੀਮਤਾਂ ਹੋਰ ਵੀ ਵੱਧ ਸਕਦੀਆਂ ਹਨ ਜਿਸ ਨਾਲ ਮੰਗ ’ਚ 10 ਤੋਂ 15 ਫ਼ੀਸਦੀ ਦੀ ਗਿਰਾਵਟ ਆ ਸਕਦੀ ਹੈ। ਕਾਰੋਬਾਰੀਆਂ ਦਾ ਕਹਿਣਾ ਹੈ ਕਿ ਜੇਕਰ ਅੱਜ ਤਨਾਅ ਖ਼ਤਮ ਵੀ ਹੋ ਜਾਵੇ ਤਾਂ ਵੀ ਸਪਲਾਈ ਚੇਨ ਨੂੰ ਪੂਰੀ ਤਰ੍ਹਾਂ ਠੀਕ ਹੋਣ ’ਚ ਤਿੰਨ ਤੋਂ ਛੇ ਮਹੀਨੇ ਦਾ ਸਮਾਂ ਲੱਗ ਸਕਦਾ ਹੈ।

# ਸਰੀ ’ਚ ਫ਼ਿਰੌਤੀ ਮਾਮਲਿਆਂ ’ਚ 22 ਸੌ ਪ੍ਰਤੀਸ਼ਤ ਤੋਂ ਵੱਧ ਵਾਧਾ

**ਸਰੀ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ ਦੇ ਸ਼ਹਿਰ ਸਰੀ ’ਚ ਅਪਰਾਧਿਕ ਗਤੀਵਿਧੀਆਂ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸਰੀ ਪੁਲੀਸ ਸਰਵਿਸ ਵਲੋਂ ਜਾਰੀ ਕੀਤੇ ਗਏ ਸਾਲ 2026 ਦੇ ਪਹਿਲੇ ਚਾਰ ਮਹੀਨਿਆਂ ਦੇ ਅੰਕੜਿਆਂ ਨੇ ਭਾਈਚਾਰੇ ਅਤੇ ਪ੍ਰਸ਼ਾਸਨ ਦੇ ਹੋਸ਼ ਉਡਾ ਦਿੱਤੇ ਹਨ। ਅੰਕੜਿਆਂ ਅਨੁਸਾਰ ਸ਼ਹਿਰ ’ਚ ਜਿੱਥੇ ਕਤਲ ਦੇ ਮਾਮਲਿਆਂ ’ਚ ਤਿੰਨ ਗੁਣਾ ਵਾਧਾ ਹੋਇਆ ਹੈ, ਉੱਥੇ ਹੀ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਫ਼ਿਰੌਤੀਆਂ ਦੀਆਂ ਘਟਨਾਵਾਂ ’ਚ ਰਿਕਾਰਡ ਤੋੜ ਤੇਜ਼ੀ ਆਈ ਹੈ। ਤਾਜ਼ਾ ਰਿਪੋਰਟ ਮੁਤਾਬਿਕ, ਸਾਲ 2025 ਦੇ ਪਹਿਲੇ ਚਾਰ ਮਹੀਨਿਆਂ ਦੇ ਮੁਕਾਬਲੇ ਇਸ ਸਾਲ ਕਤਲ ਦੇ ਮਾਮਲੇ ਦੋ ਤੋਂ ਵੱਧ ਕੇ ਅੱਠ ਹੋ ਗਏ ਹਨ ਜੋ ਕਿ 300 ਫ਼ੀਸਦੀ ਦਾ ਵਾਧਾ ਹੈ। ਇਸੇ ਤਰ੍ਹਾਂ ਸ਼ਹਿਰ ’ਚ ਸ਼ਰੇਆਮ ਗੋਲੀਬਾਰੀ ਦੀਆਂ ਘਟਨਾਵਾਂ ’ਚ 94 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ ਜੋ ਕਿ 17 ਤੋਂ ਵੱਧ ਕੇ 33 ਤਕ ਪਹੁੰਚ ਗਈਆਂ ਹਨ। ਸਭ ਤੋਂ ਚਿੰਤਾਜਨਕ ਅੰਕੜਾ ਫ਼ਿਰੌਤੀ ਦੇ ਮਾਮਲਿਆਂ ਦਾ ਹੈ। ਦੱਖਣੀ ਏਸ਼ੀਆਈ ਭਾਈਚਾਰੇ ਨਾਲ ਸਬੰਧਤ ਫ਼ਿਰੌਤੀ ਦੀਆਂ ਘਟਨਾਵਾਂ ’ਚ 2,275 ਫ਼ੀਸਦੀ ਦਾ ਅਵਿਸ਼ਵਾਸਯੋਗ ਵਾਧਾ ਦੇਖਿਆ ਗਿਆ ਹੈ। ਪਿਛਲੇ ਸਾਲ ਜਿੱਥੇ ਸਿਰਫ਼ 4 ਮਾਮਲੇ ਸਾਹਮਣੇ ਆਏ ਸਨ, ਉੱਥੇ ਹੀ ਇਸ ਸਾਲ ਇਹ ਗਿਣਤੀ ਵੱਧ ਕੇ 95 ਹੋ ਗਈ ਹੈ। ਇਸ ਨਾਲ ਸਥਾਨਕ ਕਾਰੋਬਾਰੀਆਂ ਅਤੇ ਪੰਜਾਬੀ ਭਾਈਚਾਰੇ ’ਚ ਭਾਰੀ ਦਹਿਸ਼ਤ ਪਾਈ ਜਾ ਰਹੀ ਹੈ। ਪਰਦਾਫ਼ਾਸ਼, ਅਰਬਾਂ ਦੀ ਕੋਕੇਨ ਬਰਾਮਦ: ਵਿਅਕਤੀਗਤ ਅਤੇ ਸੰਪਤੀ ਅਪਰਾਧਾਂ ਦੀ ਸਥਿਤੀ: ਵਿਅਕਤੀਆਂ ਵਿਰੁੱਧ ਅਪਰਾਧ: 31 ਫ਼ੀਸਦੀ ਵਾਧਾ (2, 756 ਮਾਮਲੇ)। ਸੰਪਤੀ ਅਪਰਾਧ: 12 ਫ਼ੀਸਦੀ ਵਾਧਾ (6, 983 ਮਾਮਲੇ)। ਕਾਰੋਬਾਰੀ ਅਦਾਰਿਆਂ ’ਚ ਸੰਨ੍ਹਮਾਰੀ: 60 ਫ਼ੀਸਦੀ ਵਾਧਾ।

# ਨਵੀਆਂ ਜਮਾਤਾਂ 'ਚ ਨਵੀਆਂ ਮੰਜ਼ਿਲਾਂ ਕਰੋ ਤੈਅ

ਪ੍ਰੋ. ਕੁਲਜੀਤ ਕੌਰ



ਤਬਦੀਲੀ ਜ਼ਿੰਦਗੀ ਦਾ ਅਹਿਮ ਪੜਾਅ ਹੈ। ਜ਼ਿੰਦਗੀ ਦੇ ਅਨੇਕ ਪੜਾਵਾਂ ਵਿਚੋਂ ਸਕੂਲੀ ਵਿੱਦਿਆ ਗ੍ਰਹਿਣ ਕਰਨ ਦਾ ਪੜਾਅ ਬੜਾ ਯਾਦਗਾਰੀ ਅਤੇ ਪ੍ਰੇਰਨਾਦਾਇਕ ਹੁੰਦਾ ਹੈ। ਹੁਣ ਸਾਲਾਨਾ ਪ੍ਰੀਖਿਆਵਾਂ ਖ਼ਤਮ ਹੋ ਚੁੱਕੀਆਂ ਹਨ, ਜਮਾਤਾਂ ਦੇ ਨਤੀਜੇ ਆ ਚੁੱਕੇ ਹਨ। ਬਹੁਤ ਸਾਰੀਆਂ ਜਮਾਤਾਂ ਦੇ ਵਿਦਿਆਰਥੀ ਅਗਲੀ ਜਮਾਤ ਵਿਚ ਪ੍ਰਵੇਸ਼ ਕਰ ਚੁੱਕੇ ਹਨ। ਉਨ੍ਹਾਂ ਅੰਦਰ ਇਕ ਚਾਅ, ਇਕ ਉਮੰਗ ਹੈ। ਨਵੀਆਂ-ਨਕੋਰ ਪੁਸਤਕਾਂ ਨੂੰ ਦੇਖ-ਦੇਖ ਖੁਸ਼ ਹੁੰਦੇ ਹਨ। ਉਨ੍ਹਾਂ ਦੇ ਇਨ੍ਹਾਂ ਖੁਸ਼ੀ ਭਰੇ ਪਲਾਂ ਲਈ ਉਨ੍ਹਾਂ ਨੂੰ ਮੁਬਾਰਕ। ਕੁਝ ਸਿੱਖਿਆਵਾਂ, ਕੁਝ ਵਿਚਾਰ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕਰ ਚੁੱਕੇ ਵਿਦਿਆਰਥੀਆਂ ਨਾਲ ਸਾਂਝੇ ਕਰਨੇ ਚਾਹਵਾਂਗੇ।

☛ ਨਵੀਂ ਜਮਾਤ ਵਿਚ ਪ੍ਰਵੇਸ਼ ਹੋਏ ਵਿਦਿਆਰਥੀਆਂ ਨੂੰ ਪਿਛਲੇ ਵਰ੍ਹੇ ਦੀਆਂ ਆਪਣੀਆਂ ਕਮੀਆਂ ਨੂੰ ਪੂਰਾ ਕਰਨ ਉੱਪਰ ਜ਼ੋਰ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਪਤਾ ਚੱਲ ਗਿਆ ਹੋਵੇਗਾ ਕਿ ਕਮੀ ਕਿਥੇ ਰਹੀ ਹੈ? ਆਪਣੇ ਤੋਂ ਅੱਗੇ ਨਿਕਲ ਚੁੱਕੇ ਵਿਦਿਆਰਥੀਆਂ ਦੀ ਸਫ਼ਲਤਾ ਦਾ ਰਾਜ਼ ਉਹ ਸਮਝ ਚੁੱਕੇ ਹੋਣਗੇ। ਇਹ ਹੋ ਸਕਦਾ ਹੈ ਕਿ ਜਿੰਨੇ ਚੰਗੇ ਨਤੀਜਿਆਂ ਦੀ ਉਨ੍ਹਾਂ ਆਸ ਕੀਤੀ ਹੋਵੇ, ਸ਼ਾਇਦ ਉਸ ਤੋਂ ਕੁਝ ਘੱਟ ਹਾਸਲ ਹੋਇਆ ਹੋਵੇ। ਇਸ ਲਈ ਉਨ੍ਹਾਂ ਵਿਦਿਆਰਥੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ, ਸਗੋਂ ਭਵਿੱਖ ਲਈ ਆਸਵੰਦ ਰਹਿਣ।

☛ ਸਮੇਂ ਦੀ ਕਦਰ, ਸਮੇਂ ਦੀ ਕੀਮਤ ਨੂੰ ਪਛਾਣਦੇ ਹੋਏ ਇਨ੍ਹਾਂ ਵਿਦਿਆਰਥੀਆਂ ਨੂੰ ਜਮਾਤਾਂ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ ਹੀ ਆਪਣਾ ਹੋਮ ਵਰਕ (ਘਰ ਲਈ ਮਿਲਿਆ ਕੰਮ) ਸਮੇਂ ਸਿਰ ਨਿਪਟਾਉਣਾ ਚਾਹੀਦਾ ਹੈ। ਅਧਿਆਪਕ ਦੁਆਰਾ ਕਰਵਾਏ ਗਏ ਹਰ ਪਾਠ, ਹਰ ਸਿਲੇਬਸ ਨੂੰ ਸੌ ਫੀਸਦੀ ਧਿਆਨ ਦੇ ਕੇ ਸੁਣਨਾ ਜ਼ਰੂਰੀ ਹੈ।

☛ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਇਕ ਸਮਾਂ-ਸਾਰਨੀ (ਟਾਈਮ ਟੇਬਲ) ਬਣਾ ਕੇ ਆਪਣੀ ਪੜ੍ਹਾਈ ਵੱਲ ਧਿਆਨ ਦੇਣ। ਪੁਸਤਕਾਂ ਨਾਲ ਪਿਆਰ ਪਾ ਕੇ ਅਧਿਆਪਕ ਦੁਆਰਾ ਦਿੱਤੇ ਗਏ ਗਿਆਨ ਨੂੰ ਆਪਣੀ ਸਮਝ ਮੁਤਾਬਿਕ ਪ੍ਰਵਾਨ ਕਰਨ।

☛ ਕਿਹਾ ਜਾਂਦਾ ਹੈ ਕਿ ਅਭਿਆਸ ਕਿਸੇ ਵੀ ਕਲਾ ਜਾਂ ਗਿਆਨ ਨੂੰ ਹੋਰ ਪੱਕਾ ਕਰਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕਰਕੇ, ਜਿਹੜੇ ਵਿਸ਼ੇ ਵਧੇਰੇ ਪ੍ਰੈਕਟਿਸ ਦੀ ਮੰਗ ਕਰਦੇ ਹਨ, ਉਨ੍ਹਾਂ ਨੂੰ ਵਧੇਰੇ ਸਮਾਂ ਦੇਣ।

ਟਿਊਸ਼ਨ ਕਲਚਰ ਅੱਜ ਵਿੱਦਿਅਕ ਖੇਤਰ ਵਿਚ ਸ਼ਾਇਦ ਇਕ ਫੈਸ਼ਨ ਅਤੇ ਲੋੜ ਬਣ ਚੁੱਕਾ ਹੈ। ਲੋੜ ਅਨੁਸਾਰ ਇਸ ਦਾ ਵੀ ਲਾਭ ਲਿਆ ਜਾ ਸਕਦਾ ਹੈ।

☛ ਅਨੁਸ਼ਾਸਨ ਨੂੰ ਜੀਵਨ ਦਾ ਅੰਗ ਬਣਾਉਂਦੇ ਹੋਏ ਜਮਾਤ ਦੇ ਉਨ੍ਹਾਂ ਸਾਰੇ ਨਿਯਮਾਂ ਦਾ ਪਾਲਣ ਕਰੋ, ਜੋ ਸਕੂਲ ਅਥਾਰਟੀ ਨੇ ਨਿਸਚਤ ਕੀਤੇ ਹਨ। ਆਪਣੇ ਸਹਿਪਾਠੀਆਂ ਨਾਲ ਸਹਿਯੋਗ ਕਰਦੇ ਹੋਏ ਸਕੂਲ ਵਿਚ ਕੋਈ ਵੀ ਅਜਿਹੀ ਗ਼ਲਤੀ ਨਾ ਕਰੋ, ਜਿਸ ਤੋਂ ਤੁਹਾਨੂੰ ਸਜ਼ਾ ਸੁਣਾਈ ਜਾਵੇ, ਮਾਪਿਆਂ ਨੂੰ ਉਲਾਹਮਾ ਸੁਣਨਾ ਪਵੇ। ਇਸ ਲਈ ਨਵੀਂ ਜਮਾਤ ਵਿਚ ਪ੍ਰਵੇਸ਼ ਕਰਕੇ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਕਿਹਾ ਮੰਨ ਕੇ ਆਪਣੀ ਸ਼ਖ਼ਸੀਅਤ ਵਿਚ ਇਕ ਆਦਰਸ਼ਕ ਵਿਦਿਆਰਥੀ ਵਾਲੇ ਗੁਣ ਪੈਦਾ ਕਰੋ।

☛ ਆਪਣਾ ਖੇਡਣ ਦਾ ਸਮਾਂ ਵੀ ਨਿਸਚਤ ਕਰੋ। ਆਪਣਾ ਸਕੂਲ ਦਾ ਕੰਮ ਖਤਮ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਸਰੀਰਕ ਵਰਜਿਸ਼ ਲਈ ਕੁਝ ਸਮਾਂ ਖੇਡਣਾ ਵੀ ਚਾਹੀਦਾ ਹੈ। ਕੰਪਿਊਟਰ ਗੇਮਾਂ, ਵੀਡੀਓ ਗੇਮਾਂ ਜਾਂ ਟੈਕਨਾਲੋਜੀ ਦੇ ਏਨੇ ਜ਼ਿਆਦਾ ਗੁਲਾਮ ਨਾ ਬਣੋ ਕਿ ਆਪਣੇ ਜ਼ਰੂਰੀ ਕੰਮ ਭੁੱਲ ਜਾਓ। ਹੌਲੀ-ਹੌਲੀ ਉਨ੍ਹਾਂ ਆਦਤਾਂ ਦਾ ਤਿਆਗ ਕਰੋ, ਜੋ ਤੁਹਾਡਾ ਸਮਾਂ ਅਤੇ ਸ਼ਕਤੀ ਵਿਅਰਥ ਕਰਦੇ ਹਨ।

☛ ਮਾਪਿਆਂ ਅਤੇ ਅਧਿਆਪਕਾਂ ਦੇ ਵੀ ਕੁਝ ਫਰਜ਼ ਬਣਦੇ ਹਨ ਕਿ ਉਹ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਨੂੰ ਯੋਗ ਅਗਵਾਈ ਦਿੰਦੇ ਹੋਏ ਪਿਛਲੇ ਵਰ੍ਹੇ ਦੀਆਂ ਕਮੀਆਂ ਅਤੇ ਅਸਫਲਤਾਵਾਂ ਨੂੰ ਦੂਰ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਰਨ।

☛ ਮਾਪੇ ਘਰੇਲੂ ਮਾਹੌਲ ਇਸ ਪ੍ਰਕਾਰ ਦਾ ਬਣਾਉਣ ਕਿ ਬੱਚਿਆਂ ਨੂੰ ਪੜ੍ਹਨ ਦੀ ਲਗਨ ਲਾਈ ਜਾ ਸਕੇ। ਉਨ੍ਹਾਂ ਦੀਆਂ ਵਿੱਦਿਅਕ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ। ਅਧਿਆਪਕ ਦੀ ਭੂਮਿਕਾ ਮਾਪਿਆਂ ਤੋਂ ਵਧੇਰੇ ਹੈ। ਇਸ ਲਈ ਸਕੂਲ ਵਿਚ ਅਧਿਆਪਕ ਵਿਦਿਆਰਥੀ ਨਾਲ ਆਪਸੀ ਸਮਝਦਾਰੀ ਅਤੇ ਸਹਿਯੋਗ ਦਾ ਮਾਰਗ ਚੁਣਦੇ ਹੋਏ ਉਨ੍ਹਾਂ ਦੀ ਮਾਨਸਿਕ ਅਵਸਥਾ ਨੂੰ ਸਮਝ ਕੇ ਅਗਵਾਈ ਕਰਨ। ਹਿਟਲਰਸ਼ਾਹੀ ਦਿਖਾ ਕੇ, ਡਰਾ ਧਮਕਾ ਕੇ ਗਿਆਨ ਨਹੀਂ ਵੰਡਿਆ ਜਾ ਸਕਦਾ।

☛ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਦਾ ਚਾਅ ਅਤੇ ਉਤਸ਼ਾਹ ਵਧਾ ਕੇ ਉਨ੍ਹਾਂ ਦੀ ਲਿਖਾਈ ਤੇ ਹੋਰ ਅਭਿਆਸ ਵੱਲ ਧਿਆਨ ਦਿੱਤਾ ਜਾਵੇ। ਜਮਾਤ ਦਾ ਅਜਿਹਾ ਮਾਹੌਲ ਬਣਾਇਆ ਜਾਵੇ ਕਿ ਹਰ ਵਿਦਿਆਰਥੀ ਦਾ ਮਨ ਕਰੇ ਕਿ ਉਹ ਚਾਈਂ-ਚਾਈਂ ਸਕੂਲ ਜਾਵੇਗਾ। ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ ਹਰ ਵਿਦਿਆਰਥੀ ਗਿਆਨ ਦੀਆਂ ਪੌੜੀਆਂ ਚੜ੍ਹ ਸਕਦਾ ਹੈ। ਲੋੜ ਹੈ ਵਿਦਿਆਰਥੀਆਂ ਦੇ ਕੋਮਲ ਮਨਾਂ ਨੂੰ ਸਮਝ ਕੇ, ਉਨ੍ਹਾਂ ਦੀ ਸਮਰੱਥਾ ਪਛਾਣ ਕੇ ਸਹੀ ਮਾਰਗ ਦਰਸ਼ਨ ਕੀਤਾ ਜਾਵੇ।

# ਕਿਉਂ ਵਧ ਰਹੇ ਹਨ ਕੰਮਕਾਜੀ ਔਰਤਾਂ 'ਤੇ ਅਪਰਾਧ



ਤੇਜਿੰਦਰ ਸਿੰਘ

ਅੱਜ ਦਾ ਯੁੱਗ ਮਾਡਰਨ, ਕੰਪਿਊਟਰ, ਇੰਟਰਨੈੱਟ, ਮੋਬਾਈਲ ਤੇ ਹੋਰ ਕਈ ਉਸਾਰੂ ਸਾਧਨਾਂ ਦਾ ਯੁੱਗ ਮੰਨਿਆ ਜਾਂਦਾ ਹੈ। ਕੀ ਸਾਡੀ ਸੋਚ ਵੀ ਉਸਾਰੂ ਹੋਈ ਹੈ? ਨਹੀਂ, ਪਹਿਲਾਂ ਨਾਲੋਂ ਵੀ ਜ਼ਿਆਦਾ ਔਰਤਾਂ 'ਤੇ ਜ਼ੁਲਮਾਂ ਦੀ ਹਨੇਰੀ ਛਾਈ ਹੋਈ ਹੈ। ਭਾਵੇਂ ਕੰਮਕਾਜੀ ਔਰਤਾਂ ਵਿਚ ਆਤਮਵਿਸ਼ਵਾਸ ਹੁੰਦਾ ਹੈ। ਉਹ ਬੋਲਤ ਵੀ ਹੁੰਦੀ ਹੈ ਪਰ ਇਨ੍ਹਾਂ ਜ਼ੁਲਮਾਂ ਦੀ ਖਾਤਰ ਘਰ ਵਿਚ ਬੰਦ ਨਹੀਂ ਹੋ ਸਕਦੀ। ਔਰਤਾਂ ਨੂੰ ਆਪਣੀ ਰੱਖਿਆ ਆਪ ਹੀ ਕਰਨੀ ਪਵੇਗੀ। ਇਸ ਲਈ ਕੁਝ ਜ਼ਰੂਰੀ ਚੁੰਬਕੀ ਸੂਤਰ ਹਨ, ਜੋ ਅਪਣਾ ਕੇ ਔਰਤ ਆਪਣੀ ਰੱਖਿਆ ਆਪ ਹੀ ਕਰ ਸਕਦੀ ਹੈ।

ਸਭ ਤੋਂ ਪਹਿਲਾਂ ਔਰਤ ਨੂੰ ਸ਼ਲੀਨਤਾ ਵਿਚ ਰਹਿਣਾ ਪਵੇਗਾ ਤੇ ਕੱਪੜਿਆਂ ਦੀ ਚੋਣ ਸਮਾਜ ਨੂੰ ਮੁੱਖ ਰੱਖ ਕੇ ਕਰਨੀ ਚਾਹੀਦੀ ਹੈ। ਗਹਿਣੇ ਵੀ ਘੱਟ ਪਹਿਨੇ ਜਾਣ। ਉਨ੍ਹਾਂ ਨੂੰ ਘਰੋਂ ਨਿਕਲਣ ਦੇ ਸਮੇਂ ਕ੍ਰੈਡਿਟ ਕਾਰਡ, ਕੈਸ਼ ਘੱਟ ਤੋਂ ਘੱਟ ਰੱਖਣਾ ਚਾਹੀਦਾ ਹੈ। ਜੇ ਕੋਈ ਪਿੱਛਾ ਕਰਦਾ ਮਹਿਸੂਸ ਹੋਵੇ ਤਾਂ ਰਸਤਾ ਬਦਲ ਲਵੋ। ਰਾਤ ਦੇ ਸਮੇਂ ਆਉਣ-ਜਾਣ ਤੋਂ ਪ੍ਰਹੇਜ਼ ਕੀਤਾ ਜਾਵੇ। ਕੰਮ ਹਮੇਸ਼ਾ ਦਿਨ ਦੇ ਸਮੇਂ ਵਿਚ ਹੀ ਪੂਰਾ ਕੀਤਾ ਜਾਵੇ। ਕਿਸੇ ਵੀ ਮਰਦ ਸਹਿਕਰਮੀ ਉੱਪਰ ਅੰਨ੍ਹਾ ਵਿਸ਼ਵਾਸ ਵੀ ਨਾ ਕੀਤਾ ਜਾਵੇ। ਨਾ ਹੀ ਮਰਦ ਸਹਿਕਰਮੀ ਨਾਲ ਘੁਲ-ਮਿਲ ਕੇ ਗੱਲਾਂ ਕਰੋ। ਕੁਝ ਦੂਰੀ ਬਣਾ ਕੇ ਰੱਖੋ। ਆਪਣੀਆਂ ਘਰੇਲੂ ਗੱਲਾਂ ਜਾਂ ਲੜਾਈ-ਝਗੜੇ ਹਰ ਅੱਗੇ ਨਾ ਖੋਲ੍ਹੋ। ਕੋਈ ਵੀ ਪ੍ਰੇਸ਼ਾਨੀ ਹੋਵੇ ਤਾਂ ਮਨ ਨੂੰ ਸ਼ਾਂਤ ਕਰਨ ਦੀ ਬਜਾਏ ਕੋਈ ਖਾਸ ਸਹੇਲੀ-ਭੈਣ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਸਕਦਾ ਹੈ।

ਔਰਤਾਂ ਨੂੰ ਚਾਹੀਦਾ ਹੈ ਕਿ ਦਫਤਰ ਵਿਚ ਬਾਹਰੀ ਲੋਕਾਂ ਨਾਲ ਜ਼ਿਆਦਾ ਜਾਣ-ਪਛਾਣ ਨਾ ਵਧਾਉਣ, ਨਾ ਹੀ ਕਿਸੇ ਅਣਜਾਣੇ ਵਿਅਕਤੀ ਉੱਪਰ ਯਕੀਨ ਕਰਕੇ ਉਸ ਨਾਲ ਬਾਹਰ ਜਾਓ। ਦਫਤਰ ਜਾਂ ਹੋਰ ਕੰਮ ਦੇ ਸਥਾਨ 'ਤੇ ਲਿਫਟ ਵਿਚ ਇਕੱਲੇ ਕਦੇ ਵੀ ਨਾ ਜਾਓ, ਕਿਉਂਕਿ ਛੇੜਛਾੜ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਦਫਤਰ ਵਿਚ ਆਪਣਾ ਵਿਹਾਰ ਅਤੇ ਸਲੀਕਾ ਅਜਿਹਾ ਰੱਖੋ ਕਿ ਕੋਈ ਤੁਹਾਡੇ 'ਤੇ ਉਂਗਲ ਨਾ ਕਰ ਸਕੇ। ਆਪਸੀ ਰੰਜਸ਼ ਵੀ ਕਈ ਵਾਰ ਹਾਦਸਿਆਂ ਦਾ ਕਾਰਨ ਬਣਦੀ ਹੈ। ਇਸ ਲਈ ਕਿਸੇ ਨਾਲ ਐਵੇਂ ਝਗੜਾ ਮੁੱਲ ਨਾ ਲਵੋ। ਕਰਾਟੇ, ਡਿਫੈਂਸ ਦੀ ਸਿਖਲਾਈ ਵੀ ਲਈ ਜਾ ਸਕਦੀ ਹੈ।

ਜਿਥੇ ਔਰਤਾਂ ਕੰਮ ਕਰਦੀਆਂ ਹਨ, ਉਥੋਂ ਦੇ ਪ੍ਰਬੰਧਕ ਵੀ ਔਰਤਾਂ ਨੂੰ ਦੇਰ ਰਾਤ ਤੱਕ ਡਿਊਟੀ ਕਰਨ ਤੋਂ ਬਾਅਦ ਘਰ ਛੱਡਣ ਦਾ ਸੁਰੱਖਿਅਤ ਪ੍ਰਬੰਧ ਕਰਨ ਤੇ ਕਈ ਅਦਾਰੇ ਕਰ ਵੀ ਰਹੇ ਹਨ। ਔਰਤਾਂ ਆਪਣੇ ਸਹਿਕਰਮੀ ਨਾਲ ਹਾਸਾ-ਮਜ਼ਾਕ ਸੀਮਤ ਦਾਇਰੇ ਵਿਚ ਰਹਿ ਕੇ ਹੀ ਕਰਨ। ਕਈ ਵਾਰੀ ਇਨ੍ਹਾਂ ਵਿਚੋਂ ਹੀ ਗ਼ਲਤ ਕਦਮ ਚੁੱਕ ਸਕਦੇ ਹਨ। ਸੋ, ਔਰਤਾਂ-ਲੜਕੀਆਂ ਨੂੰ ਅਜਿਹਾ ਸਮਾਜ ਦੇਈਏ ਜਿਥੇ ਉਹ ਖੁੱਲ੍ਹ ਕੇ ਸਾਹ ਲੈ ਸਕਣ ਤੇ ਬਿਨਾਂ ਡਰ ਤੋਂ ਆਪਣੀ ਡਿਊਟੀ ਦੇ ਸਕਣ ਆਪਣੇ ਘਰ-ਪਰਿਵਾਰ ਦੀ ਖਾਤਰ ਉਸ ਨੂੰ ਇਹ ਜ਼ੁਲਮ ਨਾ ਸਹਿਣਾ ਪਵੇ। ਸੋ, ਔਰਤਾਂ ਇਨ੍ਹਾਂ ਸੂਤਰਾਂ ਨੂੰ ਅਪਣਾ ਕੇ ਵੀ ਕੁਝ ਮਾੜੇ ਅਨਸਰਾਂ ਦੇ ਜ਼ੁਲਮਾਂ ਤੋਂ ਬਚ ਸਕਦੀਆਂ ਹਨ।

# ਕੀ ਤੁਸੀਂ ਬਾਹਾਂ ਤੋਂ ਬਗੈਰ ਪਹਿਰਾਵਾ ਪਹਿਨਦੇ ਹੋ



ਜੇ ਤੁਹਾਡਾ ਰੰਗ ਕਾਲਾ ਜਾਂ ਜ਼ਿਆਦਾ ਸਾਂਵਲਾ ਹੈ ਤਾਂ ਬਾਹਾਂ ਤੋਂ ਬਗੈਰ ਪਹਿਰਾਵਾ ਕਦੇ ਨਾ ਪਹਿਨੋ। ਇਸ ਨਾਲ ਤੁਹਾਡੀ ਫੂਹੜਤਾ ਦਾ ਪਤਾ ਲੱਗੇਗਾ, ਕਿਉਂਕਿ ਕਾਲੀਆਂ ਬਾਹਾਂ ਤੁਹਾਨੂੰ ਪੂਰਨ ਆਕਰਸ਼ਣਹੀਣ ਬਣਾ ਦੇਣਗੀਆਂ। ਕਈ ਵਾਰ ਦੇਖਿਆ ਜਾਂਦਾ ਹੈ ਕਿ ਰੰਗ ਗੋਰਾ ਹੋਣ ਦੇ ਬਾਵਜੂਦ ਜੇ ਬਾਹਾਂ ਜ਼ਿਆਦਾ ਪਤਲੀਆਂ ਹੋਣ ਤਾਂ ਵੀ ਬਾਹਾਂ ਤੋਂ ਬਗੈਰ ਪਹਿਰਾਵਾ ਤੁਹਾਡੀ ਸ਼ੋਭਾ ਘਟਾਉਂਦਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਨਾਲ ਬਾਹਾਂ ਦਾ ਪਤਲਾਪਨ ਜ਼ਿਆਦਾ ਉਜਾਗਰ ਹੋ ਜਾਂਦਾ ਹੈ ਜੋ ਦੇਖਣ ਵਿਚ ਭੱਦਾ ਲਗਦਾ ਹੈ। ਬਾਹਾਂ ਦਾ ਥੁਲਥੁਲਾਪਨ ਵੀ ਬਾਹਾਂ ਤੋਂ ਬਗੈਰ ਪਹਿਰਾਵੇ ਦੀ ਸ਼ੋਭਾ ਨਸ਼ਟ ਕਰਦਾ ਹੈ। ਜੇ ਤੁਹਾਡੀਆਂ ਬਾਹਾਂ ਜ਼ਿਆਦਾ ਮੋਟੀਆਂ ਹਨ ਪਰ ਤੁਹਾਨੂੰ ਬਾਹਾਂ ਤੋਂ ਬਗੈਰ ਕੱਪੜੇ ਪਹਿਨਣ ਦਾ ਸ਼ੌਕ ਹੈ ਤਾਂ ਬਾਹਾਂ ਨੂੰ ਵਿਵਸਥਿਤ ਆਕਾਰ ਦੇਣ ਲਈ ਨਿਯਮਤ ਬਾਹਾਂ ਦੀ ਕਸਰਤ ਕਰੋ। ਇਸ ਨਾਲ ਬਾਹਾਂ 'ਤੇ ਵਾਧੂ ਚਰਬੀ ਖਤਮ ਹੋ ਜਾਵੇਗੀ ਅਤੇ ਤੁਸੀਂ ਆਪਣੇ ਇਸ ਸ਼ੌਕ ਨੂੰ ਪੂਰਾ ਕਰ ਸਕੋਗੇ। ਬਾਹਾਂ ਤੋਂ ਬਗੈਰ ਕੱਪੜੇ ਪਹਿਨਣ ਲਈ ਬਾਹਾਂ ਦੀ ਨਿਯਮਤ ਸਫ਼ਾਈ ਜ਼ਰੂਰੀ ਹੈ। ਵੇਸਣ, ਗੁਲਾਬਜਲ ਅਤੇ ਮਲਾਈ ਨੂੰ ਬਰਾਬਰ ਮਾਤਰਾ ਵਿਚ ਮਿਲਾ ਕੇ ਇਸ ਨਾਲ ਬਾਹਾਂ ਦੀ ਸਫਾਈ ਕਰੋ। ਕੂਹਣੀਆਂ ਦੀ ਸਫਾਈ ਲਈ ਅੱਧਾ ਨਿੰਬੂ ਉਸ ਉੱਤੇ ਰਗੜੋ। ਜੇ ਤੁਸੀਂ ਬਾਹਾਂ ਤੋਂ ਬਗੈਰ ਕੱਪੜੇ ਪਹਿਨ ਕੇ ਧੁੱਪ ਵਾਲੀ ਜਗ੍ਹਾ ਜਾ ਰਹੇ ਹੋ ਤਾਂ ਬਾਹਾਂ ਦੀ ਚਮੜੀ ਨੂੰ ਧੁੱਪ ਨਾਲ ਝੁਲਸਣ ਤੋਂ ਬਚਾਉਣ ਲਈ ਜਾਣ ਤੋਂ ਪਹਿਲਾਂ ਸਨਸਕਰੀਨ ਲੋਸ਼ਨ ਅਤੇ ਟੈਲਕਮ ਪਾਊਡਰ ਦੀ ਵਰਤੋਂ ਜ਼ਰੂਰ ਕਰੋ। ਬਾਹਾਂ 'ਤੇ ਲੋਸ਼ਨ ਦੀ ਵਰਤੋਂ ਵੀ ਬਹੁਤ ਉੱਤਮ ਹੈ। ਹਰ ਸਮੇਂ ਬਾਹਾਂ ਤੋਂ ਬਗੈਰ ਕੱਪੜੇ ਪਹਿਨਣ ਨਾਲ ਬਾਹਾਂ ਦੀ ਚਮੜੀ 'ਤੇ ਮਾੜਾ ਅਸਰ ਪੈਂਦਾ ਹੈ, ਇਸ ਲਈ ਕਦੇ-ਕਦੇ ਹੀ ਬਾਹਾਂ ਤੋਂ ਬਗੈਰ ਪਹਿਰਾਵਾ ਪਹਿਨੋ।

# ਜੇਤੂ ਬਣਨ ਲਈ ਵਕਾਰਮਈ ਢੰਗ ਨਾਲ ਹਾਰਨਾ ਸਿੱਖੋ

-ਨਵਜੋਤ ਬਜਾਜ ਗੱਗੂ,
ਮੋਬਾ: 98721-02614

**ਆਪਣੇ ਵੱਲੋਂ ਹਰੇਕ ਕੰਮ ਇਮਾਨਦਾਰੀ ਨਾਲ ਕਰੋ। ਤੁਹਾਡੀ ਬੱਲੇਬਾਜ਼ੀ ਔਸਤ ਦਰਜੇ ਦੀ ਕਿਉਂ ਹੈ, ਤੁਹਾਡੀ ਪਾਰਟੀ ਨੇ ਤੁਹਾਨੂੰ ਰੱਦ ਕਿਉਂ ਕਰ ਦਿੱਤਾ ਹੈ, ਇਨ੍ਹਾਂ ਗੱਲਾਂ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰੋ। ਬੇਸ਼ੱਕ ਅਜਿਹਾ ਲੱਗਦਾ ਹੈ ਕਿ ਹਾਰਨ ਜਾਂ ਕੁਝ ਗਵਾਉਣ ਦੀ ਸਥਿਤੀ 'ਚ ਕਿਸੇ ਤਰ੍ਹਾਂ ਦਾ ਹਾਂ-ਪੱਖੀ ਨਤੀਜਾ ਮਿਲਣਾ ਅਸੰਭਵ ਹੈ, ਤਾਂ ਵੀ ਸ਼ੁਰੂਆਤੀ ਸਦਮੇ ਤੇ ਨਿਰਾਸ਼ਾ 'ਚੋਂ ਬਾਹਰ ਆਉਣ ਤੋਂ ਬਾਅਦ ਕੁਝ ਉਸਾਰੂ ਕਦਮ ਜ਼ਰੂਰ ਚੁੱਕੇ ਜਾ ਸਕਦੇ ਹਨ। ਦੂਜਿਆਂ ਨੂੰ ਇਹ ਪੁੱਛੋ ਕਿ ਤੁਹਾਨੂੰ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ ਜਾਂ ਨੁਕਸਾਨ ਕਿਉਂ ਉਠਾਉਣਾ ਪਿਆ ਅਤੇ ਦੂਜਿਆਂ ਵੱਲੋਂ ਕੀਤੀ ਗਈ ਅਲੋਚਨਾ ਨੂੰ ਖੁੱਲ੍ਹਦਿਲੀ ਨਾਲ ਸਵੀਕਾਰ ਕਰੋ। ਬੇਸ਼ੱਕ ਤੁਹਾਨੂੰ ਅਜਿਹਾ ਕਿਉਂ ਨਾ ਲੱਗੇ ਕਿ ਤੁਹਾਡੀ ਨਾਜਾਇਜ਼ ਆਲੋਚਨਾ ਕੀਤੀ ਜਾ ਰਹੀ ਹੈ।**



ਅੱਜ ਹਰ ਪਾਸੇ ਮੁਕਾਬਲੇਬਾਜ਼ੀ ਤੇ ਦੌੜ ਦਾ ਬੋਲਬਾਲਾ ਹੈ। ਮੁਕਾਬਲਾ ਤੇ ਦੌੜ ਇਕ ਸਿੱਕੇ ਦੇ ਦੋ ਪਹਿਲੂ ਹਨ। ਇਨਸਾਨ ਸਭ ਕੁਝ ਸਹਿਜੇ ਹੀ ਮਿਹਨਤ ਨਾਲ ਪ੍ਰਾਪਤ ਕਰ ਲੈਂਦਾ ਹੈ ਪਰ ਇਨ੍ਹਾਂ ਦੋ ਗੱਲਾਂ ਦਾ ਸਾਥ ਨਹੀਂ ਛੱਡਦਾ। ਕਿਸਮਤ ਹਮੇਸ਼ਾ ਬਹਾਦਰਾਂ ਦਾ ਸਾਥ ਦਿੰਦੀ ਹੈ ਪਰ ਇਨਾਮ ਹਮੇਸ਼ਾ ਜੇਤੂਆਂ ਨੂੰ ਮਿਲਦੇ ਹਨ। ਫਿਰ ਵੀ ਅਫ਼ਸੋਸ ਵਾਲੀ ਤੇ ਵਿਲੱਖਣ ਗੱਲ ਇਹ ਹੈ ਕਿ ਲੋਕਾਂ ਨੂੰ ਮਰਿਆਦਾ ਪੂਰਨ ਢੰਗ ਨਾਲ ਹਾਰਨਾ ਵੀ ਨਹੀਂ ਆਉਂਦਾ। ਆਪਣੇ ਸੋਚਣ ਦੇ ਢੰਗ-ਤਰੀਕੇ 'ਚ ਵੀ ਅਸੀਂ ਜ਼ਿਆਦਾ ਸੁਆਰਥਮੁਕਤ ਬਣ ਜਾਂਦੇ ਹਾਂ। ਵੱਕਾਰਮਈ ਢੰਗ ਨਾਲ ਕੁਝ ਗਵਾਉਣ ਦੀ ਇਹ ਯੋਗਤਾ ਸਾਨੂੰ ਨਾ ਸਿਰਫ ਦਿਲ ਦੇ ਦੌਰੇ ਦੇ ਖ਼ਤਰੇ ਤੋਂ ਬਚਾਉਂਦੀ ਹੈ, ਸਗੋਂ ਸਾਡੀ ਉਦਾਰਤਾ ਤੇ ਖੁਸ਼ੀ 'ਚ ਵੀ ਵਾਧਾ ਕਰਦੀ ਹੈ। ਅਜਿਹਾ ਰਵੱਈਆ ਹਾਰ-ਜਿੱਤ ਦੇ ਸਮੀਕਰਨਾਂ ਨੂੰ 'ਜਿੱਤ ਬਨਾਮ ਜਿੱਤ' ਦੇ ਸਮੀਕਰਨ ਵਿਚ ਬਦਲ ਦਿੰਦਾ ਹੈ। ਸਾਰੀਆਂ ਪ੍ਰਤੀਯੋਗੀ ਸਥਿਤੀਆਂ 'ਚ ਇਕ ਆਦਮੀ ਨੇ ਤਾਂ ਹਾਰਨਾ ਹੀ ਹੁੰਦਾ ਹੈ। ਅਜਿਹੀ ਹਾਰ ਤੁਹਾਡੇ ਸਵੈ-ਮਾਣ, ਸਵੈ-ਵਿਸ਼ਵਾਸ ਨੂੰ ਠੇਸ ਪਹੁੰਚਾਉਂਦੀ ਹੈ, ਜਿਸ ਨਾਲ ਤੁਸੀਂ ਕਾਫੀ ਨਿਰਾਸ਼ਾ ਤੇ ਕੁੜੱਤਣ ਮਹਿਸੂਸ ਕਰਦੇ ਹੋ। ਪਰ ਜ਼ਿੰਦਗੀ ਦੇ ਕਿਸੇ ਵੀ ਤਜਰਬੇ ਨੂੰ ਹਮੇਸ਼ਾ ਲਈ ਨਾਂਹ-ਪੱਖੀ ਭਾਵਨਾਵਾਂ ਨਾਲ ਲੈ ਕੇ ਵਿਦਾ ਨਹੀਂ ਹੋਣਾ ਚਾਹੀਦਾ। ਹਰੇਕ ਸਥਿਤੀ 'ਚੋਂ ਕੁਝ ਨਾ ਕੁਝ ਸਿੱਖਣ ਦੀ ਕੋਸ਼ਿਸ਼ ਕਰੋ। ਆਪਣੇ ਵੱਲੋਂ ਹਰੇਕ ਕੰਮ ਇਮਾਨਦਾਰੀ ਨਾਲ ਕਰੋ। ਤੁਹਾਡੀ ਬੱਲੇਬਾਜ਼ੀ ਔਸਤ ਦਰਜੇ ਦੀ ਕਿਉਂ ਹੈ, ਤੁਹਾਡੀ ਪਾਰਟੀ ਨੇ ਤੁਹਾਨੂੰ ਰੱਦ ਕਿਉਂ ਕਰ ਦਿੱਤਾ ਹੈ, ਇਨ੍ਹਾਂ ਗੱਲਾਂ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰੋ। ਬੇਸ਼ੱਕ ਅਜਿਹਾ ਲੱਗਦਾ ਹੈ ਕਿ ਹਾਰਨ ਜਾਂ ਕੁਝ ਗਵਾਉਣ ਦੀ ਸਥਿਤੀ 'ਚ ਕਿਸੇ ਤਰ੍ਹਾਂ ਦਾ ਹਾਂ-ਪੱਖੀ ਨਤੀਜਾ ਮਿਲਣਾ ਅਸੰਭਵ ਹੈ, ਤਾਂ ਵੀ ਸ਼ੁਰੂਆਤੀ ਸਦਮੇ ਤੇ ਨਿਰਾਸ਼ਾ 'ਚੋਂ ਬਾਹਰ ਆਉਣ ਤੋਂ ਬਾਅਦ ਕੁਝ ਉਸਾਰੂ ਕਦਮ ਜ਼ਰੂਰ ਚੁੱਕੇ ਜਾ ਸਕਦੇ ਹਨ। ਦੂਜਿਆਂ ਨੂੰ ਇਹ ਪੁੱਛੋ ਕਿ ਤੁਹਾਨੂੰ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ ਜਾਂ ਨੁਕਸਾਨ ਕਿਉਂ ਉਠਾਉਣਾ ਪਿਆ ਅਤੇ ਦੂਜਿਆਂ ਵੱਲੋਂ ਕੀਤੀ ਗਈ ਅਲੋਚਨਾ ਨੂੰ ਖੁੱਲ੍ਹਦਿਲੀ ਨਾਲ ਸਵੀਕਾਰ ਕਰੋ। ਬੇਸ਼ੱਕ ਤੁਹਾਨੂੰ ਅਜਿਹਾ ਕਿਉਂ ਨਾ ਲੱਗੇ ਕਿ ਤੁਹਾਡੀ ਨਾਜਾਇਜ਼ ਆਲੋਚਨਾ ਕੀਤੀ ਜਾ ਰਹੀ ਹੈ। ਆਲੋਚਨਾ 'ਤੇ ਤੁਰੰਤ ਪ੍ਰਤੀਕਿਰਿਆ ਜ਼ਾਹਰ ਨਾ ਕਰੋ, ਕੁਝ ਦੇਰ ਲਈ ਉੱਠ ਕੇ ਚਲੇ ਜਾਓ ਤੇ ਹਰ ਗੱਲ ਬਾਰੇ ਸੋਚੋ। ਬੇਸ਼ੱਕ ਆਲੋਚਨਾ ਤਿੱਖੀ ਜਾਂ ਕੌੜੀ ਕਿਉਂ ਨਾ ਹੋਵੇ, ਤਾਂ ਵੀ ਆਪਣੀਆਂ ਕਮੀਆਂ 'ਤੇ ਕਾਬੂ ਪਾਉਣ ਦਾ ਇਹ ਸਭ ਤੋਂ ਸੌਖਾ ਤਰੀਕਾ ਹੋਵੇਗਾ। ਕਿਸੇ ਵੀ ਹਾਰ 'ਤੇ ਗੁੱਸੇ 'ਚ ਆਉਣਾ, ਪ੍ਰੇਸ਼ਾਨ ਹੋਣਾ ਜਾਂ ਨਿਰਾਸ਼ ਹੋਣਾ ਕੁਦਰਤੀ ਗੱਲਾਂ ਹਨ ਪਰ ਆਪੇ ਤੋਂ ਬਾਹਰ ਹੋ ਕੇ ਹੰਗਾਮਾ ਖੜ੍ਹਾ ਕਰਨਾ ਸੁਭਾਵਿਕ ਪ੍ਰਤੀਕਿਰਿਆ ਨਹੀਂ ਹੁੰਦੀ। ਜੇ ਤੁਸੀਂ ਜੇਤੂ ਬਣਨਾ ਚਾਹੁੰਦੇ ਹੋ ਤਾਂ ਵਿਕਾਰਮਈ ਢੰਗ ਨਾਲ ਹਾਰਨ ਦੀ ਕਲਾ ਨੂੰ ਜ਼ਰੂਰ ਸਿੱਖੋ।

# ਕਿਤੇ ਤੁਸੀਂ ਬਿਮਾਰ ਹੋਣ 'ਤੇ ਆਪਣੇ ਡਾਕਟਰ ਖੁਦ ਤਾਂ ਨਹੀਂ ਬਣ ਜਾਂਦੇ ?

1. ਪਿਛਲੇ ਕਈ ਦਿਨਾਂ ਤੋਂ ਤੁਹਾਨੂੰ ਖੰਘ ਹੈ ਅਤੇ ਤੁਹਾਡਾ ਪਤੀ ਡਾਕਟਰ ਕੋਲ ਜਾਣ ਲਈ ਕਹਿੰਦਾ ਹੈ, ਤਾਂ ਤੁਹਾਡਾ ਜਵਾਬ ਹੁੰਦਾ ਹੈ-(ਕ) ਮੌਸਮ ਦੀ ਵਜ੍ਹਾ ਨਾਲ ਹੈ, ਮੌਸਮ ਸਹੀ ਹੋਣ 'ਤੇ ਖੰਘ ਆਪਣੇ-ਆਪ ਠੀਕ ਹੋ ਜਾਵੇਗੀ। (ਖ) ਮੇਰੇ ਕੋਲ ਡਾਕਟਰ ਕੋਲ ਜਾਣ ਲਈ ਭਲਾ ਸਮਾਂ ਕਿਥੇ ਹੈ? ਦਿਨ ਭਰ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਹੀ ਫੁਰਸਤ ਨਹੀਂ ਮਿਲਦੀ।(ਗ) 'ਜ਼ਿਆਦਾ ਦਿਨ ਤੱਕ ਖੰਘ ਰਹਿਣੀ ਠੀਕ ਨਹੀਂ' ਕਹਿ ਕੇ ਡਾਕਟਰ ਦੇ ਕੋਲ ਚਲੀ ਜਾਂਦੀ ਹੋ।



2. ਬਿਮਾਰ ਹੋਣ 'ਤੇ ਤੁਸੀਂ ਡਾਕਟਰ ਦੇ ਕੋਲ ਜਾਂਦੇ ਹੋ, ਡਾਕਟਰ ਤੁਹਾਨੂੰ ਦਵਾਈ ਦਿੰਦਾ ਹੈ ਅਤੇ ਤੁਸੀਂ-(ਕ) ਡਾਕਟਰ ਦੇ ਕਹੇ ਅਨੁਸਾਰ ਸਮੇਂ ਸਿਰ ਦਵਾਈ ਲੈਂਦੇ ਹੋ। (ਖ) ਇਕ ਖੁਰਾਕ ਲੈਣ ਤੋਂ ਬਾਅਦ ਹੀ ਤੁਹਾਨੂੰ ਲਗਦਾ ਹੈ ਕਿ ਤੁਸੀਂ ਠੀਕ ਹੋ ਗਏ ਹੋ ਅਤੇ ਦਵਾਈ ਲੈਣੀ ਬੰਦ ਕਰ ਦਿੰਦੇ ਹੋ।(ਗ) ਡਾਕਟਰ ਦੇ ਕੋਲ ਤਾਂ ਜਾਂਦੀ ਹੋ, ਦਵਾਈ ਵੀ ਲਿਆਉਂਦੀ ਹੋ ਪਰ ਤੁਹਾਨੂੰ ਫਿਰ ਵੀ ਲਗਦਾ ਹੈ ਕਿ ਦਵਾਈ ਲੈਣੀ ਹੀ ਨਾ ਪਵੇ ਅਤੇ ਤੁਸੀਂ ਨਹੀਂ ਲੈਂਦੇ।

3. ਪਿਛਲੇ ਦੋ ਘੰਟਿਆਂ ਤੋਂ ਤੁਸੀਂ ਸਿਰਦਰਦ ਤੋਂ ਪ੍ਰੇਸ਼ਾਨ ਹੋ। ਅਜਿਹੇ ਵਿਚ ਤੁਸੀਂ- (ਕ) ਡਾਕਟਰ ਦੇ ਕੋਲ ਜਾਂਦੇ ਹੋ। (ਖ) ਆਪਣੇ ਕਿਸੇ ਵਾਕਿਫ ਦੇ ਕਹਿਣ 'ਤੇ ਉਸ ਦੀ ਦੱਸੀ ਦਵਾਈ ਲੈ ਲੈਂਦੇ ਹੋ। (ਗ) ਇੰਟਰਨੈੱਟ ਖੋਲ੍ਹ ਕੇ ਸਿਰਦਰਦ ਦੀ ਕਿਸੇ ਦਵਾਈ ਦਾ ਨਾਂਅ ਲਿਖ ਕੇ ਉਸ ਨੂੰ ਲੈ ਕੇ ਖਾ ਲੈਂਦੇ ਹੋ।

(4) ਪਿਛਲੇ ਤਿੰਨ ਦਿਨ ਤੋਂ ਬੱਚੇ ਨੂੰ ਤੇਜ਼ ਬੁਖਾਰ ਹੈ, ਅਜਿਹੇ ਵਿਚ ਤੁਸੀਂ ਸੋਚਦੇ ਹੋ- (ਕ) ਵਾਇਰਲ ਹੋਵੇਗਾ, ਡਾਕਟਰ ਦੇ ਕੋਲ ਕੀ ਜਾਣਾ। (ਖ) ਸਾਰੇ ਬੁਖਾਰ ਇਕੋ ਜਿਹੇ ਹੀ ਹੁੰਦੇ ਹਨ, ਕੋਈ ਵੀ ਐਂਟੀਬਾਇਟਿਕ ਦਿੱਤੀ ਜਾ ਸਕਦੀ ਹੈ। (ਗ) ਬੁਖ਼ਾਰ ਵਿਚ ਭਲਾ ਡਾਕਟਰ ਕੋਲ ਜਾਣ ਦੀ ਕੀ ਲੋੜ, ਠੰਢੇ ਪਾਣੀ ਦੀਆਂ ਪੱਟੀਆਂ ਨਾਲ ਠੀਕ ਹੋ ਜਾਵੇਗਾ।

5. ਤੁਹਾਨੂੰ ਉੱਚ ਖੂਨ ਦਬਾਅ ਦੀ ਸ਼ਿਕਾਇਤ ਹੈ, ਤੁਹਾਡੀ ਨਿਯਮਤ ਦਵਾਈ ਚਲਦੀ ਹੈ, ਅਜਿਹੇ ਵਿਚ ਤੁਸੀਂ- (ਕ) ਡਾਕਟਰ ਦੀ ਸਲਾਹ ਤੋਂ ਬਿਨਾਂ ਦਵਾਈ ਨਹੀਂ ਲੈਂਦੇ। (ਖ) ਦੋ ਮਹੀਨੇ ਦਾ ਕੋਰਸ ਸੀ ਪਰ 'ਦਵਾਈ ਬਚੀ ਹੈ' ਸੋਚ ਕੇ ਉਸ ਨੂੰ ਅੱਗੇ ਵੀ ਖਾਂਦੇ ਰਹਿੰਦੇ ਹੋ।(ਗ) ਜਦੋਂ ਯਾਦ ਆਇਆ, ਦਵਾਈ ਖਾ ਲੈਂਦੇ ਹੋ, ਡਾਕਟਰ ਤੋਂ ਪੁੱਛੇ ਬਿਨਾਂ ਖਾਣੀ ਬੰਦ ਕਰ ਦਿੰਦੇ ਹੋ।

ਨਤੀਜਾ : ਤੁਸੀਂ ਆਪਣਾ ਇਲਾਜ ਖੁਦ ਹੀ ਤਾਂ ਨਹੀਂ ਕਰਦੇ। ਆਓ, ਹਾਸਲ ਨੰਬਰਾਂ ਰਾਹੀਂ ਅਸੀਂ ਤੁਹਾਨੂੰ ਦੱਸ ਦਿੰਦੇ ਹਾਂ।

(ਕ) ਜੇਕਰ ਤੁਸੀਂ 20 ਜਾਂ ਇਸ ਤੋਂ ਜ਼ਿਆਦਾ ਅੰਕ ਹਾਸਲ ਕੀਤੇ ਹਨ ਤਾਂ ਮੰਨ ਲਓ ਕਿ ਤੁਸੀਂ ਆਪਣੀ ਬਿਮਾਰੀ ਦੇ ਪ੍ਰਤੀ ਗੰਭੀਰ ਰਹਿੰਦੇ ਹੋ। ਤੁਸੀਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਅਤੇ ਸਮਝਦੇ ਹੋ ਕਿ ਬਿਮਾਰ ਹੋਣ 'ਤੇ ਡਾਕਟਰ ਦੀ ਸਲਾਹ ਲਏ ਬਿਨਾਂ ਖੁਦ ਇਲਾਜ ਕਰਨਾ ਕਿਸੇ ਵੀ ਪੱਖੋਂ ਸਹੀ ਨਹੀਂ ਹੈ।

(ਖ) ਜੇਕਰ ਤੁਹਾਡੇ ਪ੍ਰਾਪਤ ਅੰਕ 10 ਤੋਂ ਜ਼ਿਆਦਾ ਅਤੇ 15 ਤੋਂ ਘੱਟ ਹਨ ਤਾਂ ਤੁਸੀਂ ਆਪਣੀ ਸਰੀਰਕ ਤੰਦਰੁਸਤੀ ਨੂੰ ਲੈ ਕੇ ਓਨੇ ਗੰਭੀਰ ਨਹੀਂ ਹੋ, ਜਿੰਨਾ ਹੋਣਾ ਚਾਹੀਦਾ ਹੈ। ਇਸ ਲਈ ਤੁਹਾਨੂੰ ਹੋਰ ਸਮਝਦਾਰੀ ਤੋਂ ਕੰਮ ਲੈਣਾ ਪਵੇਗਾ ਅਤੇ ਇਹ ਸਮਝਣਾ ਪਵੇਗਾ ਕਿ ਸਿਹਤ ਪ੍ਰਤੀ ਛੋਟੀ ਜਿਹੀ ਵੀ ਲਾਪ੍ਰਵਾਹੀ ਜਾਂ ਅਣਦੇਖੀ ਦਾ ਬੁਰਾ ਨਤੀਜਾ ਹੋ ਸਕਦਾ ਹੈ।

(ਗ) ਜੇਕਰ ਤੁਹਾਡੇ ਪ੍ਰਾਪਤ ਅੰਕ 10 ਤੋਂ ਘੱਟ ਹਨ ਤਾਂ ਸਮਝ ਲਓ ਕਿ ਤੁਸੀਂ ਸਮੇਂ ਦੀ ਕਮੀ ਕਰਕੇ ਜਾਂ ਇਲਾਜ 'ਤੇ ਹੋਣ ਵਾਲੇ ਖਰਚ ਨੂੰ ਬਚਾਉਣ ਦੇ ਚੱਕਰ ਵਿਚ ਆਪਣਾ ਇਲਾਜ ਖੁਦ ਕਰਦੇ ਹੋ, ਜਿਸ ਦੇ ਤੁਹਾਨੂੰ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਇਸ ਲਈ ਆਪਣੇ ਡਾਕਟਰ ਖੁਦ ਬਣਨ ਦੀ ਬਜਾਏ ਬਿਮਾਰੀ ਦੀ ਹਾਲਤ ਵਿਚ ਡਾਕਟਰ ਤੋਂ ਸਲਾਹ ਲਏ ਬਿਨਾਂ ਨਾ ਤਾਂ ਕੋਈ ਦਵਾਈ ਲਓ ਅਤੇ ਨਾ ਹੀ ਡਾਕਟਰ ਦੇ ਕੋਲ ਜਾਣ ਤੋਂ ਸੰਕੋਚ ਕਰੋ।

-ਪਿੰਕੀ ਅਰੋੜਾ

# ਕਿਚਨ ਟਿਪਸ

♣ ਚੌਲ ਉਬਾਲਦੇ ਸਮੇਂ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਅਤੇ ਥੋੜ੍ਹਾ ਜਿਹਾ ਸਿਰਕਾ ਪਾ ਦੇਣ ਨਾਲ ਚੌਲ ਜ਼ਿਆਦਾ ਸਫੈਦ ਬਣਦੇ ਹਨ ਅਤੇ ਚੌਲਾਂ ਦੇ ਦਾਣੇ ਵੀ ਜ਼ਿਆਦਾ ਖਿਲਦੇ ਹਨ।

♣ ਡਬਲ ਰੋਟੀ ਬਚ ਜਾਵੇ ਤਾਂ ਇਸ ਨੂੰ ਪੀਸ ਕੇ ਘਿਓ ਵਿਚ ਭੁੰਨ ਲਓ। ਸਬਜ਼ੀ ਬਣਾਉਂਦੇ ਸਮੇਂ ਇਸ ਨੂੰ ਉਸ ਵਿਚ ਪਾ ਦਿਓ। ਤੁਸੀਂ ਚਾਹੋ ਤਾਂ ਇਸ ਦੀ ਸਬਜ਼ੀ ਬਣਾ ਸਕਦੇ ਹੋ। ਇਸ ਤਰ੍ਹਾਂ ਬਣੀ ਸਬਜ਼ੀ ਬਹੁਤ ਸਵਾਦੀ ਹੁੰਦੀ ਹੈ।



♣ ਅਕਸਰ ਇਲਾਇਚੀ ਦੇ ਸਿਰਫ ਦਾਣੇ ਹੀ ਵਰਤੇ ਜਾਂਦੇ ਹਨ ਅਤੇ ਛਿੱਲ ਸੁੱਟ ਦਿੱਤੀ ਜਾਂਦੀ ਹੈ। ਇਸ ਲਈ ਛੋਟੀ ਜਾਂ ਵੱਡੀ ਇਲਾਇਚੀ ਦੀਆਂ ਛਿੱਲਾਂ ਨੂੰ ਸੁੱਟਣ ਦੀ ਬਜਾਏ ਉਨ੍ਹਾਂ ਨੂੰ ਚਾਹ ਦੀ ਪੱਤੀ ਜਾਂ ਖੰਡ ਵਿਚ ਮਿਲਾਉਂਦੇ ਰਹੋ। ਇਸ ਨਾਲ ਬਣੀ ਚਾਹ ਸਵਾਦੀ ਹੋਵੇਗੀ। ਪਕਵਾਨ ਬਣਾਉਂਦੇ ਸਮੇਂ ਇਸ ਖੰਡ ਦੀ ਵਰਤੋਂ ਕਰੋ ਤਾਂ ਪਕਵਾਨ ਦਾ ਸਵਾਦ ਵੀ ਵਧੇਗਾ।

♣ ਜੇ ਤੁਸੀਂ ਸਿਰਫ ਦੋ ਜਾਂ ਤਿੰਨ ਟਮਾਟਰ ਛਿੱਲਣੇ ਹੋਣ ਅਤੇ ਤੁਸੀਂ ਪਾਣੀ ਉਬਾਲਣ ਤੋਂ ਬਚਣਾ ਚਾਹੁੰਦੇ ਹੋ ਤਾਂ ਖਾਣੇ ਲਈ ਵਰਤੋਂ ਵਿਚ ਆਉਣ ਵਾਲੇ ਕੰਡਿਆਂ ਨੂੰ ਟਮਾਟਰ ਵਿਚ ਖੋਭ ਕੇ ਚੁੱਲ੍ਹੇ ਦੀ ਅੱਗ ਦਿਖਾਓ। ਟਮਾਟਰ ਦਾ ਛਿਲਕਾ ਅਸਾਨੀ ਨਾਲ ਉਤਰ ਜਾਵੇਗਾ।

♣ ਕਾਬਲੀ ਛੋਲੇ ਛੇਤੀ ਪਕਾਉਣ ਲਈ ਉਨ੍ਹਾਂ ਵਿਚ ਮਿੱਠਾ ਸੋਡਾ ਪਾ ਕੇ ਪਕਾਇਆ ਜਾਂਦਾ ਹੈ ਪਰ ਅਜਿਹਾ ਕਰਨ ਨਾਲ ਛੋਲਿਆਂ ਦਾ ਰੰਗ ਨਹੀਂ ਆ ਪਾਉਂਦਾ। ਜੇ ਉਪਰੋਕਤ ਪਕਾਏ ਛੋਲਿਆਂ ਵਿਚ ਦੋ ਚਮਚ ਚਾਹ ਦਾ ਪਾਣੀ ਇਕ ਕਿਲੋ ਛੋਲਿਆਂ ਦੇ ਹਿਸਾਬ ਨਾਲ ਪਾ ਦਿੱਤਾ ਜਾਵੇ ਤਾਂ ਇਸ ਨਾਲ ਛੋਲਿਆਂ ਦਾ ਕੁਦਰਤੀ ਰੂਪ ਅਤੇ ਰੰਗ ਬਰਕਰਾਰ ਰਹਿੰਦਾ ਹੈ।

♣ ਖੰਡ ਦੀ ਚਾਸ਼ਣੀ ਬਣਾਉਣ ਜਾ ਰਹੇ ਹੋ? ਅਜਿਹਾ ਕਰੋ, ਚਾਸ਼ਣੀ ਬਣਾਉਣ ਤੋਂ ਪਹਿਲਾਂ ਕੜਾਹੀ ਵਿਚ ਅੰਦਰ ਚਾਰੇ ਪਾਸੇ ਥੋੜ੍ਹਾ ਜਿਹਾ ਮੱਖਣ ਲਗਾ ਦਿਓ। ਇਸ ਨਾਲ ਚਾਸ਼ਣੀ ਚੰਗੀ ਬਣੇਗੀ।

# ਯੂ-ਟਿਊਬ ਦੀ ਸਟਾਰ ਹੈ 106 ਸਾਲਾ ਮਸਤਨੰਮਾ



60 ਸਾਲ ਦੀ ਉਮਰ ਹੁੰਦੇ ਹੀ ਅਕਸਰ ਲੋਕਾਂ ਨੂੰ ਕਹਿੰਦੇ ਸੁਣਿਆ ਹੋਵੇਗਾ ਕਿ ਬਜ਼ੁਰਗ ਹੋ ਗਏ ਹਾਂ। ਜੇਕਰ ਤੁਸੀਂ ਉਹਨਾਂ ਨੂੰ ਕੋਈ ਤਕਨੀਕ ਸਿੱਖਣ ਲਈ ਕਹੋ ਤਾਂ ਕਹਿੰਦੇ ਹਨ ਹੁਣ ਉਹਨਾਂ ਨੂੰ ਇਹ ਸਭ ਸਿੱਖਣ ਦੀ ਕੀ ਲੋੜ ਹੈ। ਅਜਿਹੇ ਲੋਕਾਂ ਦੇ ਸਾਹਮਣੇ ਆਂਧਰਾ ਪ੍ਰਦੇਸ਼ ਦੀ 106 ਸਾਲ ਦੀ ਬਜ਼ੁਰਗ ਔਰਤ ਮਿਸਾਲ ਪੇਸ਼ ਕਰ ਰਹੀ ਹੈ। ਮਸਤਨੰਮਾ ਨਾਂ ਦੀ ਇਹ ਬਜ਼ੁਰਗ ਇਸ ਉਮਰ ਵਿਚ ਯੂ-ਟਿਊਬ 'ਤੇ ਵੀਡੀਓ ਅਪਲੋਡ ਕਰਕੇ ਦੁਨੀਆਂ ਵਿਚ ਪ੍ਰਸਿੱਧ ਹੋ ਗਈ ਹੈ। ਅੰਮਾ ਰਵਾਇਤੀ ਤਰੀਕੇ ਨਾਲ ਬੇਹੱਦ ਸਵਾਦੀ ਖਾਣਾ ਪਕਾਉਂਦੀ ਹੈ। ਉਹ ਖਾਣਾ ਪਕਾਉਣ ਦੇ ਤਰੀਕਿਆਂ ਨੂੰ ਯੂ-ਟਿਊਬ ਤੇ ਅਪਲੋਡ ਕਰਕੇ ਦੁਨੀਆਂ ਦੇ ਸਾਹਮਣੇ ਆਪਣੀ ਕਲਾ ਨੂੰ ਪਹੁੰਚਾ ਰਹੀ ਹੈ। ਇਸ ਬਜ਼ੁਰਗ ਔਰਤ ਦੀ ਪ੍ਰਸਿੱਧੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਯੂ-ਟਿਊਬ 'ਤੇ ਉਹ ਕੰਟਰੀ ਫ੍ਰਾਈਡਸ ਨਾਂ ਦਾ ਪੇਜ ਬਣਾ ਰਹੀ ਹੈ। ਇਸ ਪੇਜ ਨੂੰ ਢਾਈ ਲੱਖ ਤੋਂ ਜ਼ਿਆਦਾ ਲੋਕ ਸਬਸਕ੍ਰਾਈਬ ਕਰ ਚੁੱਕੇ ਹਨ। ਆਂਧਰਾ ਪ੍ਰਦੇਸ਼ ਦੀ ਰਹਿਣ ਵਾਲੀ ਮਸਤਨਾਮਾ ਯੂ. ਟਿਊਬ ਦੀ ਸਭ ਤੋਂ ਵਡੇਰੀ ਉਮਰ ਦੀ ਯੂ-ਟਿਊਬਰ ਬਣ ਚੁੱਕੀ ਹੈ। ਇਹਨਾਂ ਦੇ ਚੈਨਲ ਨੂੰ ਇਹਨਾਂ ਦਾ ਪੋਤਾ ਕੇ. ਲਕਸ਼ਮਣ ਹੈਂਡਲ ਕਰਦਾ ਹੈ।

ਅੰਮਾ ਬਿਲਕੁਲ ਦੇਸੀ ਅੰਦਾਜ਼ ਵਿਚ ਖਾਣਾ ਪਕਾਉਂਦੀ ਹੈ। ਉਹ ਵੈਜ ਤੋਂ ਇਲਾਵਾ ਨੌਨਵੈਜ ਵੀ ਪਕਾਉਂਦੀ ਹੈ। ਉਹ ਜਿਸ ਸਲੀਕੇ ਨਾਲ ਖਾਣਾ ਪਕਾਉਂਦੀ ਹੈ, ਉਸਨੂੰ ਦੇਖਣ ਵਿਚ ਹੀ ਮਜ਼ਾ ਆ ਜਾਂਦਾ ਹੈ। ਉਦਾਹਰਣ ਵਜੋਂ ਜਦੋਂ ਤੁਸੀਂ ਇਸ ਖਾਣੇ ਨੂੰ ਪਕਾਉਂਦੇ ਹੋਏ ਦੇਖੋਗੇ ਤਾਂ ਪਾਓਗੇ ਕਿ ਉਸਨੂੰ ਪਤਾ ਹੈ ਕਿ ਕਦੋਂ ਕਿੰਨਾ ਮਸਾਲਾ ਦੇਣਾ ਹੈ, ਕਦੋਂ ਨਮਕ ਪਾਉਣਾ ਹੈ, ਕਿੰਨੀ ਆਂਚ ਰੱਖਣੀ ਹੈ ਆਦਿ। ਇਸ ਉਮਰ ਵਿਚ ਉਹ ਮੱਛੀ, ਚਿਕਨ ਆਦਿ ਸਾਰੀਆਂ ਚੀਜ਼ਾਂ ਖੁਦ ਦੀਆਂ ਤਿਆਰ ਕਰਦੀ ਹੈ। ਉਹ ਅੰਡੇ ਦਾ ਵੀ ਕੋਈ ਵਿਅੰਜਨ ਪਕਾਉਂਦੀ ਹੈ। ਉਹਨਾਂ ਦਾ ਪਕਾਉਣ ਦਾ ਤਰੀਕਾ ਅਤੇ ਬੇਹੱਦ ਘੱਟ ਮਸਾਲਿਆਂ ਵਿਚ ਖਾਣੇ ਵਿਚ ਸਵਾਦ ਲਿਆਉਣਾ ਸਾਰਿਆਂ ਨੂੰ ਪਸੰਦ ਆ ਰਿਹਾ ਹੈ। ਮਸਤਨੰਮਾ ਅਤੇ ਉਹਨਾਂ ਦੇ ਪੋਤੇ ਦੀ ਇਸ ਕੋਸ਼ਿਸ਼ ਕਾਰਨ ਭਾਰਤੀ ਦਿਹਾਤੀ ਵਿਅੰਜਨ ਦੀ ਪਹੁੰਚ ਦੁਨੀਆਂ ਭਰ ਵਿਚ ਹੋ ਰਹੀ ਹੈ।

ਕੌਮੀ ਪੱਤ੍ਰਿਕਾ

# ਹਨ੍ਹੇਰੀ-ਤੂਫਾਨ ਤੇ ਨਾਲ-ਨਾਲ ਪਵੇਗਾ ਭਾਰੀ ਮੀਂਹ, ਦਾ ਅਲਰਟ ਜਾਰੀ

**ਨਵੀਂ ਦਿੱਲੀ, 8 ਜੂਨ**
**--ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਡੈਸਕ : ਭਿਆਨਕ ਗਰਮੀ ਤੇ ਲੂ ਤੋਂ ਰਾਹਤ ਦੀ ਉਮੀਦ ਕਰ ਰਹੇ ਦੇਸ਼ ਦੇ ਲੋਕਾਂ ਲਈ ਇਕ ਬਹੁਤ ਚੰਗੀ ਖ਼ਬਰ ਹੈ। ਲੰਬੇ ਇੰਤਜ਼ਾਰ ਤੋਂ ਬਾਅਦ ਦੱਖਣ-ਪੱਛਮੀ ਮਾਨਸੂਨ ਆਖਰਕਾਰ ਕੇਰਲ ਪਹੁੰਚ ਗਿਆ ਹੈ। ਮਾਨਸੂਨ ਦੇ ਆਉਣ ਦੇ ਨਾਲ ਹੀ ਭਾਰਤ ਮੌਸਮ ਵਿਭਾਗ (9$4) ਨੇ ਦੇਸ਼ ਭਰ ਦੇ ਲਗਭਗ 19 ਰਾਜਾਂ ਲਈ ਗਰਜ, ਹਨ੍ਹੇਰੀ-ਤੂਫਾਨ ਅਤੇ ਭਾਰੀ ਬਾਰਿਸ਼ ਦਾ ਅਲਰਟ ਜਾਰੀ ਕਰ ਦਿੱਤਾ। ਮੌਸਮ ਵਿਭਾਗ ਅਨੁਸਾਰ, ਅਗਲੇ ਕੁਝ ਦਿਨਾਂ ਵਿੱਚ ਕਈ ਇਲਾਕਿਆਂ ਵਿੱਚ 70 ਤੋਂ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੂਫ਼ਾਨੀ ਹਵਾਵਾਂ ਦੇ ਨਾਲ-ਨਾਲ ਭਾਰੀ ਮੀਂਹ ਪੈ ਸਕਦਾ ਹੈ।

ਦੇਸ਼ ਦੀ ਰਾਜਧਾਨੀ ਦਿੱਲੀ ਅਤੇ ਇਸਦੇ ਆਸ ਪਾਸ ਦੇ ਇਲਾਕਿਆਂ (ਐਨਸੀਆਰ) ਵਿੱਚ ਅੱਜ ਮੌਸਮ ਕਾਫ਼ੀ ਗੜਬੜ ਵਾਲਾ ਹੋਣ ਵਾਲਾ ਹੈ। ਆਈਐਮਡੀ ਦੇ ਅਨੁਸਾਰ ਦਿੱਲੀ-ਐਨਸੀਆਰ ਵਿੱਚ ਮੌਸਮ ਅੱਜ ਦੋ ਵੱਖ-ਵੱਖ ਪੜਾਵਾਂ ਵਿੱਚ ਬਦਲੇਗਾ। ਪਹਿਲੇ ਪੜਾਅ ਵਿੱਚ ਸਵੇਰ ਤੋਂ ਦੁਪਹਿਰ ਤੱਕ ਬੱਦਲਵਾਈ ਰਹੇਗੀ ਅਤੇ ਗਰਜਾਂ ਦੇ ਨਾਲ ਹਲਕੀ ਬਾਰਿਸ਼ ਸੰਭਵ ਹੈ। ਇਸ



ਦੌਰਾਨ 40-50 ਕਿਲੋਮੀਟਰ ਪ੍ਰਤੀ ਘੰਟਾ ਤੱਕ ਤੇਜ਼ ਹਵਾਵਾਂ ਚੱਲਣ ਦੀ ਉਮੀਦ ਹੈ। ਜੇਕਰ ਅਸੀਂ ਦੂਜੇ ਪੜਾਅ ਯਾਨੀ ਸ਼ਾਮ ਤੋਂ ਰਾਤ ਤੱਕ ਦੀ ਗੱਲ ਕਰੀਏ, ਤਾਂ ਸ਼ਾਮ ਨੂੰ ਮੌਸਮ ਇੱਕ ਵਾਰ ਫਿਰ ਬਦਲ ਜਾਵੇਗਾ ਅਤੇ ਗਰਜ ਦੇ ਨਾਲ-ਨਾਲ ਬਹੁਤ ਹਲਕੀ ਬੂੰਦਾ-ਬਾਂਦੀ ਹੋਣ ਦੀ ਸੰਭਾਵਨਾ ਹੈ।

ਮੌਸਮ ਵਿਭਾਗ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਲਈ ਅਗਲੇ 5 ਤੋਂ 7 ਦਿਨਾਂ ਲਈ ਵਿਸਤ੍ਰਿਤ ਭਵਿੱਖਬਾਣੀ ਜਾਰੀ ਕੀਤੀ ਹੈ। ਮਾਨਸੂਨ ਦੇ ਸਰਗਰਮ ਹੋਣ ਕਾਰਨ ਕੇਰਲ, ਕਰਨਾਟਕ ਅਤੇ ਉੱਤਰ-ਪੂਰਬੀ ਭਾਰਤ ਵਿੱਚ ਅਗਲੇ 5-7 ਦਿਨਾਂ ਲਈ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਪੈਣ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਉੱਤਰੀ ਅੰਦਰੂਨੀ ਕਰਨਾਟਕ ਵਿੱਚ ਕੁਝ ਥਾਵਾਂ 'ਤੇ ਬਹੁਤ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਆਸਾਮ, ਮੇਘਾਲਿਆ, ਅਰੁਣਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਦੇ ਨਾਲ 40-50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲਣਗੀਆਂ। ਪਹਾੜੀ ਇਲਾਕਿਆਂ (ਜੰਮੂ-ਕਸ਼ਮੀਰ, ਹਿਮਾਚਲ, ਉੱਤਰਾਖੰਡ), ਦੂਰ-ਦੁਰਾਡੇ ਉੱਚਾਈ ਵਾਲੇ ਇਲਾਕਿਆਂ ਵਿੱਚ ਗੜੇਮਾਰੀ ਦੀ ਸੰਭਾਵਨਾ ਹੈ। ਮੈਦਾਨੀ ਇਲਾਕੇ (ਪੰਜਾਬ, ਹਰਿਆਣਾ, ਰਾਜਸਥਾਨ, ਯੂਪੀ, ਬਿਹਾਰ) ਵਿਚ ਧੂੜ ਭਰੀ ਹਨ੍ਹੇਰੀ, ਗਰਜ ਅਤੇ ਬਿਜਲੀ ਦੇ ਨਾਲ ਹਲਕੀ ਬਾਰਿਸ਼ ਦੀ ਸੰਭਾਵਨਾ ਹੈ।

ਮੌਸਮ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਕੇਰਲ ਵਿੱਚ ਮਾਨਸੂਨ ਦੇ ਆਉਣ ਦੇ ਬਾਵਜੂਦ ਦੇਸ਼ ਦੇ ਕੁਝ ਹਿੱਸਿਆਂ ਨੂੰ ਗਰਮੀ ਤੋਂ ਤੁਰੰਤ ਰਾਹਤ ਨਹੀਂ ਮਿਲੇਗੀ। ਓਡੀਸ਼ਾ, ਤੱਟਵਰਤੀ ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਉੱਤਰ-ਪੂਰਬ ਦੇ ਚੋਣਵੇਂ ਖੇਤਰਾਂ ਵਿੱਚ ਮੌਸਮ ਬਹੁਤ ਗਰਮ ਅਤੇ ਨਮੀ ਵਾਲਾ ਰਹੇਗਾ। ਇਸ ਤੋਂ ਇਲਾਵਾ ਬਿਹਾਰ ਦੇ ਲੋਕਾਂ ਲਈ ਚੇਤਾਵਨੀ ਹੈ ਕਿ 6 ਜੂਨ ਤੋਂ ਇੱਕ ਵਾਰ ਫਿਰ ਗਰਮੀ ਦੀ ਲਹਿਰ ਸ਼ੁਰੂ ਹੋ ਸਕਦੀ ਹੈ, ਜਿਸ ਕਾਰਨ ਤਾਪਮਾਨ ਵਿੱਚ ਵਾਧਾ ਦਰਜ ਕੀਤਾ ਜਾਵੇਗਾ।

# ਕੈਪਟਨ ਦੀ ਕਾਂਗਰਸ 'ਚ ਵਾਪਸੀ ਨੂੰ ਲੈ ਕੇ ਸਾਬਕਾ ਭੁਪਿੰਦਰ ਹੁੱਡਾ ਦਾ ਵੱਡਾ ਬਿਆਨ



**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਸਿਆਸਤ 'ਚ ਇਕ ਵਾਰ ਫਿਰ ਵੱਡਾ ਉਲਟਫੇਰ ਹੋਣ ਦੇ ਕਿਆਸ ਲਗਾਏ ਜਾ ਰਹੇ ਹਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ 'ਚ ਵਾਪਸੀ ਨੂੰ ਲੈ ਕੇ ਚਰਚਾਵਾਂ ਦਾ ਬਾਜ਼ਾਰ ਗਰਮ ਹੈ। ਇਸ ਦੌਰਾਨ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਇਕ ਬਿਆਨ ਨੇ ਇਨ੍ਹਾਂ ਚਰਚਾਵਾਂ ਨੂੰ ਹੋਰ ਹਵਾ ਦੇ ਦਿੱਤੀ ਹੈ।
ਹੁੱਡਾ ਨੇ ਦਾਅਵਾ ਕੀਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਸੰਪਰਕ 'ਚ ਹਨ।

ਭੁਪਿੰਦਰ ਹੁੱਡਾ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਸਬੰਧ ਕਾਫੀ ਪੁਰਾਣੇ ਅਤੇ ਗੂੜ੍ਹੇ ਹਨ। ਹੁੱਡਾ ਨੇ ਕੈਪਟਨ ਨੂੰ ਕਾਂਗਰਸ ਦਾ ਸੀਨੀਅਰ ਨੇਤਾ ਦੱਸਦਿਆਂ ਸੰਪਰਕ 'ਚ ਹੋਣ ਦੀ ਗੱਲ ਕਹੀ ਹੈ। ਇਸ ਦੇ ਨਾਲ ਹੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪਿਛਲੇ ਕੁਝ ਸਮੇਂ ਤੋਂ ਕਾਂਗਰਸ ਦੀ ਤਾਰੀਫ਼ ਕਰਨਾ ਵੀ ਉਨ੍ਹਾਂ ਦੀ ਵਾਪਸੀ ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਭਾਜਪਾ ਦੀ ਕਾਰਜਸ਼ੈਲੀ ਤੋਂ ਖ਼ੁਸ਼ ਨਹੀਂ ਹਨ।

ਪ੍ਰਧਾਨ ਦੀ ਚੋਣ 'ਚ ਨਜ਼ਰਅੰਦਾਜ਼ੀ: ਕੈਪਟਨ ਨੇ ਕੇਵਲ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਉਣ 'ਤੇ ਇਤਰਾਜ਼ ਜਤਾਇਆ ਸੀ ਅਤੇ ਕਿਹਾ ਸੀ ਕਿ ਇਸ ਫੈਸਲੇ ਲਈ ਉਨ੍ਹਾਂ ਤੋਂ ਕੋਈ ਰਾਏ ਨਹੀਂ ਲਈ ਗਈ।

ਵੱਖਰੀ ਕਾਰਜ ਸੰਸਕ੍ਰਿਤੀ: ਕੈਪਟਨ ਅਨੁਸਾਰ ਕਾਂਗਰਸ 'ਚ ਉਨ੍ਹਾਂ ਦੀ ਸਲਾਹ ਲਈ ਜਾਂਦੀ ਸੀ, ਪਰ ਭਾਜਪਾ 'ਚ ਫੈਸਲੇ ਉੱਪਰੋਂ ਲਏ ਜਾਂਦੇ ਹਨ।

ਨਿੱਜੀ ਦੁੱਖ-ਸੁੱਖ: ਕੈਪਟਨ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਉਨ੍ਹਾਂ ਦੇ ਜਨਮਦਿਨ ਅਤੇ ਭਰਾ ਦੇ ਦਿਹਾਂਤ 'ਤੇ ਸੋਗ ਸੰਦੇਸ਼ ਭੇਜਿਆ, ਪਰ ਭਾਜਪਾ ਵੱਲੋਂ ਕਿਸੇ ਨੇ ਹਮਦਰਦੀ ਤੱਕ ਪ੍ਰਗਟ ਨਹੀਂ ਕੀਤੀ।ਗਠਜੋੜ ਦਾ ਮੁੱਦਾ: ਕੈਪਟਨ ਪੰਜਾਬ 'ਚ ਅਕਾਲੀ ਦਲ ਨਾਲ ਗਠਜੋੜ ਦੇ ਪੱਖ 'ਚ ਹਨ, ਜਦਕਿ ਭਾਜਪਾ ਇਕੱਲੇ ਚੋਣ ਲੜਨ ਦੀ ਗੱਲ ਕਰ ਰਹੀ ਹੈ।

ਦੂਜੇ ਪਾਸੇ, ਕੈਪਟਨ ਅਮਰਿੰਦਰ ਸਿੰਘ ਨੇ ਖੁਦ ਇਕ ਇੰਟਰਵਿਊ 'ਚ ਫਿਲਹਾਲ ਕਾਂਗਰਸ 'ਚ ਜਾਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਅੰਦਰੂਨੀ ਤੌਰ 'ਤੇ ਬਹੁਤ ਵੰਡੀ ਹੋਈ ਹੈ ਅਤੇ ਉਸ ਦਾ ਪੰਜਾਬ 'ਚ ਸਰਕਾਰ ਬਣਾਉਣ ਦਾ ਕੋਈ ਚਾਂਸ ਨਹੀਂ ਹੈ।

# ਐਕਸਪ੍ਰੈਸਵੇਅ ਫਲਾਈਓਵਰ ਦੇ ਨਿਰਮਾਣ ਦੌਰਾਨ ਡਿੱਗੀ ਭਾਰੀ ਕ੍ਰੇਨ, 3 ਦੀ ਮੌਤ

**ਫਰੀਦਾਬਾਦ, 8 ਜੂਨ**
**--ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਫਰੀਦਾਬਾਦ ਵਿੱਚ ਜੇਵਰ ਏਅਰਪੋਰਟ ਨੂੰ ਜੋੜਨ ਵਾਲੇ ਨਿਰਮਾਣ ਅਧੀਨ ਐਕਸਪ੍ਰੈਸਵੇਅ 'ਤੇ ਫਲਾਈਓਵਰ ਦੇ ਨਿਰਮਾਣ ਦੌਰਾਨ ਇੱਕ ਦਰਦਨਾਕ ਹਾਦਸਾ ਵਾਪਰਿਆ ਹੈ। ਵੀਰਵਾਰ ਦੁਪਹਿਰ ਨੂੰ ਕੰਮ ਦੇ ਦੌਰਾਨ ਇੱਕ ਭਾਰੀ ਕ੍ਰੇਨ ਅਚਾਨਕ ਡਿੱਗ ਗਈ, ਜਿਸ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ। ਘਟਨਾ ਤੋਂ ਬਾਅਦ ਮੌਕੇ 'ਤੇ ਭਾਰੀ ਪੁਲਸ ਫੋਰਸ ਅਤੇ ਰੈਸਕਿਊ ਟੀਮਾਂ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਜੁਟੀਆਂ ਹੋਈਆਂ ਹਨ।



ਜਾਣਕਾਰੀ ਅਨੁਸਾਰ, ਦੁਪਹਿਰ ਕਰੀਬ 2 ਵਜੇ ਆਈ ਤੇਜ਼ ਹਨ੍ਹੇਰੀ ਇਸ ਹਾਦਸੇ ਦਾ ਮੁੱਖ ਕਾਰਨ ਬਣੀ। ਤੇਜ਼ ਹਵਾਵਾਂ ਦੇ ਦਬਾਅ ਕਾਰਨ ਇੱਕ ਵਿਸ਼ਾਲ ਕ੍ਰੇਨ ਆਪਣੇ ਟ ?ਰੈਕ 'ਤੇ ਲਗਭਗ 700 ਤੋਂ 800 ਮੀਟਰ ਤੱਕ ਬੇਕਾਬੂ ਹੋ ਕੇ ਅੱਗੇ ਵਧਦੀ ਚਲੀ ਗਈ। ਦੱਸਿਆ ਜਾ ਰਿਹਾ ਹੈ ਕਿ ਕ੍ਰੇਨ ਦੀ ਬ੍ਰੇਕਿੰਗ ਪ੍ਰਣਾਲੀ ਫੇਲ ਹੋ ਗਈ ਸੀ ਜਾਂ ਹਵਾ ਦੇ ਤੇਜ਼ ਦਬਾਅ ਕਾਰਨ ਉਹ ਕੰਮ ਕਰਨਾ ਬੰਦ ਕਰ ਗਈ ਸੀ। ਇਹ ਬੇਕਾਬੂ ਕ੍ਰੇਨ ਅੱਗੇ ਜਾ ਕੇ ਇੱਕ ਹੋਰ ਕ੍ਰੇਨ ਨਾਲ ਟਕਰਾ ਗਈ ਅਤੇ ਟੱਕਰ ਇੰਨੀ ਜ਼ਬਰਦਸਤ ਸੀ ਕਿ ਦੂਜੀ ਕ੍ਰੇਨ ਕੋਲ ਬਣੇ ਇੱਕ ਅਸਥਾਈ ਕੰਟੇਨਰ ਦਫ਼ਤਰ 'ਤੇ ਜਾ ਡਿੱਗੀ।

ਜਿਸ ਕੰਟੇਨਰ 'ਤੇ ਕ੍ਰੇਨ ਡਿੱਗੀ, ਉਸ ਦੀ ਵਰਤੋਂ ਨਿਰਮਾਣ ਕੰਪਨੀ ਵੱਲੋਂ ਦਫ਼ਤਰ ਵਜੋਂ ਕੀਤੀ ਜਾ ਰਹੀ ਸੀ। ਹਾਦਸੇ ਦੇ ਸਮੇਂ ਉਸ ਵਿੱਚ ਕਈ ਕਰਮਚਾਰੀ ਮੌਜੂਦ ਸਨ, ਜੋ ਮਲਬੇ ਹੇਠਾਂ ਦਬ ਗਏ। ਹੁਣ ਤੱਕ ਤਿੰਨ ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ, ਜਦਕਿ ਦੋ ਲੋਕਾਂ ਨੂੰ ਗੰਭੀਰ ਹਾਲਤ ਵਿੱਚ ਬਾਹਰ ਕੱਢ ਕੇ ਹਸਪਤਾਲ ਪਹੁੰਚਾਇਆ ਗਿਆ ਹੈ। ਅਜੇ ਵੀ ਕੁਝ ਹੋਰ ਮਜ਼ਦੂਰਾਂ ਦੇ ਮਲਬੇ ਹੇਠ ਦਬੇ ਹੋਣ ਦਾ ਖਦਸ਼ਾ ਹੈ, ਜਿਸ ਕਾਰਨ ਅਰਥ ਮੂਵਰ ਮਸ਼ੀਨਾਂ ਰਾਹੀਂ ਮਲਬਾ ਹਟਾਉਣ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ।

ਇਸ ਹਾਦਸੇ ਨੇ ਨਿਰਮਾਣ ਸਾਈਟ 'ਤੇ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮਾਂ 'ਤੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਕ੍ਰੇਨ ਨੂੰ ਰੋਕਣ ਲਈ ਲਗਾਏ ਗਏ ਸੁਰੱਖਿਆ ਅੜਿੱਕੇ (ਬੈਰੀਅਰ) ਵੀ ਉਸ ਨੂੰ ਰੋਕਣ ਵਿੱਚ ਅਸਫਲ ਰਹੇ।

ਪ੍ਰਸ਼ਾਸਨ ਅਨੁਸਾਰ, ਪੂਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਇਹ ਕੋਈ ਤਕਨੀਕੀ ਖ਼ਰਾਬੀ ਸੀ ਜਾਂ ਫਿਰ ਸੁਰੱਖਿਆ ਨਿਯਮਾਂ ਵਿੱਚ ਕੋਈ ਵੱਡੀ ਲਾਪਰਵਾਹੀ ਵਰਤੀ ਗਈ ਸੀ। ਫਿਲਹਾਲ ਪੂਰਾ ਧਿਆਨ ਬਚਾਅ ਕਾਰਜਾਂ 'ਤੇ ਕੇਂਦਰਿਤ ਹੈ।

# ਮੁਲਾਜ਼ਮ ਯੂਨੀਅਨ ਦੇ ਅਹੁਦੇਦਾਰ ਚੁਣੇ



**ਸ਼ਾਹਬਾਦ ਮਾਰਕੰਡਾ, 8 ਜੂਨ**
**--ਕੌਮੀ ਪੱਤ੍ਰਿਕਾ ਬਿਊਰੋ-**

ਪੀ ਏ ਸੀ ਐੱਸ ਮੁਲਾਜ਼ਮ ਯੂਨੀਅਨ ਦੀ ਜ਼ਿਲ੍ਹਾ ਕਾਰਜਕਾਰੀ ਦਾ ਗਠਨ ਕੀਤਾ ਗਿਆ। ਇਸ ਸਬੰਧੀ ਬਾਬੈਨ ਵਿੱਚ ਹਰਿਆਣਾ ਰਾਜ ਪੀ ਏ ਸੀ ਐੱਸ ਯੂਨੀਅਨ ਪੰਚਕੂਲਾ ਦੀ ਮੀਟਿੰਗ ਹੋਈ। ਮੀਟਿੰਗ ਦੌਰਾਨ ਜ਼ਿਲ੍ਹੇ ਭਰ ਦੇ ਪੀ ਏ ਸੀ ਐੱਸ ਮੁਲਾਜ਼ਮਾਂ ਨੇ ਹਿੱਸਾ ਲਿਆ ਤੇ ਯੂਨੀਅਨ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਇਸ ਮੌਕੇ ਸਤਵਿੰਦਰ ਸਿੰਘ ਭੁੱਖੜੀ ਨੂੰ ਜ਼ਿਲ੍ਹਾ ਪ੍ਰਧਾਨ, ਰਵਿੰਦਰ ਸਿੰਘ ਨੂੰ ਜ਼ਿਲ੍ਹਾ ਜਨਰਲ ਸੱਕਤਰ, ਸੁਰਜੀਤ ਸਿੰਘ ਨੂੰ ਖਜ਼ਾਨਚੀ, ਜਗਤਾਰ ਸਿੰਘ ਤੇ ਵਿਕਰਮ ਸਿੰਘ ਨੂੰ ਮੀਤ ਪ੍ਰਧਾਨ, ਬਲਦੇਵ ਸਿੰਘ ਨੂੰ ਸੰਯੁਕਤ ਸਕੱਤਰ, ਅਸ਼ੋਕ ਮਹਿਤਾ ਨੂੰ ਸੀਨੀਅਰ ਮੀਤ ਪ੍ਰਧਾਨ, ਪੋਲੂ ਰਾਮ ਨੂੰ ਮੁੱਖ ਸਲਾਹਕਾਰ ਤੇ ਰਾਜੇਸ਼ ਸੈਣੀ ਨੂੰ ਸਲਾਹਕਾਰ ਚੁਣਿਆ ਗਿਆ। ਇਸ ਤੋਂ ਇਲਾਵਾ ਅੰਗਰੇਜ਼ ਸਿੰਘ, ਮਨਜੀਤ ਸਿੰਘ, ਸੁਰਿੰਦਰ ਸਿੰਘ, ਦੇਵਿੰਦਰ ਸੈਣੀ, ਰਾਮ ਸਰੂਪ, ਰਵਿੰਦਰ ਸਿੰਘ, ਡਿੰਪਲ ਕੁਮਾਰ, ਹਾਕਮ ਸਿੰਘ ਤੇ ਰਾਜੇਸ਼ ਕੁਮਾਰ ਨੂੰ ਬਤੌਰ ਕਾਰਜਕਾਰੀ ਮੈਂਬਰ ਸ਼ਾਮਲ ਕੀਤਾ ਗਿਆ। ਇਸ ਮੌਕੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਸਤਵਿੰਦਰ ਸਿੰਘ ਭੁੱਖੜੀ ਨੇ ਸੰਗਠਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਮੁਲਾਜ਼ਮਾਂ ਵੱਲੋਂ ਉਨ੍ਹਾਂ 'ਤੇ ਪ੍ਰਗਟਾਏ ਭਰੋਸੇ ਉਪਰ ਖ਼ਰਾ ਉਤਰਨ ਲਈ ਹਰ ਸੰਭਵ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੀ ਆਵਾਜ਼ ਬਣ ਕੇ ਉਨ੍ਹਾਂ ਦੀਆਂ ਮੰਗਾਂ ਸਰਕਾਰ ਅੱਗੇ ਰੱਖੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਸ ਸਮੇਂ ਮੁਲਾਜ਼ਮਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਦੇ ਹੱਲ ਲਈ ਏਕਤਾ ਜ਼ਰੂਰੀ ਹੈ।

ਇਸ ਦੌਰਾਨ ਉਨ੍ਹਾਂ ਸਾਰੇ ਕਰਮਚਾਰੀਆਂ ਨੂੰ ਯੂਨੀਅਨ ਨੂੰ ਮਜ਼ਬੂਤ ਕਰਨ ਅਤੇ ਆਪਸੀ ਸਹਿਯੋਗ ਦੀ ਭਾਵਨਾ ਨਾਲ ਕੰਮ ਕਰਨ ਦਾ ਸੱਦਾ ਦਿੱਤਾ।

# ਸੜਕਾਂ ਦੀ ਮੁਰੰਮਤ ਤੇ ਟਰੈਫ਼ ਨੇਮਾਂ ਦੀ ਪਾਲਣਾ 'ਤੇ ਜ਼ੋਰ

**ਰਤੀਆ, 8 ਜੂਨ**
**--ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੀਆਂ ਸਾਰੀਆਂ ਮੁੱਖ ਅਤੇ ਸੰਪਰਕ ਸੜਕਾਂ ਦੀ ਮੁਰੰਮਤ, ਸੜਕ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਯਕੀਨੀ ਬਣਾਉਣ ਅਤੇ ਟਰੈਫ਼ ?ਕ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ। ਇਸ ਸਬੰਧੀ ਨਿਰਦੇਸ਼ ਡਿਪਟੀ ਕਮਿਸ਼ਨਰ ਡਾ. ਵਿਵੇਕ ਭਾਰਤੀ ਨੇ ਜ਼ਿਲ੍ਹਾ ਪੱਧਰੀ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਦਿੱਤੇ। ਮੀਟਿੰਗ ਦੌਰਾਨ ਆਰ ਟੀ ਏ ਸਕੱਤਰ ਸੰਜੇ ਬਿਸ਼ਨੋਈ ਅਤੇ ਸੀ ਟੀ ਐੱਮ ਗੌਰਵ ਗੁਪਤਾ ਵੀ ਮੌਜੂਦ ਸਨ।



ਇਸ ਦੌਰਾਨ ਜ਼ਿਲ੍ਹੇ ਵਿੱਚ ਸੜਕ ਸੁਰੱਖਿਆ ਪ੍ਰਬੰਧਾਂ, ਸੜਕ ਹਾਦਸਿਆਂ ਦੀ ਰੋਕਥਾਮ ਅਤੇ ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸਮੀਖਿਆ ਕੀਤੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰ ਦੀ ਪਹਿਲ ਲੋਕਾਂ ਨੂੰ ਸੁਰੱਖਿਅਤ ਅਤੇ ਸੁਚੱਜੀ ਆਵਾਜਾਈ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਇਸ ਲਈ ਸੜਕਾਂ ਦੀ ਮੁਰੰਮਤ ਦੇ ਕੰਮਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਡਾ. ਵਿਵੇਕ ਭਾਰਤੀ ਨੇ ਲੋਕ ਨਿਰਮਾਣ ਵਿਭਾਗ, ਐੱਨ ਐੱਚ ਏ ਆਈ, ਨਗਰ ਪਰਿਸ਼ਦ ਅਤੇ ਹੋਰ ਸਬੰਧਤ ਏਜੰਸੀਆਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਿੱਥੇ ਵੀ ਸੜਕਾਂ ਖ਼ਰਾਬ ਹਨ, ਉੱਥੇ ਤੁਰੰਤ ਮੁਰੰਮਤ ਕਾਰਜ ਮੁਕੰਮਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸੜਕਾਂ ਦੀ ਮੁਰੰਮਤ ਦੌਰਾਨ ਗੁਣਵੱਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਤਾਂ ਜੋ ਲੋਕਾਂ ਨੂੰ ਲੰਬੇ ਸਮੇਂ ਲਈ ਸਹੂਲਤ ਪ੍ਰਾਪਤ ਹੋ ਸਕੇ ਅਤੇ ਮੁੜ ਸਮੱਸਿਆ ਪੈਦਾ ਨਾ ਹੋਵੇ। ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਸੜਕ ਮਾਰਕਿੰਗ ਅਤੇ ਟ ?ਰੈਫਿਕ ਸਿਗਨਲਾਂ ਦੀ ਪੂਰੀ ਤੇ ਸੁਚੱਜੀ ਵਿਵਸਥਾ ਯਕੀਨੀ ਬਣਾਈ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਰਾਤ ਸਮੇਂ ਵਾਹਨ ਚਾਲਕਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ, ਇਸ ਲਈ ਰਿਫਲੈਕਟਿਵ ਸੰਕੇਤਕ ਅਤੇ ਚਿਤਾਵਨੀ ਬੋਰਡ ਵੀ ਲਗਾਏ ਜਾਣ। ਮੀਟਿੰਗ ਦੌਰਾਨ ਹਾਦਸਾਗ੍ਰਸਤ ਖੇਤਰਾਂ ਅਤੇ ਬਲੈਕ ਸਪੌਟ ਸਥਾਨਾਂ ਬਾਰੇ ਵੀ ਚਰਚਾ ਕੀਤੀ ਗਈ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਸੜਕ ਸੁਰੱਖਿਆ ਨਾਲ ਸਬੰਧਤ ਕੰਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਸੜਕ ਹਾਦਸਿਆਂ ਵਿੱਚ ਕਮੀ ਲਿਆਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਤੋਂ ਵੀ ਡਿਪਟੀ ਕਮਿਸ਼ਨਰ ਨੂੰ ਜਾਣੂ ਕਰਵਾਇਆ।

# ਕਿਸਾਨਾਂ ਨੇ ਭਾਰਤ-ਅਮਰੀਕਾ ਸਮਝੌਤੇ ਦਾ ਵਿਰੋਧ ਕੀਤਾ



**ਯਮੁਨਾਨਗਰ, 8 ਜੂਨ**
**--ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ (ਚੜੂਨੀ) ਵੱਲੋਂ ਅੱਜ ਭਾਰਤ ਅਤੇ ਅਮਰੀਕਾ ਦਰਮਿਆਨ ਹੋਏ ਸਮਝੌਤੇ ਦੇ ਵਿਰੋਧ ਵਿੱਚ ਡੀ ਸੀ ਦਫ਼ਤਰ ਦੇ ਸਾਹਮਣੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਪੁਤਲੇ ਸਾੜੇ ਗਏ।

ਡੀ ਸੀ ਦਫ਼ਤਰ ਅੱਗੇ ਪ੍ਰਦਰਸ਼ਨ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ ਭਾਰਤ ਸਰਕਾਰ ਨੇ ਖੇਤੀਬਾੜੀ ਸਮਝੌਤੇ ਤਹਿਤ ਅਮਰੀਕਾ ਨਾਲ ਜੋ ਸੌਦਾ ਕੀਤਾ ਹੈ, ਉਹ ਦੇਸ਼ ਦੇ ਕਿਸਾਨਾਂ ਨੂੰ ਤਬਾਹ ਕਰਨ ਵਾਲਾ ਹੈ। ਅਮਰੀਕਾ ਤੋਂ ਜ਼ੀਰੋ ਫ਼ੀਸਦੀ ਟੈਕਸ 'ਤੇ ਸਾਮਾਨ ਆਯਾਤ ਕੀਤਾ ਜਾਵੇਗਾ ਅਤੇ ਸਾਡੇ ਦੇਸ਼ ਤੋਂ ਅਮਰੀਕਾ ਜਾਣ ਵਾਲੇ ਸਾਮਾਨ 'ਤੇ 18 ਫ਼ੀਸਦੀ ਟੈਕਸ ਲਾਇਆ ਜਾਵੇਗਾ। ਭਾਰਤ ਵਿੱਚ ਕਿਸਾਨ ਰੋਜ਼ੀ-ਰੋਟੀ ਲਈ ਬਹੁਤ ਥੋੜ੍ਹੀ ਜ਼ਮੀਨ 'ਤੇ ਖੇਤੀ ਕਰਦੇ ਹਨ, ਜਦੋਂਕਿ ਅਮਰੀਕਾ ਵਿੱਚ ਖੇਤੀ ਵਪਾਰਕ ਢੰਗ ਨਾਲ ਕੀਤੀ ਜਾਂਦੀ ਹੈ। ਅਮਰੀਕਾ ਦੇ ਕਿਸਾਨ ਹਜ਼ਾਰਾਂ ਏਕੜ ਜ਼ਮੀਨ ਦੇ ਮਾਲਕ ਹਨ, ਇਸ ਲਈ ਭਾਰਤੀ ਕਿਸਾਨ ਅਮਰੀਕੀ ਕਿਸਾਨਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਜੇ ਡੇਅਰੀ ਫਾਰਮ, ਕਪਾਹ, ਮੱਕੀ, ਸੋਇਆਬੀਨ ਆਦਿ ਫ਼ਸਲਾਂ ਅਮਰੀਕਾ ਤੋਂ ਦਰਾਮਦ ਕੀਤੀਆਂ ਜਾਂਦੀਆਂ ਹਨ ਤਾਂ ਭਾਰਤੀ ਕਿਸਾਨੀ ਬਰਬਾਦ ਹੋ ਜਾਵੇਗੀ।

ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਸੰਜੂ ਗੁੰਦਿਆਨਾ ਨੇ ਕਿਹਾ ਕਿ ਜੇ ਸਰਕਾਰ ਨੇ ਇਸ ਸੌਦੇ ਨੂੰ ਰੱਦ ਨਹੀਂ ਕੀਤਾ ਤਾਂ 23 ਮਾਰਚ ਦੀ ਰੈਲੀ ਵਿੱਚ ਕਿਸਾਨ ਸਰਕਾਰ ਨਾਲ ਕਰੋ ਜਾਂ ਮਰੋ ਦੀ ਲੜਾਈ ਲੜਨਗੇ। ਇਸ ਦੌਰਾਨ ਬਜ਼ੁਰਗਾਂ ਦੀ ਪੈਨਸ਼ਨ ਕੱਟਣ ਦੇ ਵਿਰੋਧ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਦਾ ਪੁਤਲਾ ਵੀ ਸਾੜਿਆ ਗਿਆ। ਇਸ ਤੋਂ ਬਾਅਦ ਜਗਾਧਰੀ ਅਨਾਜ ਮੰਡੀ ਕਮੇਟੀ ਦਫ਼ਤਰ ਵਿੱਚ ਜ਼ਿਲ੍ਹਾ ਉਪ ਪ੍ਰਧਾਨ ਗੁਰਮੇਜ ਸਿੰਘ ਕਪੂਰੀ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਇਸ ਵਿੱਚ 23 ਮਾਰਚ ਨੂੰ ਪਿੱਪਲੀ ਵਿੱਚ ਕਿਸਾਨ ਮਜ਼ਦੂਰ ਜਨ ਕ੍ਰਾਂਤੀ ਰੈਲੀ ਦੀ ਸਫਲਤਾ ਲਈ ਆਗੂਆਂ ਦੀਆਂ ਡਿਊਟੀਆਂ ਲਾਈਆਂ ਗਈਆਂ। ਮੀਟਿੰਗ ਵਿੱਚ ਜ਼ਿਲ੍ਹਾ ਯੂਥ ਪ੍ਰਧਾਨ ਸੰਦੀਪ ਟੋਪਰਾ, ਜ਼ਿਲ੍ਹਾ ਜਨਰਲ ਸਕੱਤਰ ਗੁਰਵੀਰ ਸਿੰਘ, ਜ਼ਿਲ੍ਹਾ ਉਪ ਪ੍ਰਧਾਨ ਕ੍ਰਿਸ਼ਨ ਪਾਲ ਸੁਢਲ, ਮਹਿਲਾ ਜਨਰਲ ਸਕੱਤਰ ਗੀਤਾ ਚਾਹਲ, ਜ਼ਿਲ੍ਹਾ ਸੰਗਠਨ ਸਕੱਤਰ ਰਾਜੀਵ, ਜ਼ਿਲ੍ਹਾ ਸਕੱਤਰ ਵਿਕਰਾਂਤ ਬਿਲਾਸਪੁਰ, ਬਲਾਕ ਪ੍ਰਧਾਨ ਨਾਇਬ ਸਿੰਘ, ਛਛਰੌਲੀ ਬਲਾਕ ਪ੍ਰਧਾਨ ਰਾਜ ਕੁਮਾਰ, ਰਾਦੌਰ ਬਲਾਕ ਪ੍ਰਧਾਨ ਜੋਗਿੰਦਰ ਸਿੰਘ, ਕੁਰੂਕਸ਼ੇਤਰ ਜ਼ਿਲ੍ਹਾ ਇੰਚਾਰਜ ਪੱਪਲ, ਸਾਢੌਰਾ ਬਲਾਕ ਪ੍ਰਧਾਨ ਸਤਪਾਲ, ਨਵਨੀਤ ਰਾਮਖੇੜੀ, ਜਗਾਧਰੀ ਸ਼ਹਿਰੀ ਪ੍ਰਧਾਨ ਕੁਲਦੀਪ ਸਿੰਘ, ਮਹਿਲਾ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਕੌਰ ਮੌਜੂਦ ਸਨ।

# ਰਾਜ ਪੱਧਰੀ ਜਨਗਣਨਾ ਤਾਲਮੇਲ ਕਮੇਟੀ ਵੱਲੋਂ ਪੰਜਾਬ ਵਿੱਚ ਜਨਗਣਨਾ ਦੇ ਪਹਿਲੇ ਪੜਾਅ ਦੀ ਪ੍ਰਗਤੀ ਦੀ ਸਮੀਖਿਆ

**ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਸਕੱਤਰ ਸ੍ਰੀ ਕੇ.ਏ.ਪੀ. ਸਿਨਹਾ ਦੀ ਪ੍ਰਧਾਨਗੀ ਹੇਠ ਰਾਜ ਪੱਧਰੀ ਜਨਗਣਨਾ ਤਾਲਮੇਲ ਕਮੇਟੀ (ਐਸ.ਐਲ.ਸੀ.ਸੀ.ਸੀ.) ਦੀ ਮੀਟਿੰਗ ਹੋਈ, ਜਿਸ ਵਿੱਚ ਰਾਜ ਭਰ ਵਿੱਚ ਚੱਲ ਰਹੇ ਜਨਗਣਨਾ 2027 ਦੇ ਪਹਿਲੇ ਪੜਾਅ- ਹਾਊਸਲਿਟਿੰਗ ਅਤੇ ਹਾਊਸਿੰਗ ਜਨਗਣਨਾ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਵਿੱਚ ਜਨਗਣਨਾ ਬਾਰੇ ਰਾਜ ਨੋਡਲ ਅਧਿਕਾਰੀ ਅਤੇ ਪ੍ਰਸ਼ਾਸਕੀ ਸਕੱਤਰ, ਸਥਾਨਕ ਸਰਕਾਰਾਂ ਸ੍ਰੀ ਘਣਸ਼ਿਆਮ ਥੋਰੀ ਤੋਂ ਇਲਾਵਾ ਯੋਜਨਾਬੰਦੀ, ਵਿੱਤ, ਪੇਂਡੂ ਵਿਕਾਸ ਅਤੇ ਸਿੱਖਿਆ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਸ਼ਾਮਲ ਹੋਏ, ਜੋ ਇਸ ਕਮੇਟੀ ਦੇ ਮੈਂਬਰ ਵੀ ਹਨ।



ਮੀਟਿੰਗ ਵਿੱਚ ਪੰਜਾਬ ਦੇ ਸਾਰੇ ਪ੍ਰਮੁੱਖ ਜਨਗਣਨਾ ਅਫ਼ਸਰਾਂ (ਡਿਪਟੀ ਕਮਿਸ਼ਨਰਾਂ ਅਤੇ ਨਗਰ ਨਿਗਮ ਕਮਿਸ਼ਨਰਾਂ) ਨੇ ਵੀਡੀਓ ਕਾਨਫਰੰਸਿੰਗ ਰਾਹੀਂ ਸ਼ਿਰਕਤ ਕੀਤੀ। ਇਹ ਮੀਟਿੰਗ ਜਨਗਣਨਾ ਆਪਰੇਸ਼ਨਜ਼, ਪੰਜਾਬ ਦੇ ਡਾਇਰੈਕਟਰ ਡਾ. ਨਵਜੋਤ ਖੋਸਾ ਵੱਲੋਂ ਬੁਲਾਈ ਗਈ ਸੀ। ਮੀਟਿੰਗ ਦੌਰਾਨ ਪਹਿਲੇ ਪੜਾਅ ਦੇ ਜਨਗਣਨਾ ਕਾਰਜਾਂ ਦੀ ਪ੍ਰਗਤੀ ਬਾਰੇ ਇੱਕ ਵਿਆਪਕ ਸਮੀਖਿਆ ਕੀਤੀ ਗਈ, ਜਿਸ ਵਿੱਚ ਹਾਊਸਲਿਸਟਿੰਗ ਅਤੇ ਹਾਊਸਿੰਗ ਸੈਂਸਜ਼ (ਐਚ.ਐਲ.ਓ.), ਹਾਊਸਲਿਸਟਿੰਗ ਬਲਾਕਾਂ (ਐਚ.ਐਲ.ਬੀਜ਼) ਦੀ ਸਿਰਜਣਾ ਤੇ ਮੁਕੰਮਲਤਾ ਅਤੇ ਡੇਟਾ ਇਕੱਤਰਤਾ ਦੀ ਗੁਣਵੱਤਾ ਅਤੇ ਸਟੀਕਤਾ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਵਿਧੀਆਂ ਸ਼ਾਮਲ ਹਨ। ਮੁੱਖ ਸਕੱਤਰ ਨੇ ਜਨਗਣਨਾ ਕਾਰਜਾਂ ਨੂੰ ਸਮੇਂ ਸਿਰ ਪੂਰਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਜੋ ਤੱਥ-ਅਧਾਰਤ ਯੋਜਨਾਬੰਦੀ ਅਤੇ ਨੀਤੀ ਨਿਰਮਾਣ ਦੀ ਨੀਂਹ ਬਣਦੇ ਹਨ।

ਡਾ. ਨਵਜੋਤ ਖੋਸਾ ਨੇ ਕਮੇਟੀ ਨੂੰ ਦੱਸਿਆ ਕਿ ਇਸ ਸਮੇਂ ਪੰਜਾਬ ਭਰ ਵਿੱਚ ਕੁੱਲ 52,365 ਹਾਊਸਲਿਸਟਿੰਗ ਬਲਾਕਾਂ 'ਤੇ ਕੰਮ ਚੱਲ ਰਿਹਾ ਹੈ। ਮੀਟਿੰਗ ਵਿੱਚ ਇਹ ਦੱਸਿਆ ਗਿਆ ਕਿ ਪੰਜ ਜ਼ਿਲ੍ਹਿਆਂ- ਬਰਨਾਲਾ, ਫਾਜ਼ਿਲਕਾ, ਮਲੇਰਕੋਟਲਾ, ਮੋਗਾ ਅਤੇ ਸ਼ਹੀਦ ਭਗਤ ਸਿੰਘ ਨਗਰ ਅਤੇ ਪੰਜ ਨਗਰ ਨਿਗਮਾਂ- ਬਰਨਾਲਾ, ਅਬੋਹਰ, ਮੋਗਾ, ਹੁਸ਼ਿਆਰਪੁਰ ਅਤੇ ਬਟਾਲਾ ਨੇ ਪ੍ਰਭਾਵਸ਼ਾਲੀ ਫੀਲਡ ਲਾਮਬੰਦੀ, ਕੁਸ਼ਲ ਅਤੇ ਮਜ਼ਬੂਤ ਨਿਗਰਾਨੀ ਰਾਹੀਂ ਸ਼ਲਾਘਾਯੋਗ ਪ੍ਰਦਰਸ਼ਨ ਕੀਤਾ ਹੈ। ਮੁੱਖ ਸਕੱਤਰ ਵੱਲੋਂ ਜਨਗਣਨਾ ਗਤੀਵਿਧੀਆਂ ਨੂੰ ਲਾਗੂ ਕਰਨ ਵਿੱਚ ਸਕਾਰਾਤਮਕ ਮਾਪਦੰਡ ਸਥਾਪਤ ਕਰਨ ਲਈ ਉਕਤ ਜ਼ਿਲ੍ਹਿਆਂ ਅਤੇ ਨਗਰ ਨਿਗਮਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ।

ਜ਼ਿਲ੍ਹਾ-ਵਾਰ ਪ੍ਰਗਤੀ ਦੀ ਸਮੀਖਿਆ ਕਰਦਿਆਂ ਮੁੱਖ ਸਕੱਤਰ ਸ੍ਰੀ ਕੇ.ਏ.ਪੀ. ਸਿਨਹਾ ਨੇ ਹੁਣ ਤੱਕ ਦੀ ਕਾਰਗੁਜ਼ਾਰੀ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਕਿਹਾ ਕਿ ਸਿਰਫ਼ ਕੁਝ ਜ਼ਿਲ੍ਹੇ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਹੀ ਨਿਰਧਾਰਤ ਸਮਾਂ-ਸੀਮਾ ਤੋਂ ਪਿੱਛੇ ਹਨ। ਉਨ੍ਹਾਂ ਨੇ ਇਨ੍ਹਾਂ ਜ਼ਿਲ੍ਹਿਆਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਸਬੰਧਤ ਅਧਿਕਾਰੀਆਂ ਨੂੰ ਫੀਲਡ ਕਾਰਜਾਂ 'ਚ ਤੇਜ਼ੀ ਲਿਆਉਣ ਅਤੇ ਢੁਕਵੀਂ ਪ੍ਰਗਤੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਮੁੱਖ ਸਕੱਤਰ ਦੁਆਰਾ ਸਾਰੇ ਪ੍ਰਮੁੱਖ ਜਨਗਣਨਾ ਅਧਿਕਾਰੀਆਂ ਨੂੰ ਹਾਊਸਲਿਸਟਿੰਗ ਬਲਾਕਾਂ ਦੀ 100 ਫੀਸਦ ਪ੍ਰਗਤੀ ਨੂੰ ਯਕੀਨੀ ਬਣਾਉਣ ਅਤੇ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਇਸਦੇ ਮੁਕੰਮਲ ਹੋਣ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਮੁੱਖ ਸਕੱਤਰ ਨੇ ਸਾਰੇ ਪ੍ਰਮੁੱਖ ਜਨਗਣਨਾ ਅਧਿਕਾਰੀਆਂ ਨੂੰ ਜਨਗਣਨਾ ਕਾਰਜਾਂ ਦੀ ਨੇੜਿਓਂ ਅਤੇ ਨਿਰੰਤਰ ਨਿਗਰਾਨੀ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੜਾਅ-1 ਅਧੀਨ ਨਿਰਧਾਰਤ ਸਮਾਂ-ਸੀਮਾ ਅੰਦਰ ਕੰਮ ਨੇਪਰੇ ਚਾੜ੍ਹਿਆ ਜਾ ਸਕੇ । ਅਧਿਕਾਰੀਆਂ ਨੂੰ ਨਿਯਮਤ ਰੂਪ ਵਿੱਚ ਸਮੀਖਿਆਵਾਂ ਕਰਨ ਅਤੇ ਇਕੱਤਰ ਕੀਤੇ ਜਾ ਰਹੇ ਡੇਟਾ ਦੀ ਸੰਪੂਰਨਤਾ ਅਤੇ ਦਰੁਸਤਗੀ ਦੀ ਪੁਸ਼ਟੀ ਕਰਨ ਲਈ ਅਚਨਚੇਤ ਫੀਲਡ ਨਿਰੀਖਣ ਕਰਨ ਦੇ ਨਿਰਦੇਸ਼ ਦਿੱਤੇ ਗਏ । ਜਨਗਣਨਾ ਪ੍ਰਕਿਰਿਆ ਦੌਰਾਨ ਮਹੱਤਵਪੂਰਨ ਜਨਗਣਨਾ ਮਾਪਦੰਡਾਂ ਦੀ ਨਿਗਰਾਨੀ ਕਰਨ ਅਤੇ ਡੇਟਾ ਇਕਸਾਰਤਾ ਦੇ ਉੱਚ ਮਿਆਰਾਂ ਨੂੰ ਬਣਾਈ ਰੱਖਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ।

ਜਨਤਕ ਭਾਗੀਦਾਰੀ ਅਤੇ ਸਹਿਯੋਗ ਦੀ ਮਹੱਤਤਾ ਨੂੰ ਪਛਾਣਦਿਆਂ ਮੁੱਖ ਸਕੱਤਰ ਨੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਜਨਗਣਨਾ ਗਤੀਵਿਧੀਆਂ ਨਾਲ ਸਬੰਧਤ ਗਲਤਫਹਿਮੀਆਂ ਅਤੇ ਨਕਾਰਾਤਮਕ ਬਿਰਤਾਂਤਾਂ ਨੂੰ ਦੂਰ ਕਰਨ ਲਈ ਸਰਗਰਮੀ ਨਾਲ ਪ੍ਰੈਸ ਰਿਲੀਜ਼ ਜਾਰੀ ਕਰਨ ਅਤੇ ਜਨਤਕ ਪਹੁੰਚ ਪਹਿਲਕਦਮੀਆਂ ਵਿੱਢਣ ਦੀ ਸਲਾਹ ਵੀ ਦਿੱਤੀ। ਉਨ੍ਹਾਂ ਨੇ ਨਾਗਰਿਕਾਂ ਦੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਫੀਲਡ ਕਾਰਜਾਂ ਦੇ ਸੁਚਾਰੂ ਸੰਚਾਲਨ ਨੂੰ ਹੋਰ ਸੁਵਿਧਾਜਨਕ ਬਣਾਉਣ ਲਈ ਭਰੋਸਾ ਬਣਾਉਣ ਵਾਲੇ ਉਪਾਵਾਂ ਅਤੇ ਪਾਰਦਰਸ਼ੀ ਸੰਚਾਰ ਦੀ ਲੋੜ 'ਤੇ ਜ਼ੋਰ ਦਿੱਤਾ। ਮੌਜੂਦਾ ਮੌਸਮ ਦੇ ਹਾਲਾਤਾਂ ਦੇ ਮੱਦੇਨਜ਼ਰ ਸਾਰੇ ਪ੍ਰਮੁੱਖ ਜਨਗਣਨਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਹ ਫੀਲਡਵਰਕ ਵਿੱਚ ਲੱਗੇ ਗਣਨਾਕਾਰਾਂ ਅਤੇ ਸੁਪਰਵਾਈਜ਼ਰਾਂ ਲਈ ਗਰਮੀ ਸੰਬੰਧੀ ਐਡਵਾਈਜ਼ਰੀ ਅਤੇ ਜ਼ਰੂਰੀ ਸੁਰੱਖਿਆ ਉਪਾਵਾਂ ਨੂੰ ਸਖਤੀ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ। ਜਨਗਣਨਾ ਕਵਾਇਦ ਦੌਰਾਨ ਫੀਲਡ ਕਰਮਚਾਰੀਆਂ ਦੀ ਸੁਰੱਖਿਆ ਲਈ ਲੋੜ ਅਨੁਸਾਰ ਹਾਈਡਰੇਸ਼ਨ, ਸਮਾਂ-ਸਾਰਣੀ ਵਿਵਸਥਾ ਅਤੇ ਜਾਗਰੂਕਤਾ ਉਪਾਵਾਂ ਸਮੇਤ ਢੁਕਵੀਆਂ ਸਾਵਧਾਨੀਆਂ ਦੀ ਸਲਾਹ ਵੀ ਦਿੱਤੀ ਗਈ।
ਨਿਰਧਾਰਤ ਸਮਾਂ-ਸਾਰਣੀ ਦੀ ਪਾਲਣਾ ਕਰਨ ਦੀ ਅਹਿਮੀਅਤ ਨੂੰ ਦੁਹਰਾਉਂਦਿਆਂ ਸ਼੍ਰੀ ਸਿਨਹਾ ਨੇ ਕਿਹਾ ਕਿ ਪੜਾਅ-1 ਤਹਿਤ ਜਨਗਣਨਾ ਦੇ ਕੰਮ ਨੂੰ ਜੂਨ 2026 ਦੇ ਦੂਜੇ ਹਫ਼ਤੇ ਤੋਂ ਪਹਿਲਾਂ ਪੂਰੀ ਤਰ੍ਹਾਂ ਨੇਪਰੇ ਚੜ੍ਹਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਸਮਾਂ-ਸੀਮਾ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ ਕਿਉਂਕਿ ਜਨਗਣਨਾ 2027: ਪੜਾਅ-1 - ਪੰਜਾਬ ਵਿੱਚ ਘਰਾਂ ਦੇ ਸੂਚੀਕਰਨ ਅਤੇ ਹਾਊਸਿੰਗ ਆਪ੍ਰੇਸ਼ਨਜ਼ ਲਈ ਸੂਚਿਤ ਸਮਾਂ-ਸੀਮਾ 15 ਮਈ 2026 ਤੋਂ 13 ਜੂਨ 2026 ਤੱਕ ਹੈ। ਇਹ ਮੀਟਿੰਗ ਸਾਰੇ ਸਬੰਧਤ ਅਧਿਕਾਰੀਆਂ ਵੱਲੋਂ ਤਾਲਮੇਲ ਵਾਲੇ ਯਤਨਾਂ, ਸਖ਼ਤ ਨਿਗਰਾਨੀ ਅਤੇ ਪ੍ਰਭਾਵੀ ਖੇਤਰ-ਪੱਧਰੀ ਲਾਗੂਕਰਨ ਰਾਹੀਂ ਪੰਜਾਬ ਭਰ ਵਿੱਚ ਜਨਗਣਨਾ ਪੜਾਅ-1 ਕਾਰਜਾਂ ਦੇ ਸਫਲ, ਸਮੇਂ ਸਿਰ ਅਤੇ ਸੰਪੂਰਨਤਾ ਨੂੰ ਯਕੀਨੀ ਬਣਾਉਣ ਲਈ ਇੱਕ ਨਵੀਂ ਵਚਨਬੱਧਤਾ ਨਾਲ ਸਮਾਪਤ ਹੋਈ।

# ਦਾਣਾ ਮੰਡੀ ਵਿੱਚ ਬਾਰਦਾਨੇ ਦੀ ਕਮੀ ਦੇ ਮਾਮਲੇ 'ਚ ਜ਼ਿਲ੍ਹਾ ਮੈਨੇਜਰ ਮੁਅੱਤਲ

**ਅੰਬਾਲਾ, 8 ਜੂਨ**
**--ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਦੇ ਡਿਪਟੀ ਕਮਿਸ਼ਨਰ ਅਜੈ ਸਿੰਘ ਤੋਮਰ ਨੇ ਦੱਸਿਆ ਕਿ ਅੰਬਾਲਾ ਕੈਂਟ ਦੀ ਅਨਾਜ ਮੰਡੀ ਵਿੱਚ ਬਾਰਦਾਨੇ ਦੀ ਕਮੀ ਕਾਰਨ ਹਰਿਆਣਾ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਵੱਲੋਂ ਜ਼ਿਲ੍ਹਾ ਮੈਨੇਜਰ (ਡੀ ਐਮ) ਅੰਬਾਲਾ ਸਿਟੀ ਪੀ ਕੇ ਗੁਪਤਾ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਅੰਬਾਲਾ ਕੈਂਟ ਅਨਾਜ ਮੰਡੀ ਵਿੱਚ ਬਾਰਦਾਨੇ ਦੀ ਘਾਟ ਕਾਰਨ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੇ ਇਹ ਮਾਮਲਾ ਹਰਿਆਣਾ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਸੀ। ਜ਼ਿਲ੍ਹਾ ਪ੍ਰਸ਼ਾਸਨ ਦੀ ਸਿਫ਼ਾਰਸ਼ ਦੇ ਆਧਾਰ 'ਤੇ ਪੀ ਕੇ ਗੁਪਤਾ ਖ਼ਿਲਾਫ਼ ਇਹ ਕਾਰਵਾਈ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨਾਂ ਦੀ ਫ਼ਸਲ ਦੀ ਖਰੀਦ ਅਤੇ ਚੁਕਾਈ ਦੇ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਰੁਕਾਵਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੰਡੀਆਂ ਵਿੱਚ ਬਾਰਦਾਨੇ, ਚੁਕਾਈ ਅਤੇ ਹੋਰ ਪ੍ਰਬੰਧ ਸੁਚਾਰੂ ਢੰਗ ਨਾਲ ਚੱਲਣ, ਇਸ ਲਈ ਪ੍ਰਸ਼ਾਸਨ ਲਗਾਤਾਰ ਨਿਗਰਾਨੀ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਮੰਡੀਆਂ ਵਿੱਚ ਕਿਸੇ ਵੀ ਕਿਸਮ ਦੀ ਬੇਤਰਤੀਬੀ ਮਿਲਣ 'ਤੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਉਨ੍ਹਾਂ ਦੱਸਿਆ ਕਿ ਅੰਬਾਲਾ ਕੈਂਟ ਅਨਾਜ ਮੰਡੀ ਵਿੱਚ ਬਾਰਦਾਨੇ ਦੀ ਘਾਟ ਕਾਰਨ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੇ ਇਹ ਮਾਮਲਾ ਹਰਿਆਣਾ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਸੀ। ਜ਼ਿਲ੍ਹਾ ਪ੍ਰਸ਼ਾਸਨ ਦੀ ਸਿਫ਼ਾਰਸ਼ ਦੇ ਆਧਾਰ 'ਤੇ ਪੀ ਕੇ ਗੁਪਤਾ ਖ਼ਿਲਾਫ਼ ਇਹ ਕਾਰਵਾਈ ਕੀਤੀ ਗਈ ਹੈ। ਕਿ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਨਾ ਆਵੇ।

# ਦੇਸ਼ ਦੀ ਜਨਤਾ ਕੰਮ 'ਤੇ ਮੋਹਰ ਲਾ ਚੁੱਕੀ; ਮੋਦੀ ਹੀ ਕਰਨਗੇ ਅੱਗੇ ਵੀ ਅਗਵਾਈ: ਅਨਿਲ ਵਿਜ

**ਅੰਬਾਲਾ, 8 ਜੂਨ**
**--ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਊਰਜਾ, ਟਰਾਂਸਪੋਰਟ ਅਤੇ ਕਿਰਤ ਮੰਤਰੀ ਅਨਿਲ ਵਿੱਜ ਨੇ ਕਿਹਾ ਹੈ ਕਿ ਦੇਸ਼ ਦੀ ਜਨਤਾ ਕੰਮ ਕਰਨ ਵਾਲੀ ਸਰਕਾਰ ਦੇ ਨਾਲ ਖੜ੍ਹੀ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਕਾਰਜਾਂ ਰਾਹੀਂ ਲੋਕਾਂ ਦਾ ਭਰੋਸਾ ਜਿੱਤਿਆ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਲੰਬਾ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਵੀ ਪੀਐੱਮ ਮੋਦੀ ਦੇਸ਼ ਦੀ ਅਗਵਾਈ ਕਰਦੇ ਰਹਿਣਗੇ।




ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਨਿਲ ਵਿਜ ਨੇ ਕਿਹਾ ਕਿ ਮੋਦੀ ਸਰਕਾਰ ਨੇ ਦੇਸ਼ ਦੀ ਦਿਸ਼ਾ ਅਤੇ ਦਸ਼ਾ ਦੋਵੇਂ ਬਦਲੀਆਂ ਹਨ। ਉਨ੍ਹਾਂ ਧਾਰਾ 370 ਦੀ ਰੱਦਗੀ, ਅਯੋਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਅਤੇ ਤਿੰਨ ਤਲਾਕ ਖ਼ਿਲਾਫ਼ ਕਾਨੂੰਨ ਨੂੰ ਸਰਕਾਰ ਦੀਆਂ ਵੱਡੀਆਂ ਪ੍ਰਾਪਤੀਆਂ ਦੱਸਿਆ। ਉਨ੍ਹਾਂ ਕਿਹਾ ਕਿ ਭਾਰਤ ਦੀ ਵਿਸ਼ਵ ਪੱਧਰੀ ਸਾਖ਼ ਅਤੇ ਅਰਥਵਿਵਸਥਾ ਵਿੱਚ ਵੀ ਮਹੱਤਵਪੂਰਨ ਸੁਧਾਰ ਆਇਆ ਹੈਕਾਂਗਰਸ ਆਗੂ ਰਾਹੁਲ ਗਾਂਧੀ ਵੱਲੋਂ ਦਿੱਤੇ ਗਏ 'ਸਰਕਾਰ ਡਿੱਗੇਗੀ ਜਾਂ ਐਮਰਜੈਂਸੀ ਲੱਗੇਗੀ' ਵਾਲੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਉਨ੍ਹਾਂ ਕਿਹਾ ਕਿ ਲੋਕ ਹੁਣ ਰਾਹੁਲ ਗਾਂਧੀ ਦੇ ਬਿਆਨਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਉਨ੍ਹਾਂ ਤਨਜ਼ ਕਰਦਿਆਂ ਕਿਹਾ ਕਿ ਲਗਾਤਾਰ ਚੋਣ ਹਾਰਾਂ ਕਾਰਨ ਉਹ ਨਿਰਾਸ਼ਾ ਵਿੱਚ ਦਿਖਾਈ ਦਿੰਦੇ ਹਨ।

ਪੱਛਮੀ ਬੰਗਾਲ ਦੀ ਸਿਆਸਤ ਬਾਰੇ ਗੱਲ ਕਰਦਿਆਂ ਅਨਿਲ ਵਿੱਜ ਨੇ ਕਿਹਾ ਕਿ ਤ੍ਰਿਣਮੂਲ ਕਾਂਗਰਸ ਸਰਕਾਰ ਤੋਂ ਲੋਕਾਂ ਦੇ ਨਾਲ-ਨਾਲ ਕਈ ਚੁਣੇ ਹੋਏ ਨੁਮਾਇੰਦੇ ਵੀ ਅਸੰਤੁਸ਼ਟ ਸਨ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਵਿੱਚ ਸਿਆਸੀ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਤਬਦੀਲੀਆਂ ਵੇਖਣ ਨੂੰ ਮਿਲ ਸਕਦੀਆਂ ਹਨ।



ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਯਬ ਸਿੰਘ ਸੈਨੀ, ਚੰਡੀਗੜ ਸਥਿਤ ਆਵਾਸ ਸੰਤ ਕਬੀਰ ਕੁਟੀਰ ਪਰ ਦਿੱਲੀ ਦੇ ਉਪਰਾਜਪਾਲ ਸਰਦਾਰ ਤਰਨਜੀਤ ਸਿੰਘ ਸੰਧੂ ਦਾ ਸਵਾਗਤ ਕਰਦੇ ਹਨ।



ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਯਬ ਸਿੰਘ ਸੈਨੀ ਚੰਡੀਗੜ ਸਥਿਤ ਆਵਾਸ ਸੰਤ ਕਬੀਰ ਕੁਟੀਰ 'ਤੇ ਲੋਕਾਂ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪਲਾਸਟਿਕ ਦੇ ਬਦਲੇ ਕੰਪੋਸਟੇਬਲ ਲਿਫ਼ਾਫਿਆਂ ਦੇ ਵਰਤੋਂ ਦੀ ਅਪੀਲ

## ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਲਈ ਹੁਣ ਵਰਤੇ ਜਾਣਗੇ ਕੰਪੋਸਟੇਬਲ ਲਿਫਾਫੇ



**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਵਾਤਾਵਰਣ ਦਿਵਸ 2026 ਮੌਕੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ), ਪਟਿਆਲਾ ਵੱਲੋਂ ਵਾਤਾਵਰਣ ਪ੍ਰਤੀ ਜ਼ਿੰਮੇਵਾਰ ਵਿਹਾਰ ਨੂੰ ਉਤਸ਼ਾਹਿਤ ਕਰਨ ਅਤੇ ਪਲਾਸਟਿਕ ਦੇ ਲਿਫ਼ਾਫਿਆਂ ਦੇ ਟਿਕਾਊ ਵਿਕਲਪਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਦੇ ਤਹਿਤ, ਪੀਪੀਸੀਬੀ ਦੇ ਅਧਿਕਾਰੀਆਂ ਨੇ ਸ੍ਰੀ ਦੁੱਖਨਿਵਾਰਨ ਸਾਹਿਬ, ਪਟਿਆਲਾ ਦਾ ਦੌਰਾ ਕੀਤਾ ਅਤੇ ਗੁਰਦੁਆਰਾ ਪ੍ਰਬੰਧਕਾਂ ਨਾਲ ਮੁਲਾਕਾਤ ਕਰਕੇ ਕੜਾਹ ਪ੍ਰਸ਼ਾਦ ਦੀ ਵੰਡ ਅਤੇ ਲਿਜਾਣ ਲਈ ਪਲਾਸਟਿਕ ਦੇ ਲਿਫ਼ਾਫਿਆਂ ਦੀ ਥਾਂ ਕੰਪੋਸਟੇਬਲ ਲਿਫ਼ਾਫਿਆਂ ਦੀ ਵਰਤੋਂ ਨੂੰ ਪ੍ਰੋਤਸਾਹਿਤ ਕੀਤਾ।

ਸ੍ਰੀ ਦੁੱਖਨਿਵਾਰਨ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪ੍ਰਣਾਮ ਸਿੰਘ ਜੀ ਨੇ ਪਟਿਆਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪਲਾਸਟਿਕ ਦੇ ਲਿਫ਼ਾਫਿਆਂ ਦੀ ਵਰਤੋਂ ਤੋਂ ਗੁਰੇਜ਼ ਕਰਨ ਅਤੇ ਗੁਰਦੁਆਰੇ ਤੋਂ ਕੜਾਹ ਪ੍ਰਸ਼ਾਦ ਲਿਜਾਣ ਲਈ ਸਿਰਫ਼ ਜੈਵ-ਵਿਘਟਨਯੋਗ (ਬਾਇਓਡੀਗ੍ਰੇਡੇਬਲ) ਲਿਫ਼ਾਫਿਆਂ ਦਾ ਹੀ ਦਾਨ ਅਤੇ ਉਪਯੋਗ ਕਰਨ।

ਸ੍ਰੀ ਦੁੱਖਨਿਵਾਰਨ ਸਾਹਿਬ ਦੇ ਮੈਨੇਜਰ ਸ. ਭਾਗ ਸਿੰਘ ਜੀ ਨੇ ਵੀ ਹੈੱਡ ਗ੍ਰੰਥੀ ਜੀ ਦੀ ਇਸ ਅਪੀਲ ਦਾ ਸਮਰਥਨ ਕੀਤਾ ਅਤੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਅਨੁਸਾਰ ਵਾਤਾਵਰਣ ਦੀ ਸੁਰੱਖਿਆ ਲਈ ਹਰ ਸੰਭਵ ਯਤਨ ਕਰਨ। ਉਨ੍ਹਾਂ ਨੇ ਕਿਹਾ ਕਿ ਇਕ ਵਾਰ ਵਰਤੇ ਜਾਣ ਵਾਲੇ ਪਲਾਸਟਿਕ (ਸਿੰਗਲ-ਯੂਜ਼ ਪਲਾਸਟਿਕ) ਤੋਂ ਪਰਹੇਜ਼ ਕਰਕੇ ਅਤੇ ਟਿਕਾਊ ਵਿਕਲਪ ਅਪਣਾ ਕੇ ਵਾਤਾਵਰਣ ਸੰਭਾਲ ਵਿੱਚ ਯੋਗਦਾਨ ਪਾਇਆ ਜਾ ਸਕਦਾ ਹੈ, ਜਿਵੇਂ ਕਿ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ), ਅੰਮ੍ਰਿਤਸਰ ਵਿਖੇ ਕੀਤਾ ਜਾ ਰਿਹਾ ਹੈ।

ਇਸ ਉਪਰੰਤ ਜਾਗਰੂਕਤਾ ਮੁਹਿੰਮ ਦੇ ਹਿੱਸੇ ਵਜੋਂ ਗਿਆਨੀ ਪ੍ਰਣਾਮ ਸਿੰਘ ਜੀ, ਸ. ਭਾਗ ਸਿੰਘ ਜੀ ਅਤੇ ਪੀਪੀਸੀਬੀ ਦੇ ਅਧਿਕਾਰੀਆਂ ਵੱਲੋਂ ਗੁਰਦੁਆਰੇ ਵਿੱਚ ਆਈ ਸੰਗਤ ਨੂੰ ਕੰਪੋਸਟੇਬਲ ਲਿਫ਼ਾਫੇ ਵੰਡੇ ਗਏ। ਇਸ ਮੌਕੇ ਗੁਰਕਰਨ ਸਿੰਘ, ਵਾਤਾਵਰਣ ਇੰਜੀਨੀਅਰ, ਪੀਪੀਸੀਬੀ; ਨਵਤੇਸ਼ ਸਿੰਗਲਾ, ਵਾਤਾਵਰਣ ਇੰਜੀਨੀਅਰ, ਪੀਪੀਸੀਬੀ; ਦਵਿੰਦਰ ਸਿੰਘ, ਜੇ.ਈ.; ਅਤੇ ਡਾ. ਗੁਰਸ਼ਗਨ ਕੰਧੋਲਾ, ਸੀਨੀਅਰ ਫੈਲੋ, ਪੀਪੀਸੀਬੀ ਹਾਜ਼ਰ ਸਨ।

# ਸ਼ਿਵ ਸੈਨਾ ਹਿੰਦੁਸਤਾਨ ਨੇ ਹਿੰਦੂ ਮੰਦਿਰਾਂ ਨੂੰ ਬੰਬ ਨਾਲ ਉਡਾਉਣ ਦੀਆਂ ਪੰਜਾਬ ਸਕੱਤਰੇਤ ਨੂੰ ਈਮੇਲ ਰਾਹੀਂ ਭੇਜੀਆਂ ਗਈਆਂ ਧਮਕੀਆਂ ਦਾ ਗੰਭੀਰ ਨੋਟਿਸ ਲਿਆ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਜ਼ਿਲ੍ਹਾ ਪਟਿਆਲਾ ਦੇ ਸੀਨੀਅਰ ਆਗੂਆਂ ਦੀ ਇੱਕ ਮੀਟਿੰਗ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਪਵਨ ਗੁਪਤਾ ਜੀ ਦੇ ਨਿਵਾਸ ਸਥਾਨ 'ਤੇ ਹੋਈ। ਪਾਰਟੀ ਦੇ ਸਾਰੇ ਸੀਨੀਅਰ ਆਗੂ ਇਸ ਮੀਟਿੰਗ ਵਿੱਚ ਸ਼ਾਮਲ ਹੋਏ, ਜਿਸਦੀ ਪ੍ਰਧਾਨਗੀ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਪਵਨ ਗੁਪਤਾ ਨੇ ਕੀਤੀ।

ਸ਼ਿਵ ਸੈਨਾ ਹਿੰਦੁਸਤਾਨ ਦੀ ਇਸ ਐਮਰਜੈਂਸੀ ਮੀਟਿੰਗ ਨੇ ਪੰਜਾਬ ਸਕੱਤਰੇਤ ਨੂੰ ਈਮੇਲ ਰਾਹੀਂ ਭੇਜੀਆਂ ਗਈਆਂ ਧਮਕੀਆਂ ਦਾ ਗੰਭੀਰ ਨੋਟਿਸ ਲਿਆ, ਜਿਸ ਵਿੱਚ ਪੰਜਾਬ ਦੇ ਹਿੰਦੂ ਭਾਈਚਾਰੇ ਦੇ ਪ੍ਰਮੁੱਖ ਧਾਰਮਿਕ ਸਥਾਨਾਂ ਸ਼੍ਰੀ ਕਾਲੀ ਮਾਤਾ ਮੰਦਰ ਪਟਿਆਲਾ, ਸ਼੍ਰੀ ਦੁਰਗਿਆਣਾ ਮੰਦਰ, ਅੰਮ੍ਰਿਤਸਰ ਅਤੇ ਸ਼੍ਰੀ ਦੇਵੀ ਤਾਲਾਬ ਮੰਦਰ, ਜਲੰਧਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਹੈ, ਅਤੇ ਉਨ੍ਹਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਖਾਲਿਸਤਾਨੀ ਅੱਤਵਾਦੀਆਂ ਨੂੰ ਸਖ਼ਤ ਚੇਤਾਵਨੀ ਜਾਰੀ




ਕੀਤੀ ਗਈ ਕਿ ਜੇਕਰ ਅਜਿਹੀ ਕੋਈ ਕਾਰਵਾਈ ਹੁੰਦੀ ਹੈ, ਤਾਂ ਹਿੰਦੂ ਭਾਈਚਾਰਾ ਮੰਗ ਕਰੇਗਾ ਕਿ ਦੇਸ਼ ਦੀ ਸਰਕਾਰ ਨੂੰ ਅਜਿਹੀਆਂ ਧਮਕੀਆਂ ਦੇਣ ਵਾਲੇ ਅੱਤਵਾਦੀ ਸੰਗਠਨਾਂ ਦਾ ਪਤਾ ਲਗਾਇਆ ਜਾਵੇ, ਇੱਥੋਂ ਤੱਕ ਕਿ ਜੇਕਰ ਕੋਈ ਅੰਡਰਵਰਲਡ ਤੋਂ ਵੀ ਇਨਾ ਅੱਤਵਾਦੀਆਂ ਦੀ ਮਦਦ ਕਰਦਾ ਹੈ ਤਾਂ ਉਨ੍ਹਾਂ ਨੂੰ ਜਾਂ ਉਨ੍ਹਾਂ ਦੇ ਸਮਰਥਕਾਂ ਨੂੰ ਵੀ ਅਜਿਹਾ ਸਬਕ ਸਿਖਾਇਆ ਜਾਵੇ ਕਿ ਉਹ ਅਜਿਹੀ ਕਾਰਵਾਈ ਕਰਨ ਬਾਰੇ ਸੋਚਣ ਦੀ ਹਿੰਮਤ ਵੀ ਨਾ ਕਰਨ, ਇਸਨੂੰ ਅੰਜਾਮ ਦੇਣ ਦੀ ਤਾਂ ਗੱਲ ਹੀ ਛੱਡੋ। ਸਨਾਤਨ ਹਿੰਦੂ ਭਾਈਚਾਰੇ ਦੇ ਸ਼ਰਧਾ ਅਤੇ ਆਸਥਾ ਵਾਲੇ ਧਾਰਮਿਕ ਸਥਾਨਾਂ ਵਿਰੁੱਧ ਅਜਿਹੀਆਂ ਕਾਰਵਾਈਆਂ ਕਰਨ ਵਾਲੇ ਅੱਤਵਾਦੀ ਸੰਗਠਨਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਜਾਵੇ। ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਇਸ ਮੁੱਦੇ 'ਤੇ ਸਾਂਝੇ ਤੌਰ 'ਤੇ ਸਭ ਤੋਂ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਤਾਂ ਜੋ ਘਰੇਲੂ ਜਾਂ ਵਿਦੇਸ਼ੀ ਧਰਤੀ 'ਤੇ ਬੈਠਾ ਕੋਈ ਵੀ ਵਿਅਕਤੀ ਪੰਜਾਬ ਅਤੇ ਦੇਸ਼ ਨੂੰ ਵੰਡਣ ਦੀ ਸਾਜ਼ਿਸ਼ ਰਚਣ ਦੀ ਹਿੰਮਤ ਨਾ ਕਰੇ। ਸ਼ਿਵ ਸੈਨਾ ਹਿੰਦੁਸਤਾਨ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਸਖ਼ਤ ਸ਼ਬਦਾਂ ਵਿੱਚ ਕਿਹਾ ਹੈ ਕਿ ਸਨਾਤਨ ਹਿੰਦੂ ਭਾਈਚਾਰਾ ਅਜਿਹੀਆਂ ਧਮਕੀਆਂ ਨੂੰ ਬਰਦਾਸ਼ਤ ਨਹੀਂ ਕਰੇਗਾ।

ਸ਼ਿਵ ਸੈਨਾ ਹਿੰਦੁਸਤਾਨ ਦੇ ਆਗੂਆਂ ਦੀ ਐਮਰਜੈਂਸੀ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਕਿ 6 ਜੂਨ, 1984 ਨੂੰ ਆਪ੍ਰੇਸ਼ਨ ਬਲੂ ਸਟਾਰ ਦੌਰਾਨ, ਪਹਿਲਾਂ ਅਤੇ ਬਾਅਦ ਵਿੱਚ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰੱਖਿਆ ਕਰਦੇ ਹੋਏ ਸ਼ਹੀਦ ਹੋਏ ਪੰਜਾਬ ਪੁਲਿਸ, ਭਾਰਤੀ ਫੌਜ ਦੇ ਜਵਾਨਾਂ ਅਤੇ ਅਧਿਕਾਰੀਆ, ਕੇਂਦਰੀ ਸੁਰੱਖਿਆ ਬਲਾਂ ਦੇ ਜਵਾਨਾਂ ਅਤੇ ਅਧਿਕਾਰੀ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਲੜਦੇ ਹੋਏ ਅਤੇ ਪੰਜਾਬ ਵਿੱਚ ਸ਼ਾਂਤੀ ਅਤੇ ਭਾਈਚਾਰਾ ਕਾਇਮ ਕਰਦੇ ਹੋਏ ਸ਼ਹੀਦ ਹੋਏ 35,000 ਹਿੰਦੂਆਂ ਅਤੇ ਸਿੱਖਾਂ ਨੂੰ 6 ਜੂਨ, 2026 ਨੂੰ ਸਵੇਰੇ 10:00 ਵਜੇ ਸ਼੍ਰੀ ਕਾਲੀ ਮਾਤਾ ਮੰਦਰ ਵਿਖੇ ਹਵਨ ਕਰਕੇ ਸ਼ਰਧਾਂਜਲੀ ਦਿੱਤੀ ਜਾਵੇਗੀ। ਵੱਖ-ਵੱਖ ਹਿੰਦੂ ਸੰਗਠਨਾਂ ਦੇ ਆਗੂ ਅਤੇ ਵਰਕਰ, ਖਾਸ ਕਰਕੇ ਸ਼ਿਵ ਸੈਨਾ ਹਿੰਦੁਸਤਾਨ ਦੇ ਵਰਕਰ ਅਤੇ ਆਗੂ ਵੱਡੀ ਗਿਣਤੀ ਵਿੱਚ ਮੌਜੂਦ ਰਹਿਣਗੇ।

ਇਸ ਮੀਟਿੰਗ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਦੇ ਆਗੂ ਹੇਮਰਾਜ ਗੋਇਲ, ਪ੍ਰਦੀਪ ਵਰਮਾ, ਕਸ਼ਮਾਕਾਂਤ ਪਾਂਡੇ, ਅਮਰਜੀਤ ਬੰਟੀ, ਹਿਤੇਸ਼ ਰਿੰਕੂ, ਕ੍ਰਿਸ਼ਨ ਗਾਬਾ, ਨਵਦੀਪ ਮਿੱਤਲ, ਭੋਲਾ ਸ਼ਰਮਾ, ਰਵੀ ਸੋਹਲ, ਨੰਦਲਾਲ, ਹਰਪ੍ਰੀਤ ਸ਼ਰਮਾ, ਗੁਰਪ੍ਰੀਤ ਬੱਗੀ ਆਦਿ ਹਾਜ਼ਰ ਸਨ।

# ਸਕੂਲਾਂ ਦੇ ਈਕੋ ਕਲੱਬਾਂ ਵੱਲੋਂ ਮਨਾਇਆ ਜਾਵੇਗਾ ਵਾਤਾਵਰਨ ਦਿਵਸ



**ਗੁਰਦਾਸਪੁਰ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਤਾਵਰਨ ਦਿਵਸ ਮੌਕੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਦੇ ਈਕੋ ਕਲੱਬਾਂ ਵਿੱਚ ਵਾਤਾਵਰਨ ਦਿਵਸ ਮਨਾਇਆ ਜਾਵੇਗਾ। ਉਪਰੋਕਤ ਜਾਣਕਾਰੀ ਦਿੰਦੇ ਹੋਏ ਵਾਤਾਵਰਨ ਐਜੂਕੇਸ਼ਨ ਪ੍ਰੋਗਰਾਮ ਦੇ ਕੋਆਰਡੀਨੇਟਰ ਸ਼੍ਰੀ ਪ੍ਰਦੀਪ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ਼੍ਰੀਮਤੀ ਪਰਮਜੀਤ ਕੌਰ ਦੀ ਅਗਵਾਈ ਵਿੱਚ ਜ਼ਿਲ੍ਹੇ ਦੇ ਸਕੂਲਾਂ ਦੇ ਈਕੋ ਕਲੱਬਾਂ ਵਿੱਚ ਵਾਤਾਵਰਣ ਦਿਵਸ ਮਨਾਉਂਦੇ ਹੋਏ ਵਿਦਿਆਰਥੀਆਂ ਨੂੰ ਬੂਟੇ ਲਗਾਉਣ ਲਈ ਜਾਗਰੂਕ ਕੀਤਾ ਜਾਵੇਗਾ।

ਉਨ੍ਹਾਂ ਜਾਣਕਾਰੀ ਦਿੱਤੀ ਕਿ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਈਕੋ ਕਲੱਬ ਬਣਾਏ ਹਨ , ਜਿਸ ਵਿੱਚ ਵੱਖ-ਵੱਖ ਪ੍ਰਕਾਰ ਦੇ ਬੂਟੇ ਲਗਾਏ ਗਏ ਹਨ।

ਇਸ ਦੌਰਾਨ ਡੀ.ਈ.ਓ. ਸ਼੍ਰੀਮਤੀ ਪਰਮਜੀਤ ਕੌਰ ਨੇ ਕਿਹਾ ਕਿ ਵਿਸ਼ਵ ਵਾਤਾਵਰਨ ਦਿਵਸ ਉੱਪਰ ਨਿਊਟੇਸ਼ਨ ਗਾਰਡਨ ਵਿੱਚ ਅਤੇ ਆਪਣੇ ਆਲੇ ਦੁਆਲੇ ਛਾਂ ਵਾਲੇ, ਫ਼ਲਾਂ ਵਾਲੇ ਬੂਟੇ ਅਤੇ ਪੁਰਾਤਨ ਮੈਡੀਸਨ ਪਲਾਂਟ ਲਗਾਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਉਨ੍ਹਾਂ ਅਪੀਲ ਕੀਤੀ ਕਿ 'ਏਕ ਪੇੜ ਮਾਂ ਕੇ ਨਾਮ' ਦੇ ਤਹਿਤ ਵੱਧ ਤੋਂ ਵੱਧ ਬੂਟੇ ਲਗਾਏ ਜਾਣ ਤਾਂ ਜੋ ਤਾਪਮਾਨ ਵਿੱਚ ਸੰਤੁਲਨ ਬਣਾਇਆ ਜਾ ਸਕੇ ਅਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਸਾਫ਼ ਸੁਥਰਾ ਵਾਤਾਵਰਣ ਦਿੱਤਾ ਜਾ ਸਕੇ। ਇਸ ਮੌਕੇ ਸੁਪਰਡੈਂਟ ਪ੍ਰਬੋਧ ਕੁਮਾਰ ਵੀ ਹਾਜ਼ਰ ਸਨ।

# ਆਪਣਿਆਂ ਦੀ ਬਗਾਵਤ ਦੇ ਬਾਵਜੂਦ ਸਮਰਾਲੇ ਦੋ ਸੀਟਾਂ ਜਿੱਤਣਾ ਰਾਜਾ ਗਿੱਲ ਦੀ ਮਿਹਨਤ ਦਾ ਨਤੀਜਾ : ਵਨੀਤ ਝੜੌਦੀ

**ਮਾਛੀਵਾੜਾ ਸਾਹਿਬ, 8 ਜੂਨ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਸਮਰਾਲਾ ਵਿੱਚ ਸਰਕਾਰੀ ਧੱਕੇਸ਼ਾਹੀ ਅਤੇ ਆਪਣੇ ਹੀ ਆਗੂਆਂ ਦੀ ਬਗਾਵਤ ਦੇ ਬਾਵਜੂਦ ਕਾਂਗਰਸ ਪਾਰਟੀ ਰਾਜਾ ਗਿੱਲ ਦੀ ਅਗਵਾਈ ਵਿੱਚ ਦੋ ਸੀਟਾਂ ਜਿੱਤਣ ਵਿੱਚ ਸਫਲ ਰਹੀ ,ਇਹ ਉਹਨਾਂ ਦੀ ਮਿਹਨਤ ਦਾ ਨਤੀਜਾ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਬਲਾਕ ਮੀਡੀਆ ਇੰਚਾਰਜ ਵਨੀਤ ਕੁਮਾਰ ਝੜੌਦੀ ਨੇ ਕਿਹਾ ਕਿ ਜਿਵੇਂ ਮਾਛੀਵਾੜਾ ਨਗਰ ਕੌਂਸਲ ਵੇਲੇ ਮੌਜੂਦਾ ਸਰਕਾਰ ਨੇ ਧੱਕੇਸ਼ਾਹੀ ਕਰਦਿਆਂ ਉਮੀਦਵਾਰਾਂ ਦੇ ਕਾਗਜ਼ ਰੱਦ ਕਰ ਦਿੱਤੇ ਸਨ, ਉਸ ਤਰ੍ਹਾਂ ਹੀ ਸਮਰਾਲਾ ਵਿੱਚ ਵੀ ਉਸੇ



ਫਿਲਮ ਨੂੰ ਦੁਬਾਰਾ ਦੁਹਰਾਉਂਦਿਆਂ ਉਹਨਾਂ ਤਿੰਨ ਸੀਟਾਂ ਉੱਤੇ ਮੌਜੂਦਾ ਸਰਕਾਰ ਨੇ ਆਪਣੇ ਉਮੀਦਵਾਰਾਂ ਨੂੰ ਬਿਨਾਂ ਮੁਕਾਬਲਾ ਜੇਤੂ ਕਰ ਲਿਆ, ਜਿਨ੍ਹਾਂ ਤੇ ਕਾਂਗਰਸੀ ਉਮੀਦਵਾਰ ਭਾਰੀ ਟੱਕਰ ਦਿੰਦਿਆਂ ਜਿੱਤ ਪ੍ਰਾਪਤ ਕਰ ਰਹੇ ਸਨ। ਉਨਾਂ ਕਿਹਾ ਕਿ ਕਾਂਗਰਸ ਪਾਰਟੀ ਸੱਤ ਤੋਂ ਅੱਠ ਸੀਟਾਂ ਲੈਣ ਵਿੱਚ ਕਾਮਯਾਬ ਹੋ ਰਹੀ ਸੀ, ਪਰ ਕੁਝ ਆਪਣੇ ਹੀ ਆਗੂਆਂ ਤੇ ਵਰਕਰਾਂ ਵੱਲੋਂ ਪਾਰਟੀ ਦੇ ਵਿਰੋਧ ਵਿੱਚ ਜਾਂਦਿਆ ਦੂਜੀ ਪਾਰਟੀ ਦੇ ਉਮੀਦਵਾਰਾਂ ਦਾ ਸਮਰਥਨ ਕੀਤਾ ਗਿਆ ਅਤੇ ਆਪਣੀ ਪਾਰਟੀ ਤੋਂ ਵਿਰੋਧੀ ਉਮੀਦਵਾਰਾਂ ਦੇ ਹੱਕ ਵਿੱਚ ਭੁਗਤਣ ਦੇ ਬਾਵਜੂਦ ਵੀ ਦੋ ਸੀਟਾਂ ਜਿੱਤਣਾ ਮਿਹਨਤ ਨੂੰ ਦਿਖਾਉਂਦਾ ਹੈ। ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਹਲਕੇ ਵਿੱਚ ਇੱਕਜੁੱਟ ਹੁੰਦਿਆਂ ਪਾਰਟੀ ਲਈ ਤਕ ੜੇ ਹੋ ਕੇ ਕੰਮ ਕਰੇਗੀ ਅਤੇ 2027 ਦੀਆਂ ਚੋਣਾਂ ਲਈ ਡੱਟ ਕੇ ਮਿਹਨਤ ਕਰੇਗੀ।

# ਭੀਖੋਵਾਲ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸਮੀਖਿਆ ਮੀਟਿੰਗ ਹੋਈ




**ਹੁਸ਼ਿਆਰਪੁਰ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੇ ਪਿੰਡ ਭੀਖੋਵਾਲ ਵਿਖੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸਮੀਖਿਆ ਮੀਟਿੰਗ ਹੋਈ, ਜਿਸ ਵਿੱਚ ਡਾ. ਮੁਕੇਸ਼ ਕਾਂਡਾ, ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ, ਹਲਕਾ ਸ਼ਾਮਚੁਰਾਸੀ ਦੇ ਕੋਆਰਡੀਨੇਟਰ ਪਰਵਿੰਦਰ ਸਿੰਘ ਸੱਜਣ, ਬਲਾਕ ਕੋਆਰਡੀਨੇਟਰ ਰਜਵੰਤ ਕੌਰ ਧਾਮੀ, ਚੇਅਰਪਰਸਨ ਕਰਮਜੀਤ ਕੌਰ, ਸਰਪੰਚ ਅਮਨਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂਆਂ, ਵਰਕਰਾਂ ਅਤੇ ਸਮਾਜ ਸੇਵੀਆਂ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਡਾ. ਮੁਕੇਸ਼ ਕਾਂਡਾ ਅਤੇ ਗੁਰਵਿੰਦਰ ਪਾਬਲਾ ਨੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰ ਰਹੀ ਹੈ ਅਤੇ ਨਸ਼ਿਆਂ ਦੀ ਸਪਲਾਈ ਲੜੀ ਨੂੰ ਤੋੜਨ ਲਈ ਪੁਲਿਸ ਅਤੇ ਪ੍ਰਸ਼ਾਸਨ ਨੂੰ ਪੂਰੀ ਆਜ਼ਾਦੀ ਦਿੱਤੀ ਗਈ ਹੈ। ਹਲਕਾ ਸ਼ਾਮਚੁਰਾਸੀ ਦੇ ਕੋਆਰਡੀਨੇਟਰ ਪਰਵਿੰਦਰ ਸਿੰਘ ਸੱਜਣ ਨੇ ਕਿਹਾ ਕਿ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਅਤੇ ਨਸ਼ਿਆਂ ਦੇ ਖ਼ਾਤਮੇ ਦੀ ਲੜਾਈ ਹਰ ਵਰਗ ਦੀ ਸਾਂਝੀ ਜ਼ਿੰਮੇਵਾਰੀ ਹੈ। ਬਲਾਕ ਕੋਆਰਡੀਨੇਟਰ ਰਜਵੰਤ ਕੌਰ ਨੇ ਕਿਹਾ ਕਿ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦੀ ਅਗਵਾਈ ਹੇਠ ਹਲਕਾ ਸ਼ਾਮਚੁਰਾਸੀ ਵਿੱਚ ਨਸ਼ਾ ਵਿਰੋਧੀ ਮੁਹਿੰਮ ਨੂੰ ਪਿੰਡ ਪੱਧਰ ਤੱਕ ਲਿਜਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਹਰ ਬਲਾਕ ਅਤੇ ਪਿੰਡ ਵਿੱਚ ਟੀਮਾਂ ਦਾ ਗਠਨ ਕਰਕੇ ਲੋਕਾਂ ਨੂੰ ਸਰਕਾਰ ਦੀਆਂ ਨੀਤੀਆਂ ਅਤੇ ਨਸ਼ਾ ਮੁਕਤੀ ਸਬੰਧੀ ਪ੍ਰੋਗਰਾਮਾਂ ਨਾਲ ਜੋੜਿਆ ਗਿਆ ਹੈ। ਰਜਵੰਤ ਕੌਰ ਧਾਮੀ ਨੇ ਕਿਹਾ ਕਿ ਮਹਿਲਾਵਾਂ ਸਮਾਜ ਵਿੱਚ ਬਦਲਾਅ ਲਿਆਉਣ ਦੀ ਸਭ ਤੋਂ ਵੱਡੀ ਤਾਕਤ ਹਨ ਅਤੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਵਿੱਚ ਉਨ੍ਹਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਹਲਕਾ ਸ਼ਾਮਚੁਰਾਸੀ ਦੇ ਵਿਕਾਸ, ਸਿੱਖਿਆ, ਸਿਹਤ ਅਤੇ ਨੌਜਵਾਨਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਵੀ ਸ਼ਲਾਘਾ ਕੀਤੀ। ਆਪ ਆਗੂਆਂ ਨੇ ਮੀਟਿੰਗ ਵਿੱਚ ਪੁੱਜੇ ਸਾਰੇ ਪੰਚਾਂ ਸਰਪੰਚਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬਲਾਕ ਕੋਆਰਡੀਨੇਟਰ ਮੀਨਾ ਰਾਣੀ, ਜੈਵੰਤੀ ਇੰਚਾਰਜ ਵੂਮੈਨ ਵਿੰਗ, ਮਨਜਿੰਦਰ ਰਿੰਕੂ, ਬਿਕਰਮ ਗੀਹਲ ਆਦਿ ਵੀ ਮੌਜੂਦ ਸਨ।

# ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ 2026 ਲਈ ਆਨਲਾਈਨ ਅਰਜ਼ੀਆਂ ਦੀ ਮੰਗ: ਡੀ.ਸੀ. ਹਿਮਾਂਸ਼ੂ ਜੈਨ

**ਲੁਧਿਆਣਾ, 8 ਜੂਨ**
**ਕੁਲਦੀਪ ਦੁੱਗਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਦੇਸ਼ ਭਰ ਦੇ ਬੱਚਿਆਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਨੂੰ ਮਾਨਤਾ ਦੇਣ ਲਈ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ (ਪੀ.ਐੱਮ.ਆਰ.ਬੀ.ਪੀ.) 2026 ਲਈ ਆਨਲਾਈਨ ਨਾਮਜ਼ਦਗੀਆਂ ਅਤੇ ਸਿਫ਼ਾਰਸ਼ਾਂ ਦੀ ਮੰਗ ਕੀਤੀ ਗਈ ਹੈ।

ਡੀ.ਸੀ. ਜੈਨ ਨੇ ਦੱਸਿਆ ਕਿ ਇਹ ਦੇਸ਼ ਦਾ ਇੱਕ ਵੱਕਾਰੀ ਰਾਸ਼ਟਰੀ ਸਨਮਾਨ ਹੈ, ਜੋ 31 ਜੁਲਾਈ 2026 ਤੱਕ 18 ਸਾਲ ਤੋਂ ਘੱਟ ਉਮਰ ਦੇ ਉਹਨਾਂ ਬੱਚਿਆਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਬਹਾਦਰੀ, ਸਮਾਜ ਸੇਵਾ, ਵਾਤਾਵਰਣ ਸੁਰੱਖਿਆ, ਖੇਡਾਂ, ਕਲਾ ਅਤੇ ਸੱਭਿਆਚਾਰ, ਵਿਗਿਆਨ ਅਤੇ ਤਕਨਾਲੋਜੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਪ੍ਰਤਿਭਾ ਅਤੇ ਉੱਤਮ ਯੋਗਦਾਨ ਦਾ ਪ੍ਰਦਰਸ਼ਨ ਕੀਤਾ ਹੋਵੇ।

ਉਨ੍ਹਾਂ ਕਿਹਾ ਕਿ ਇਸ ਵਾਰ ਲੜਕੀਆਂ, ਕਮਜ਼ੋਰ ਵਰਗਾਂ, ਅਨੁਸੂਚਿਤ ਜਾਤੀਆਂ/ਜਨਜਾਤੀਆਂ (ਐੱਸ.ਸੀ./ਐੱਸ.ਟੀ.) ਅਤੇ ਵਿਸ਼ੇਸ਼ ਲੋੜਾਂ ਵਾਲੇ ਪ੍ਰਤਿਭਾਸ਼ਾਲੀ ਬੱਚਿਆਂ ਦੀਆਂ ਨਾਮਜ਼ਦਗੀਆਂ ਨੂੰ ਉਤਸ਼ਾਹਿਤ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਤਾਂ ਜੋ ਵੱਧ ਤੋਂ ਵੱਧ ਯੋਗ ਬੱਚਿਆਂ ਨੂੰ ਇਸ ਰਾਸ਼ਟਰੀ ਸਨਮਾਨ ਲਈ ਮੌਕਾ ਮਿਲ ਸਕੇ।

ਡੀ.ਸੀ. ਨੇ ਦੱਸਿਆ ਕਿ ਨਾਮਜ਼ਦਗੀ ਪ੍ਰਕਿਰਿਆ ਪੂਰੀ ਤਰ੍ਹਾਂ ਆਨਲਾਈਨ ਹੈ ਅਤੇ ਇਸ ਲਈ ਰਾਸ਼ਟਰੀ ਪੁਰਸਕਾਰ ਪੋਰਟਲ ਦੀ ਵਰਤੋਂ ਕੀਤੀ ਜਾਵੇਗੀ। ਇੱਛੁਕ ਵਿਅਕਤੀ, ਸੰਸਥਾਵਾਂ ਜਾਂ ਸਿਫ਼ਾਰਸ਼ਕਰਤਾ ਰਾਹੀਂ 31 ਜੁਲਾਈ 2026 ਤੱਕ ਆਪਣੀਆਂ ਨਾਮਜ਼ਦਗੀਆਂ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

# ਡੇਅਰੀ ਯੂਨੀਅਨ ਪਟਿਆਲਾ ਦੀ ਏ.ਡੀ.ਸੀ. ਨਾਲ ਤੂੜੀ ਦੇ ਵੱਧ ਰਹੇ ਰੇਟਾਂ ਬਾਰੇ ਮੀਟਿੰਗ ਆਯੋਜਿਤ



**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਅਰੀ ਯੂਨੀਅਨ ਪਟਿਆਲਾ ਦੀ ਹੰਗਾਮੀ ਮੀਟਿੰਗ ਹੋਈ। ਜਿਸ ਵਿੱਚ ਤੂੜੀ ਦੇ ਵੱਧ ਰਹੇ ਰੇਟਾਂ ਬਾਰੇ ਏ.ਡੀ.ਸੀ. ਸਾਹਿਬ ਪਟਿਆਲਾ ਨੂੰ ਤੂੜੀ ਦੇ ਵੱਧ ਰਹੇ ਰੇਟਾਂ ਬਾਰੇ ਦੱਸਿਆ ਗਿਆ ਤੇ ਉਨ੍ਹਾਂ ਨੂੰ ਤੂੜੀ ਦੀ ਫੈਕਟਰੀਆਂ ਦੇ ਵਿੱਚ ਇਧਨ ਵਜੋਂ ਵਰਤਣ ਤੇ ਰੋਕ ਲਗਾਉਣ ਸਬੰਧੀ ਬੇਨਤੀ ਕੀਤੀ ਗਈ ਤਾਂ ਜ਼ੋ ਡੇਅਰੀ ਫਾਰਮਰਾਂ ਨੂੰ ਤੂੜੀ ਦੇ ਰੇਟਾਂ ਵਿੱਚ ਰਹਿਤ ਮਿਲ ਸਕੇ। ਅਸੀਂ ਪਟਿਆਲਾ ਡੇਅਰੀ ਯੂਨੀਅਨ ਵਲੋਂ ਪੰਜਾਬ ਸਰਕਾਰ ਤੇ ਪ੍ਰਸ਼ਾਸ਼ਨ ਨੂੰ ਬੇਨਤੀ ਕਰਦੇ ਹਾਂ ਜੇਕਰ ਸਾਡੀ ਇਨ੍ਹਾਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਗਿਆ ਤਾਂ ਡੇਅਰੀ ਦਾ ਧੰਦਾ ਬੰਦ ਹੋ ਜਾਵੇਗਾ। ਇਸ ਮੌਕੇ ਮੰਗ ਪੱਤਰ ਵਿੱਚ ਤੂੜੀ ਦੇ ਰੇਟ 400 ਤੋਂ 500 ਤੱਕ ਕੀਤਾ ਜਾਵੇ, ਜਿਹਨਾ ਬਜਾਰਾ ਦੇ ਵਿੱਚ ਡੁਪਲੀਕੇਟ ਦੁੱਧ, ਦਹੀ, ਪਨੀਰ ਆਦਿ ਵਿੱਕ ਰਿਹਾ ਹੈ, ਉਸ ਤੇ ਪੂਰਨ ਪਾਬੰਦੀ ਲਗਾਈ ਜਾਵੇ। ਇਸ ਮੌਕੇ ਕ੍ਰਿਪਾਲ ਸਿੰਘ ਪ੍ਰਧਾਨ, ਪਾਲਾ ਰਾਮ, ਦਵਿੰਦਰ ਸਿੰਘ, ਲਖਵੀਰ ਸਿੰਘ, ਅਵਤਾਰ ਸਿੰਘ, ਤਰਨਜੀਤ ਸਿੰਘ, ਜਗੀਰ ਸਿੰਘ, ਧਨਵਿੰਦਰ ਸਿੰਘ ਢੀਂਡਸਾ, ਆਦਿ ਹਾਜਰ ਸਨ।

# ਆਊਟ ਸੋਰਸ ਕਰਮੀਆਂ ਸਬੰਧੀ, ਪੰਜਾਬ ਮੰਤਰੀ ਪ੍ਰੀਸ਼ਦ ਦਾ ਫੈਸਲਾ : ਨਾ ਕਾਫੀ : ਦਰਸ਼ਨ ਲੁਬਾਣਾ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਇੱਕ ਦਰਜਨ ਵਿਚਲੇ ਕੰਟਰੈਕਟ, ਆਊਟ ਸੋਰਸ, ਵਰਕਚਾਰਜ, ਟੈਂਪਰੇਰੀ, ਦਿਹਾੜੀਦਾਰ, ਸਰਕਾਰੀ ਸਕੂਲਾਂ ਵਿਚਲੇ ਪਾਰਟ ਟਾਇਮ, ਮਿਡ-ਡੇ-ਮੀਲ, ਸਿਹਤ ਵਿਭਾਗ, ਪੰਜਾਬ ਲੋਕ ਨਿਰਮਾਣ ਦੇ ਬਿਜਲੀ ਸ਼ਾਖਾ, ਬਾਗਬਾਨੀ ਸ਼ਾਖਾ, ਸਿਵਲ ਸਾਖਾਵਾਂ ਵਿਚਲੇ ਟੈਕਨੀਕਲ ਤੇ ਡਰਾਇਵਰਾਂ, ਸਫਾਈ ਸੇਵਕ, ਸੀਵਰਮੈਨ ਕਰਮੀਆਂ, ਡਾਟਾ ਐਂਟਰੀ ਉਪਰੇਟਰ, ਜੰਗਲਾਤ, ਜੰਗਲੀ ਜੀਵ, ਜੰਗਲਾਤ ਨਿਗਮ ਅਤੇ ਪਸ਼ੂ ਪਾਲਣ, ਕਾਲਜਾਂ, ਮੈਡੀਕਲ ਆਦਿ ਵਿਭਾਗ ਵਿਚਲੇ ਕਰਮੀਆਂ ਨੇ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵੱਲੋਂ ਜਿਲਾ ਪ੍ਰਬੰਧੀ ਕੰਪਲੈਕਸ ਵਿਖੇ ਦਿੱਤੇ ਵਿਸ਼ਾਲ ਧਰਨੇ ਵਿੱਚ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ, ਇਸ ਮੌਕੇ ਤੇ ਚੌਥਾ ਦਰਜਾ, ਤੀਜਾ ਦਰਜਾ ਕਰਮਚਾਰੀ ਵੀ ਸ਼ਾਮਲ ਹੋਏ।




ਰੈਲੀ ਵਿੱਚ ਬੁਲਾਰਿਆ ਨੇ ਪੰਜਾਬ ਮੰਤਰੀ ਪ੍ਰੀਸ਼ਦ ਵੱਲੋਂ ਆਊਟ ਸੋਰਸ ਕਰਮੀਆਂ ਨੂੰ ਠੇਕੇਦਾਰੀ ਪ੍ਰਥਾ ਤੋਂ ਮੁਕਤੀ ਦੇ ਕੇ ਸਬੰਧਤ ਵਿਭਾਗਾ ਵਿੱਚ ਖਪਾਉਣ ਦੇ ਫੈਸਲੇ ਨੂੰ ਮੁਲਾਜਮਾਂ ਤੇ ਕੱਚੇ ਕਰਮੀਆਂ ਦੇ ਸਘਰਸ਼ਾਂ ਦਾ ਦਬਾਅ ਦੱਸੀਆ, ਪਰੰਤੂ ਇਸ ਫੈਸਲੇ ਤਹਿਤ ਜ਼ੋ 650448 ਕੱਚੇ ਕਰਮੀਆਂ ਦੇ ਆਕੜੇ ਦੱਸੇ ਗਏ ਹਨ, ਇਹ ਜਮੀਨੀ ਹਕੀਕਤ ਤੋਂ ਕੋਹਾ ਦੂਰ ਹਨ ਇੱਕ ਅੰਦਾਜੇ ਅਨੁਸਾਰ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿੱਚ ਕੱਚੇ ਕਰਮੀਆਂ ਦੀ ਨਫਰੀ ਡੇਢ ਲੱਖ ਦੇ ਲਗਭਗ ਹੈ। ਸਰਕਾਰ ਨੂੰ ਵਿਭਾਗ ਪਾਸੋ ਮੁੜ ਸੂਚਨਾ ਮੰਗ ਲੈਣੀ ਚਾਹੀਦੀ ਹੈ।ਵਿਸ਼ਾਲ ਧਰਨਾ ਜ਼ੋ ਰੈਲੀ ਦਾ ਰੂਪ ਧਾਰਨ ਕਰਗਿਆ, ਸਰਕਾਰ ਤੋਂ ਮੰਗ ਕੀਤੀ ਗਈ ਕਿ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਅਗਸਤ 2025 ਨੂੰ ਲਾਗੂ ਕਰ ਦੇਣਾ ਚਾਹੀਦਾ ਹੈ। ਆਰਡੀਨੈਂਸ ਤੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸਕਣ ਦੀ ਲੋੜ ਵੀ ਨਹੀਂ ਪੈਂਦੀ। ਇਸ ਫੈਸਲੇ ਵਿੱਚ ਸਪਸ਼ਟ ਹੈ ਕਿ ਠੇਕੇਦਾਰਾਂ ਨੂੰ ਬਾਹਰ ਕੱਢਕੇ ਸਮੁੱਚੇ ਕੱਚੇ ਕਰਮੀਆਂ ਨੂੰ ਵਿਭਾਗਾਂ ਵਿੱਚ ਮਰਜ ਕਰਕੇ, ਦੋ, ਤਿੰਨ ਸਾਲ ਪੰਜ ਦੀ ਸੇਵਾ ਨੂੰ ਅਧਾਰ ਮੰਨਕੇ ਸੇਵਾਵਾ ਦੀ ਨਿਯਮਤ ਨਿਯੁਕਤੀ ਕੀਤੀ ਜਾਵੇ, ਤੇ ਬਰਾਬਰ-ਕੰਮ-ਬਰਾਬਰ ਤਨਖਾਹ ਦੇਣਾ ਲਾਗੂ ਕੀਤੀ ਜਾਵੇ। ਰੈਲੀ ਵਿੱਚ ਮੰਗ ਕੀਤੀ ਕਿ ਜੇਕਰ ਸਰਕਾਰ ਨਵਾ ਨਿਯਮ ਲਿਆਉਣਾ ਚਾਹੁੰਦੀ ਹੈ ਤਾਂ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਪੈਨਸ਼ਨ, ਡਾਕਟਰੀ ਖਰਚਾ, ਐਕਸਗ੍ਰੇਸ਼ੀਆ ਗਰਾਟਾਂ, ਸਰਕਾਰੀ ਛੁੱਟੀਆਂ, ਗਰੈਚੂਟੀ, ਪ੍ਰਸੂਤਾ ਛੁੱਟੀਆਂ ਅਤੇ ਸਿੱਖਿਅਤ, ਅਣ ਸਿੱਖਿਅਤ, ਹਾਇਰ ਸਿੱਖਿਆ ਨੂੰ ਉਚੇਰੀਆਂ ਤਨਖਾਹਾਂ ਦਿੱਤੀਆ ਜਾਣ ਨੂੰ ਅਧਾਰ ਮਨਕੇ ਵਿਦਿਅਕ ਯੋਗਤਾ ਅਤੇ ਉਸ ਦੀ ਸਮਾਂ ਸੀਮਾ ਤੋਂ ਵੀ ਵਿਸ਼ੇਸ਼ ਛੋਟ ਦੇਣੀ ਚਾਹੀਦੀ ਹੈ, ਜਿਸ ਵਿੱਚ ਵਿਸ਼ੇਸ਼ ਤੌਰ ਤੇ ਸਫਾਈ ਸੇਵਕਾਂ, ਸੀਵਰਮੈਨਾਂ ਆਦਿ ਕੈਟਾਗਰੀਜ਼ ਸ਼ਾਮਲ ਕੀਤੀ ਜਾਵੇ ਅਤੇ ਟੈਕਨੀਕਲ ਕਰਮੀਆਂ ਨੂੰ ਵੀ ਵਿਸ਼ੇਸ਼ ਤਰਜੀਹ ਦਿੱਤੀ ਜਾਵੇ। ਰੈਲੀ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਭਵਿੱਖ ਵਿੱਚ ਮੁਲਾਜਮਾਂ ਦੀਆਂ ਤਨਖਾਹਾਂ ਵਿੱਚ ਕਟੌਤੀ ਕੀਤੀ ਤਾਂ ਇਸ ਤੇ ਮੁਲਾਜਮ, ਪੈਨਸ਼ਨਰ ਸੰਘਰਸ਼ ਹੋਰ ਤਿੱਖਾ ਕਰਨ ਲਈ ਮਜਬੂਰ ਹੋਣਗੇ। ਮੰਗ ਕੀਤੀ ਗਈ ਕਿ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਮਹਿੰਗਾਈ ਭੱਤਾ ਤੇ ਇਸ ਦਾ ਸਮੁੱਚਾ ਬਕਾਇਆ ਦੀ ਅਦਾਇਗੀ ਵਿੱਚ ਬੇਲੋੜੀਂਦੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮਿਡ ਡੇ ਮੀਲ ਵਰਕਰਾਂ ਨੂੰ ਘੱਟੋ-ਘੱਟ ਉਜਰਤਾ ਤੇ ਸਕੇਲਾਂ ਵਿਚਲੇ ਸਫਾਈ ਸੇਵਕਾਂ, ਚੌਂਕੀਦਾਰਾਂ ਦੀ ਘੱਟੋ-ਘੱਟ ਉਜਰਤਾ ਦਿੱਤੀਆਂ ਜਾਣ, ਮਿਡ ਡੇ ਮੀਲ ਵਰਕਰਾਂ ਅਤੇ ਸਫਾਈ ਸੇਵਕਾਂ ਤੋਂ ਨਜਾਇਜ ਕੰਮ ਦੇਣੇ ਬੰਦ ਕੀਤੇ ਜਾਣ। ਰੈਲੀ ਵਿੱਚ ਕੈਬਨਿਟ ਸਬ ਕਮੇਟੀ ਦੇ ਗੁਪਤ ਫੈਸਲੇ ਨੂੰ ਮੰਦਭਾਗਾ ਦੱਸਿਆ। ਧਰਨੇ ਨੂੰ ਮੁਲਾਜਮਾਂ ਦੇ ਪ੍ਰਮੁੱਖ ਆਗੂਆਂ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਰਾਮ ਲਾਲ ਰਾਮਾ, ਸ਼ਿਵ ਚਰਨ, ਲਖਵੀਰ ਸਿੰਘ, ਰਾਮ ਪ੍ਰਸਾਦ ਸਹੋਤਾ, ਪ੍ਰਕਾਸ਼ ਸਿੰਘ ਲੁਬਾਣਾ, ਸਤਨਾਮ ਸਿੰਘ, ਹਰਬੰਸ ਵਰਮਾ, ਮੋਦ ਨਾਥ ਸ਼ਰਮਾ, ਨਿਸ਼ਾ ਰਾਣੀ, ਰਾਮ ਜ਼ੋਧਾ, ਸੁਨੀਲ ਦੱਤ, ਸੰਜੇ ਕੁਮਾਰ, ਵੇਦ ਪ੍ਰਕਾਸ਼, ਮੱਖਣ ਸਿੰਘ, ਮੇਘੂ ਰਾਮ, ਓਂਕਾਰ ਸਿੰਘ ਦਮਨ, ਤਰਲੋਚਨ ਮਾੜੂ, ਦੇਸ਼ ਰਾਜ, ਧਰਮਿੰਦਰ, ਹਰਦੀਪ ਸਿੰਘ, ਗੁਰਿੰਦਰ ਗੁਰੀ, ਸੁਨੀਤਾ, ਸਤਿਨਰਾਇਣ ਗੋਨੀ, ਕਮਲੇਸ਼ ਗੋਨੀ, ਸੁਭਾਸ਼, ਰਾਜੇਸ਼, ਪ੍ਰੇਮ ਚਾਵਲਾ ਨੇ ਸੰਬੋਧਨ ਕੀਤਾ ਤੇ ਐਲਾਨ ਕੀਤਾ ਕਿ ਮਿਤੀ 10 ਜੂਨ ਨੂੰ ਇੱਕ ਧਰਨਾ ਵਣ ਭਵਨ ਮੋਹਾਲੀ ਵਿਖੇ ਦਿੱਤਾ ਜਾਵੇਗਾ। ਦਰਸ਼ਨ ਸਿੰਘ ਲੁਬਾਣਾ ਨੇ ਰੈਲੀ / ਧਰਨੇ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਰੈਗੂਲਰ ਕਰਨ ਦੀ 10 ਸਾਲਾਂ ਦੀ ਸੇਵਾ ਬਾਰੇ ਮੁੱਖ ਸਕੱਤਰ ਦਾ ਬਿਆਨ ਗਲਤ ਹੈ, ਮੌਜੂਦਾ ਸਾਰੀ ਸੇਵਾ ਨੂੰ ਰੈਗੂਲਰ ਹੋਣ ਲਈ ਗਿਣਿਆ ਜਾਵੇ। ਇਹਨਾਂ ਕਿਹਾ ਕਿ ਸਿਹਤ ਵਿਭਾਗ ਦੇ ਕੱਚੇ ਤੇ ਲੰਬਿਤ ਮੰਗਾਂ ਪੱਕੇ ਕਰਮੀਆਂ ਦੀਆਂ ਇੱਕ ਧਰਨਾ / ਰੈਲੀ ਸਿਹਤ ਮੰਤਰੀ ਦੇ ਵਿਧਾਨ ਸਭਾ ਹਲਕੇ ਵਿਖੇ 26 ਨੂੰ ਦਿੱਤਾ ਜਾਵੇਗਾ ਤੇ ਰੋਸ ਮਾਰਚ ਵਿਧਾਨ ਸਭਾ ਹਲਕਾ ਪਟਿਆਲਾ-2 ਵਿਖੇ ਕੀਤਾ ਜਾਵੇਗਾ।

# ਨੀਟ ਪੇਪਰ ਲੀਕ ਮਾਮਲੇ ਦੀ ਸਚਾਈ ਲੋਕਾਂ ਦੇ ਸਾਹਮਣੇ ਲਿਆਂਦੀ ਜਾਵੇ : ਹਰਿੰਦਰ ਸ਼ਰਮਾ ਕੌਰਜੀਵਾਲਾ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬ੍ਰਾਹਮਣ ਸਮਾਜ ਵੈਲਫੇਅਰ ਪੰਜਾਬ ਦੇ ਸੂਬਾ ਪ੍ਰਧਾਨ ਅਤੇ ਸਾਬਕਾ ਚੇਅਰਮੈਨ ਬ੍ਰਾਹਮਣ ਭਲਾਈ ਬੋਰਡ ਪੰਜਾਬ ਐਡਵੋਕੇਟ ਹਰਿੰਦਰ ਸ਼ਰਮਾ ਕੌਰਜੀਵਾਲਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਨੀਟ ਪੇਪਰ ਲੀਕ ਮਾਮਲੇ ਦੀ ਸਚਾਈ ਲੋਕਾਂ ਦੇ ਸਾਹਮਦੇ ਲਿਆਦੀ ਜਾਵੇ ਅਤੇ ਨੀਟ ਪੇਪਰ ਲੀਕ ਸਬੰਧਤ ਲੋਕਾਂ ਤੇ ਫਾਸਟ ਟਰੈਕ ਅਦਾਲਤਾਂ ਵਿੱਚ ਕੇਸ ਚਲਾਕੇ ਉਹਨਾਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਅਤੇ ਉਨ੍ਹਾਂ ਦੀਆਂ ਜਾਇਦਾਦਾ ਨੂੰ ਜਬਤ ਕਰਨਾ ਚਾਹੀਦਾ ਹੈ। ਕਿਉਂਕਿ ਪੇਪਰ ਲੀਕ ਹੋਣਾ ਦੇਸ਼ ਦੇ ਲੱਖਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਟੱਬਰਾਂ ਨਾਲ ਬਹੁਤ ਵੱਡਾ ਧੋਖਾ ਹੋਇਆ ਹੈ। ਅਜਿਹੀਆਂ ਘਟਨਾਵਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆ ਦੇ ਸੁਪਨਿਆਂ ਨੂੰ ਝਟਕਾ ਦਿੰਦੀਆਂ ਹਨ। ਪਿਊਸ਼ ਦਵੇਸਰ ਪ੍ਰਧਾਨ ਯੂਥ ਵਿੰਗ ਨੇ ਕਿਹਾ ਕਿ ਇਸ ਘੁਟਾਲੇ ਦੇ ਦੇਸ਼ ਦੇ ਲੱਖਾਂ ਹੋਣ ਹਾਰ ਅਤੇ ਮਿਹਨਤੀ ਨੌਜਵਾਨ ਦੇ ਭਵਿੱਖ ਨੂੰ ਹਨੇਰੇ ਵਿੱਚ ਧੱਕ ਦਿੱਤਾ ਹੈ। ਦਿਨ ਰਾਤ ਮਿਹਨਤ ਕਰਨ ਵਾਲੇ ਵਿਦਿਆਰਥੀਆਂ ਨਾਲ ਇਹ ਬਹੁਤ ਵੱਡਾ ਧੋਖਾ ਹੈ। ਇਸ ਪੂਰੇ ਮਾਮਲੇ ਦੀ ਉੱਚ ਪੱਧਰੀ ਅਤੇ ਨਿਰਪੱਖ ਜਾਂਚ ਕਰਵਾਈ ਜਾਵੇ ਤਾਂ ਜ਼ੋ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ।

ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਦੇ ਸੂਬਾ ਪ੍ਰਧਾਨ ਪੰਜਾਬ ਦੀਆਂ ਸਮੂੰਹ ਬ੍ਰਾਹਮਣ ਸਮਾਜ ਅਤੇ ਸਭਾਵਾਂ ਨੂੰ ਇਸ ਮਾਮਲੇ ਵਿੱਚ ਇਕੱਠੇ ਹੋ ਕੇ ਇਸ ਨੀਟ ਪੇਪਰ ਲੀਕ ਘੁਟਾਲੇ ਤੇ ਇਸ ਦੇ ਵਿਰੋਧ ਤੇ ਉਪਰੋਕਤ ਮੰਗਾਂ ਮਨਵਾਉਣ ਲਈ ਰੋਸ ਪ੍ਰਦਰਸ਼ਨ ਕਰਨ ਦੀ ਅਪੀਲ ਕੀਤੀ।

# ਪਿੰਡ ਚੱਠੇ ਮਾਮਲੇ 'ਤੇ ਡੀਸੀ ਪਟਿਆਲਾ ਦਾ ਐਕਸ਼ਨ, ਏਡੀਸੀ (ਵਿਕਾਸ) ਨੂੰ ਜਾਂਚ ਦੇ ਹੁਕਮ, ਦਲਿਤ ਪਰਿਵਾਰਾਂ ਨੂੰ ਇਨਸਾਫ਼ ਮਿਲਣ ਦੀ ਉਮੀਦ: ਪਰਮਜੀਤ ਕੈਂਥ

**ਨਾਭਾ/ਚੰਡੀਗੜ੍ਹ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਚੱਠੇ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ ਵਿੱਚ ਅਨੁਸੂਚਿਤ ਜਾਤੀ ਪਰਿਵਾਰਾਂ ਨਾਲ ਹੋ ਰਹੇ ਕਥਿਤ ਸਮਾਜਿਕ ਬਾਈਕਾਟ, ਸ਼ਾਮਲਾਟ ਜ਼ਮੀਨ ਦੇ ਹੱਕਾਂ ਤੋਂ ਵਾਂਝਾ ਰੱਖਣ ਅਤੇ ਪੰਚਾਇਤੀ ਜ਼ਮੀਨ 'ਤੇ ਨਾਜਾਇਜ਼ ਕਬਜ਼ਿਆਂ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਡਿਪਟੀ ਕਮਿਸ਼ਨਰ ਪਟਿਆਲਾ ਨੇ ਜਾਂਚ ਪੜਤਾਲ ਲਈ ਐਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ) ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਪਰਮਜੀਤ ਸਿੰਘ ਕੈਂਥ ਅਤੇ ਹਰਮੀਤ ਸਿੰਘ ਨੇ ਕਿਹਾ ਕਿ ਇਹ ਕਦਮ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਵੱਲ ਇੱਕ ਸਕਾਰਾਤਮਕ ਸ਼ੁਰੂਆਤ ਹੈ। ਉਨ੍ਹਾਂ ਕਿਹਾ ਕਿ ਪਿੰਡ ਚੱਠੇ ਦੇ ਦਲਿਤ ਪਰਿਵਾਰ ਲੰਬੇ ਸਮੇਂ ਤੋਂ ਆਪਣੇ ਕਾਨੂੰਨੀ ਅਤੇ ਸੰਵਿਧਾਨਕ ਹੱਕਾਂ ਲਈ ਸੰਘਰਸ਼ ਕਰ ਰਹੇ ਹਨ ਅਤੇ ਉਨ੍ਹਾਂ ਨਾਲ ਹੋ ਰਹੇ ਕਥਿਤ ਵਿਤਕਰੇ ਅਤੇ ਸਮਾਜਿਕ ਬਾਈਕਾਟ ਦੀ ਨਿਰਪੱਖ ਜਾਂਚ ਬਹੁਤ ਜ਼ਰੂਰੀ ਹੈ।

ਕੈਂਥ ਨੇ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਐਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ) ਵੱਲੋਂ ਮਾਮਲੇ ਦੀ ਤੱਥਾਂ ਅਧਾਰਿਤ ਅਤੇ ਸਮਾਂਬੱਧ ਜਾਂਚ ਕੀਤੀ ਜਾਵੇਗੀ ਅਤੇ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਅਤੇ ਅਧਿਕਾਰੀਆਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਦੁਹਰਾਇਆ ਕਿ ਅਨੁਸੂਚਿਤ ਜਾਤੀਆਂ ਨੂੰ ਸ਼ਾਮਲਾਟ ਜ਼ਮੀਨ ਵਿੱਚ ਰਾਖਵੇਂ ਹਿੱਸੇ ਦਾ ਕਾਨੂੰਨੀ ਹੱਕ ਪ੍ਰਾਪਤ ਹੈ ਅਤੇ ਕਿਸੇ ਵੀ ਪਰਿਵਾਰ ਦਾ ਸਮਾਜਿਕ ਜਾਂ ਆਰਥਿਕ ਬਾਈਕਾਟ ਭਾਰਤੀ ਸੰਵਿਧਾਨ ਅਤੇ ਐਸਸੀ/ਐਸਟੀ (ਅੱਤਿਆਚਾਰ ਰੋਕਥਾਮ) ਐਕਟ, 1989 ਦੀ ਭਾਵਨਾ ਦੇ ਉਲਟ ਹੈ।

ਪਰਮਜੀਤ ਸਿੰਘ ਕੈਂਥ ਨੇ ਡਿਪਟੀ ਕਮਿਸ਼ਨਰ ਪਟਿਆਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਨੂੰ ਹੁਣ ਇਸ ਮਾਮਲੇ ਵਿੱਚ ਜਲਦ ਅਤੇ ਪ੍ਰਭਾਵਸ਼ਾਲੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਪੀੜਤ ਪਰਿਵਾਰਾਂ ਦੇ ਹੱਕ ਯਕੀਨੀ ਬਣਾਏ ਜਾ ਸਕਣ ਅਤੇ ਪਿੰਡ ਵਿੱਚ ਸਮਾਜਿਕ ਸਦਭਾਵਨਾ ਅਤੇ ਕਾਨੂੰਨ ਦਾ ਰਾਜ ਕਾਇਮ ਰਹੇ।

ਉਨ੍ਹਾਂ ਕਿਹਾ ਕਿ ਭਾਜਪਾ ਅਨੁਸੂਚਿਤ ਜਾਤੀ ਮੋਰਚਾ ਇਸ ਮਾਮਲੇ ਦੀ ਨਿਗਰਾਨੀ ਕਰਦਾ ਰਹੇਗਾ ਅਤੇ ਅਨੁਸੂਚਿਤ ਜਾਤੀ ਭਾਈਚਾਰੇ ਦੇ ਸੰਵਿਧਾਨਕ ਹੱਕਾਂ ਦੀ ਰੱਖਿਆ ਲਈ ਹਰ ਸੰਭਵ ਲੋਕਤੰਤਰੀ ਅਤੇ ਕਾਨੂੰਨੀ ਯਤਨ ਜਾਰੀ ਰੱਖੇਗਾ।

# ਰਿਦਮੀਆ ਸੰਗੀਤ ਅਤੇ ਨਾਚ ਦੀ ਇੱਕ ਮਨਮੋਹਕ ਪਟਿਆਲਾ ਵਿੱਚ ਆਯੋਜਿਤ ਕੀਤੀ ਜਾਵੇਗੀ

**ਪਟਿਆਲਾ, 8 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਸੱਭਿਆਚਾਰ ਮੰਤਰਾਲੇ ਅਧੀਨ ਉੱਤਰੀਖੇਤਰ ਸੱਭਿਆਚਾਰਕ ਕੇਂਦਰ ਵਲੋਂ 6 ਅਤੇ 7 ਜੂਨ, 2026 ਨੂੰ ਸ਼ਾਮ 6:30 ਵਜੇ ਕਾਲੀਦਾਸ ਆਡੀਟੋਰੀਅਮ ਵਿਖੇ ਦੋ ਦਿਨਾਂ ਸੱਭਿਆਚਾਰਕ ਤਿਉਹਾਰ, ਰਿਦਮੀਆ - ਸੰਗੀਤ ਅਤੇ ਨਾਚ ਦੀ ਤਾਲ ਦਾ ਆਯੋਜਨ ਕਰੇਗਾ।

ਇਸ ਵਿਸ਼ੇਸ਼ ਸਮਾਗਮ ਵਿੱਚ, ਦੇਸ਼ ਭਰ ਦੇ ਪ੍ਰਸਿੱਧ ਸੰਗੀਤਕਾਰ ਅਤੇ ਨ੍ਰਿਤਕ ਆਪਣੇ ਪ੍ਰਦਰਸ਼ਨਾਂ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕਰਨਗੇ। 6 ਜੂਨ ਨੂੰ, ਪ੍ਰਸਿੱਧ ਸੁਰਬਹਾਰ ਵਾਦਕ ਡਾ. ਅਸ਼ਵਿਨ ਐਮ. ਡਲਵੀ ਸ਼ਾਸਤਰੀ ਸੰਗੀਤ ਪੇਸ਼ ਕਰਨਗੇ, ਜਦੋਂ ਕਿ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਕੋਰੀਓਗ੍ਰਾਫਰ ਸੰਤੋਸ਼ ਨਾਇਰ ਆਪਣਾ ਪ੍ਰਸਿੱਧ ਨਾਚ ਨਾਟਕ, ÷ਦਿ ਗੇਮ ਆਫ਼ ਡਾਈਸ÷ ਪੇਸ਼ ਕਰਨਗੇ।

7 ਜੂਨ ਨੂੰ, ਪ੍ਰਸਿੱਧ ਸ਼ਾਸਤਰੀ ਸੰਗੀਤਕਾਰ ਪੰਡਿਤ ਸੁਭਾਸ਼ ਘੋਸ਼ ਪੇਸ਼ ਕਰਨਗੇ, ਅਤੇ ਪ੍ਰਸਿੱਧ ਕਥਕ ਨ੍ਰਿਤਕ ਡਾ. ਸਮੀਰਾ ਕੋਸਰ ਇੱਕ ਮਨਮੋਹਕ ਪ੍ਰਦਰਸ਼ਨ ਨਾਲ ਸਮਾਗਮ ਨੂੰ ਸੁੰਦਰ ਬਣਾਉਣਗੇ।

ਉੱਤਰੀਖੇਤਰ ਸੱਭਿਆਚਾਰਕ ਕੇਂਦਰ ਦੇ ਡਾਇਰੈਕਟਰ ਫੁਰਕਾਨ ਖਾਨ ਦੇ ਅਨੁਸਾਰ, ਰਿਦਮੀਆ ਦਾ ਉਦੇਸ਼ ਭਾਰਤੀ ਸ਼ਾਸਤਰੀ ਸੰਗੀਤ ਅਤੇ ਨ੍ਰਿਤ ਦੀ ਅਮੀਰ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਅਤੇ ਕਲਾ ਪ੍ਰੇਮੀਆਂ ਨੂੰ ਇੱਕ ਡੂੰਘਾ ਸੱਭਿਆਚਾਰਕ ਅਨੁਭਵ ਪ੍ਰਦਾਨ ਕਰਨਾ ਹੈ। ਇਸ ਸਮਾਗਮ ਵਿੱਚ ਦਾਖਲਾ ਮੁਫ਼ਤ ਹੋਵੇਗਾ, ਅਤੇ ਸੰਗੀਤ ਅਤੇ ਨ੍ਰਿਤ ਪ੍ਰੇਮੀਆਂ ਨੂੰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

# ਡਿਜੀਟਲ ਮੁਲਾਂਕਣ ਪ੍ਰਣਾਲੀ 'ਤੇ ਉੱਠੇ ਸਵਾਲਾਂ ਤੋਂ ਬਾਅਦ ਸੀ. ਬੀ. ਐੱਸ. ਈ. ਨੇ ਅਪਣਾਇਆ 'ਟੂਲਕਿੱਟ' ਦਾ ਰਸਤਾ

**ਕੌਮੀ ਪਤ੍ਰਿਕਾ**

ਲੁਧਿਆਣਾ 8 ਜੂਨ। ਡਿਜੀਟਲ ਚੈਕਿੰਗ ਭਾਵ ਆਨ-ਸਕ੍ਰੀਨ ਮਾਰਕਿੰਗ (ਓ. ਐੱਸ. ਐੱਮ.) ਪ੍ਰਣਾਲੀ 'ਚ ਗੜਬੜੀਆਂ ਦੀ ਪੋਲ ਖੁੱਲ੍ਹਣ ਤੋਂ ਬਾਅਦ ਚੌਤਰਫਾ ਆਲੋਚਨਾਵਾਂ ਦਾ ਸਾਹਮਣਾ ਕਰ ਰਿਹਾ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ. ਬੀ. ਐੱਸ. ਈ.) ਹੁਣ ਆਪਣੀਆਂ ਕਮੀਆਂ ਨੂੰ ਸੁਧਾਰਨ ਦੀ ਬਜਾਏ ਉਨ੍ਹਾਂ ਦਾ ਬਚਾਅ ਕਰਨ 'ਚ ਪੂਰੀ ਤਾਕਤ ਲਾ ਰਿਹਾ ਹੈ। ਓ. ਐੱਸ. ਐੱਮ. ਨੂੰ ਲੈ ਕੇ ਪੈਦਾ ਹੋਏ ਵਿਵਾਦ ਦਰਮਿਆਨ ਹੁਣ ਇਕ ਨਵਾਂ ਮਾਮਲਾ ਭਖ ਗਿਆ ਹੈ। ਸੂਤਰਾਂ ਮੁਤਾਬਕ ਮਾਮਲੇ ਨੂੰ ਰਫਾ-ਦਫਾ (ਡੈਮੇਜ ਕੰਟਰੋਲ) ਕਰਨ ਦੇ ਉਦੇਸ਼ ਨਾਲ ਬੋਰਡ ਦੇ ਖੇਤਰੀ ਦਫਤਰਾਂ ਵੱਲੋਂ ਇਸ ਹਫਤੇ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਸੋਸ਼ਲ ਮੀਡੀਆ ਲਈ ਇਕ ਖਾਸ ਗਾਈਡਲਾਈਨ (ਟੂਲਕਿੱਟ) ਭੇਜੀ ਗਈ। ਇਸ 'ਚ ਸਾਫ ਤੌਰ 'ਤੇ ਨਿਰਦੇਸ਼ ਦਿੱਤੇ ਗਏ ਸਨ ਕਿ ਉਹ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਆ ਕੇ ਬੋਰਡ ਦੀ ਇਸ ਵਿਵਾਦਿਤ ਚੈਕਿੰਗ ਪ੍ਰਣਾਲੀ ਦੇ ਪੱਖ 'ਚ ਮਾਹੌਲ ਤਿਆਰ ਕਰਨ। ਇਸ ਨਿਰਦੇਸ਼ ਤੋਂ ਬਾਅਦ ਸਰਕਾਰੀ ਕੇਂਦਰੀ ਵਿਦਿਆਲਿਆ ਅਤੇ ਜਵਾਹਰ ਨਵੋਦਿਆ ਵਿਦਿਆਲਿਆ ਸਮੇਤ ਸੈਂਕੜੇ ਸੰਸਥਾਵਾਂ ਵੱਲੋਂ ਅਜਿਹੇ ਵੀਡੀਓ ਜਾਰੀ ਕੀਤੇ ਗਏ, ਜਿਨ੍ਹਾਂ 'ਚ ਪੂਰਨ ਤੌਰ 'ਤੇ ਟੂਲਕਿੱਟ 'ਚ ਦਿੱਤੀਆਂ ਗੱਲਾਂ ਨੂੰ ਹੀ ਦੁਹਰਾਉਂਦੇ ਹੋਏ ਓ. ਐੱਸ. ਐੱਮ. ਦੀਆਂ ਤਰੀਫਾਂ ਦੇ ਪੁਲ ਬੰਨ੍ਹੇ ਗਏ। ਸਾਹਮਣੇ ਆਏ ਇਕ ਦਸਤਾਵੇਜ਼ 'ਮਟੀਰੀਅਲ ਫਾਰ ਪ੍ਰਿੰਸੀਪਲਜ਼' ਤੋਂ ਸਾਫ ਪਤਾ ਚੱਲਦਾ ਹੈ ਕਿ ਅਧਿਕਾਰੀਆਂ ਨੂੰ ਕੀ ਅਤੇ ਕਿਵੇਂ ਬੋਲਣਾ ਹੈ, ਇਸ ਦੀ ਪੂਰੀ ਸਕ੍ਰਿਪਟ ਪਹਿਲਾਂ ਹੀ ਤਿਆਰ ਸੀ। ਇਸ 'ਚ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਜਨਤਾ ਵਿਚਾਲੇ ਬੋਰਡ ਦਾ ਅਕਸ ਬੇਹੱਦ ਸਰਗਰਮ, ਸੰਵੇਦਨਸ਼ੀਲ ਅਤੇ ਸੰਵਾਦ ਕਰਨ ਵਾਲੀ ਸੰਸਥਾ ਵਜੋਂ ਪੇਸ਼ ਕਰਨ। ਇਸ ਦੇ ਨਾਲ ਹੀ ਸਕ੍ਰਿਪਟ 'ਚ ਇਹ ਵੀ ਲਿਖਿਆ ਸੀ ਕਿ ਜਦੋਂ ਵੀ ਇੰਨੇ ਵੱਡੇ ਪੱਧਰ 'ਤੇ ਕਿਸੇ ਨਵੀਂ ਤਕਨੀਕ (ਟੈਕਨਾਲੋਜੀ) ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਸ਼ੁਰੂਆਤ 'ਚ ਕੁਝ ਤਕਨੀਕੀ ਰੁਕਾਵਟਾਂ ਆਉਣਾ ਸੁਭਾਵਿਕ ਹੈ, ਜਿਸ ਤੋਂ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ ਹੈ। ਵਿਦਿਆਰਥੀਆਂ ਅਤੇ ਮਾਪਿਆਂ ਨੂੰ ਇਹ ਭਰੋਸਾ ਦਿੱਤਾ ਜਾਣਾ ਚਾਹੀਦਾ ਹੈ ਕਿ ਤਕਨੀਕੀ ਖਾਮੀਆਂ ਕਾਰਨ ਕਿਸੇ ਵੀ ਬੱਚੇ ਦਾ ਭਵਿੱਖ ਪ੍ਰਭਾਵਿਤ ਨਹੀਂ ਹੋਵੇਗਾ। ਜੇਕਰ ਕਿਸੇ ਵਿਦਿਆਰਥੀ ਨੂੰ ਆਪਣੇ ਅੰਕਾਂ ਅਤੇ ਡਿਜੀਟਲ ਸ਼ੀਟ ਦੇ ਮੁਲਾਂਕਣ 'ਚ ਕੋਈ ਫਰਕ ਨਜ਼ਰ ਆਉਂਦਾ ਹੈ, ਤਾਂ ਉਹ ਬੋਰਡ ਦੀ ਅਧਿਕਾਰਤ ਰੀ-ਇਵੈਲਿਊਏਸ਼ਨ (ਮੁੜ-ਮੁਲਾਂਕਣ) ਪ੍ਰਕਿਰਿਆ ਦਾ ਸਹਾਰਾ ਲੈ ਸਕਦਾ ਹੈ। ਨਿਰਦੇਸ਼ਾਂ ਤੋਂ ਬਾਅਦ ਸੋਸ਼ਲ ਮੀਡੀਆ, ਵਿਸ਼ੇਸ਼ ਤੌਰ 'ਤੇ ਇੰਸਟਾਗ੍ਰਾਮ ਰੀਲਾਂ 'ਤੇ ਅਜਿਹੇ ਵੀਡੀਓਜ਼ ਦੀ ਹੜ੍ਹ ਆ ਗਈ, ਜਿਨ੍ਹਾਂ 'ਚ




ਵਿਦਿਆਰਥੀ ਅਤੇ ਪ੍ਰਿੰਸੀਪਲ ਬਿਲਕੁਲ ਉਹੀ ਭਾਸ਼ਾ ਅਤੇ ਕੋਟਸ ਦੀ ਵਰਤੋਂ ਕਰਦੇ ਦਿਸੇ, ਜੋ ਬੋਰਡ ਵੱਲੋਂ ਭੇਜੇ ਗਏ ਦਸਤਾਵੇਜ਼ 'ਚ ਲਿਖੀ ਸੀ। ਹਾਲਾਂਕਿ ਸਾਰੇ ਪ੍ਰਿੰਸੀਪਲਾਂ ਨੇ ਬੋਰਡ ਦੇ ਇਸ ਫਰਮਾਨ ਨੂੰ ਸਵੀਕਾਰ ਨਹੀਂ ਕੀਤਾ। ਇਕ ਨਾਮੀ ਪ੍ਰਾਈਵੇਟ ਸਕੂਲ ਦੇ ਪ੍ਰਿੰਸੀਪਲ ਨੇ ਗੁਪਤਤਾ ਦੀ ਸ਼ਰਤ 'ਤੇ ਦੱਸਿਆ ਕਿ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਸ ਡਿਜੀਟਲ ਚੈਕਿੰਗ ਕਾਰਨ ਬੱਚਿਆਂ ਨੂੰ ਕਿੰਨਾ ਮਾਨਸਿਕ ਤਣਾਅ ਝੱਲਣਾ ਪਿਆ ਹੈ। ਅਜਿਹੇ 'ਚ ਖੇਤਰੀ ਦਫਤਰ ਦੇ ਮੁਖੀ ਵੱਲੋਂ ਭੇਜੀ ਇਸ ਸਮੱਗਰੀ ਦੇ ਆਧਾਰ 'ਤੇ ਬੋਰਡ ਦਾ ਅੰਨ੍ਹਾ ਸਮਰਥਨ ਕਰਨਾ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਰਗਾ ਹੈ। ਇਹੀ ਵਜ?ਹਾ ਹੈ ਕਿ ਉਨ੍ਹਾਂ ਨੇ ਇਸ ਦੇ ਪੱਖ 'ਚ ਕੋਈ ਵੀ ਵੀਡੀਓ ਜਾਰੀ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਇਸ ਪੂਰੇ ਘਟਨਾਕ੍ਰਮ 'ਤੇ ਜਿੱਥੇ ਮੁੱਖ ਬੁਲਾਰੇ ਨੇ ਪੂਰੀ ਤਰ੍ਹਾਂ ਚੁੱਪ ਧਾਰੀ ਹੋਈ ਹੈ, ਉੱਥੇ ਹੀ ਇਕ ਹੋਰ ਸੀਨੀਅਰ ਅਧਿਕਾਰੀ ਨੇ ਨਾਮ ਉਜਾਗਰ ਨਾ ਕਰਨ ਦੀ ਸ਼ਰਤ 'ਤੇ ਦਾਅਵਾ ਕੀਤਾ ਕਿ ਬੋਰਡ ਨੇ ਕਿਸੇ ਨੂੰ ਵੀ ਜ਼ਬਰਦਸਤੀ ਵੀਡੀਓ ਬਣਾਉਣ ਦਾ ਕੋਈ ਆਦੇਸ਼ ਨਹੀਂ ਦਿੱਤਾ ਸੀ। ਦੂਜੇ ਪਾਸੇ 26 ਮਈ ਦੀ ਤੈਅ ਸਮਾਂ-ਹੱਦ ਤੱਕ 12ਵੀਂ ਜਮਾਤ ਦੇ ਕਰੀਬ 18 ਲੱਖ ਵਿਦਿਆਰਥੀਆਂ 'ਚੋਂ ਹਰ ਚੌਥੇ ਵਿਦਿਆਰਥੀ ਨੇ ਆਪਣੀਆਂ ਉੱਤਰ-ਪੱਤਰੀਆਂ ਦੀ ਸਕੈਨ ਕਾਪੀ ਲਈ ਅਪਲਾਈ ਕਰ ਦਿੱਤਾ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਅਰਜ਼ੀਆਂ 'ਚ 208 ਫੀਸਦੀ ਤੋਂ ਵੱਧ ਦਾ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ। ਇਸ ਭਾਰੀ ਉਛਾਲ ਦੀ ਮੁੱਖ ਵਜ?ਹਾ ਫੀਸ ਨੂੰ 700 ਰੁਪਏ ਤੋਂ ਘਟਾ ਕੇ ਮਾਤਰ 100 ਰੁਪਏ ਕਰਨਾ ਮੰਨਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ 13 ਮਈ ਨੂੰ ਐਲਾਨੇ 12ਵੀਂ ਦੇ ਨਤੀਜਿਆਂ 'ਚ ਇਸ ਵਾਰ ਕੁੱਲ ਪਾਸ ਫੀਸਦੀ ਪਿਛਲੇ ਸਾਲ ਦੇ 88.39 ਫੀਸਦੀ ਤੋਂ ਡਿੱਗ ਕੇ 85.20 ਫੀਸਦੀ 'ਤੇ ਆ ਗਈ ਹੈ। ਇਸ ਸਾਲ ਕਰੀਬ 98 ਲੱਖ ਕਾਪੀਆਂ ਦਾ ਮੁਲਾਂਕਣ ਓ. ਐੱਸ. ਐੱਮ. ਰਾਹੀਂ ਡਿਜੀਟਲ ਤਰੀਕੇ ਨਾਲ ਹੋਇਆ, ਜਦੋਂਕਿ ਸਿਰਫ 13000 ਕਾਪੀਆਂ ਹੀ ਰਵਾਇਤੀ (ਮੈਨੂਅਲ) ਤਰੀਕੇ ਨਾਲ ਜਾਂਚੀਆਂ ਗਈਆਂ। ਜਦੋਂ ਵਿਦਿਆਰਥੀਆਂ ਦੇ ਹੱਥ 'ਚ ਉਨ੍ਹਾਂ ਦੀਆਂ ਕਾਪੀਆਂ ਦੀ ਸਕੈਨ ਕਾਪੀ ਆਈ, ਤਾਂ ਉਨ੍ਹਾਂ ਨੇ ਸਟੈੱਪ ਵਾਈਜ਼ ਮਾਰਕਿੰਗ ਨਾ ਹੋਣ, ਉੱਤਰ-ਪੱਤਰੀਆਂ 'ਚ ਹੇਰ-ਫੇਰ ਹੋਣ ਅਤੇ ਬਹੁ-ਬਦਲ ਪ੍ਰਸ਼ਨਾਂ 'ਚ ਗਲਤ ਤਰੀਕੇ ਨਾਲ ਨੰਬਰ ਕੱਟੇ ਜਾਣ ਦੀਆਂ ਗੰਭੀਰ ਖਾਮੀਆਂ ਉਜਾਗਰ ਕੀਤੀਆਂ। ਵਿਸ਼ੇਸ਼ ਤੌਰ 'ਤੇ ਫਿਜ਼ਿਕਸ, ਕੈਮਿਸਟਰੀ, ਬਾਇਓਲੋਜੀ ਅਤੇ ਮੈਥਸ ਵਰਗੇ ਮੁੱਖ ਵਿਸ਼ਿਆਂ 'ਚ ਘੱਟ ਅੰਕ ਆਉਣ ਤੋਂ ਬਾਅਦ ਹੀ ਵਿਦਿਆਰਥੀਆਂ ਨੂੰ ਦੁਬਾਰਾ ਜਾਂਚ (ਰੀ-ਇਵੈਲਿਊਏਸ਼ਨ) ਦਾ ਬਦਲ ਦਿੱਤਾ ਗਿਆ ਸੀ।

## ਕਪੂਰਥਲਾ 'ਚ ਦਰਦਨਾਕ ਹਾਦਸਾ, ਵੇਈਂ ਨਦੀ 'ਚ ਡੁੱਬਣ ਨਾਲ 16 ਮੱਝਾਂ ਦੀ ਮੌਤ

ਕਪੂਰਥਲਾ 8 ਜੂਨ। ਕਪੂਰਥਲਾ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਕਪੂਰਥਲਾ ਜ਼ਿਲ੍ਹੇ ਦੇ ਨਵਾਂ ਪਿੰਡ ਭੱਟੇ ਵਿੱਚ ਇਕ ਬੇਹੱਦ ਮੰਦਭਾਗੀ ਘਟਨਾ ਵਾਪਰੀ ਹੈ, ਜਿੱਥੇ ਵੇਈਂ ਨਦੀ ਵਿੱਚ ਡੁੱਬਣ ਕਾਰਨ 16 ਮੱਝਾਂ ਦੀ ਮੌਤ ਹੋ ਗਈ। ਇਸ ਹਾਦਸੇ ਨਾਲ ਪਸ਼ੂ ਪਾਲਕ ਦਾ ਭਾਰੀ ਆਰਥਿਕ ਨੁਕਸਾਨ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਮੱਝਾਂ ਵੇਈਂ ਨਦੀ ਵਿੱਚ ਸਨ। ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਲੋਕ ਮਦਦ ਲਈ ਅੱਗੇ ਆਏ। ਲੋਕਾਂ ਦੀਆਂ ਕੋਸ਼ਿਸ਼ਾਂ ਸਦਕਾ 3 ਮੱਝਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਪਰ ਬਾਕੀ 16 ਮੱਝਾਂ ਨੂੰ ਬਚਾਇਆ ਨਹੀਂ ਜਾ ਸਕਿਆ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਸੋਗ ਦੀ ਲਹਿਰ ਹੈ। ਜਾਣਕਾਰੀ ਮੁਤਾਬਕ ਪਰਿਵਾਰ ਰੋਜ਼ਾਨਾ ਵਾਂਗ ਆਪਣੇ ਪਸ਼ੂਆਂ ਨੂੰ ਬਾਹਰ ਲੈ ਕੇ ਗਿਆ ਹੋਇਆ ਸੀ। ਇਸੇ ਦੌਰਾਨ ਕਈ ਮੱਝਾਂ ਡੂੰਘੇ ਪਾਣੀ ਵਿਚ ਚਲੇ ਗਈਆਂ ਅਤੇ ਡੁੱਬਣ ਲੱਗ ਪਈਆਂ। ਘਟਨਾ ਦਾ ਪਤਾ ਚੱਲਦੇ ਹੀ ਆਲੇ-ਦੁਆਲੇ ਦੇ ਲੋਕ ਮੌਕੇ 'ਤੇ ਪਹੁੰਚੇ ਅਤੇ ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਤਿੰਨ ਮੱਝਾਂ ਨੂੰ ਬਚਾਇਆ ਪਰ 16 ਹੋਰਾਂ ਨੂੰ ਨਹੀਂ ਬਚਾਇਆ ਜਾ ਸਕਿਆ। ਪੀੜਤ ਪਰਿਵਾਰ ਮੁਤਾਬਕ ਹਾਦਸੇ ਵਿੱਚ ਉਨ੍ਹਾਂ ਨੂੰ ਲਗਭਗ 20 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਪਰਿਵਾਰ ਦਾ ਕਹਿਣਾ ਹੈ ਕਿ ਪਸ਼ੂ ਪਾਲਣ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਮੁੱਖ ਸਾਧਨ ਸੀ ਅਤੇ ਇੰਨੀ ਵੱਡੀ ਗਿਣਤੀ ਵਿੱਚ ਮੱਝਾਂ ਦੀ ਇਕੋ ਸਮੇਂ ਮੌਤ ਨੇ ਉਨ੍ਹਾਂ ਲਈ ਵਿੱਤੀ ਸੰਕਟ ਪੈਦਾ ਕਰ ਦਿੱਤਾ ਹੈ। ਹਾਸ਼ਮਦੀਨ ਗੁੱਜਰ ਪਰਿਵਾਰ ਨੇ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਤੋਂ ਵਿੱਤੀ ਸਹਾਇਤਾ ਦੀ ਮੰਗ ਕੀਤੀ ਹੈ। ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਨੁਕਸਾਨ ਦਾ ਉਚਿਤ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਆਪਣਾ ਕੰਮ ਦੋਬਾਰਾ ਸ਼ੁਰੂ ਕਰ ਸਕਣ ਅਤੇ ਆਪਣੇ ਪਰਿਵਾਰ ਦਾ ਸਮਰਥਨ ਕਰ ਸਕਣ।

## ਮੋਗਾ ਵਿਖੇ ਖਾਲੀ ਪਲਾਟ 'ਚੋਂ ਮਿਲੀ ਵਿਅਕਤੀ ਦੀ ਲਾਸ਼, ਹੱਥ ਵਿਚ ਮਿਲਿਆ ਜ਼ਹਿਰੀਲਾ ਟੀਕਾ

ਮੋਗਾ 8 ਜੂਨ। ਮੋਗਾ ਸ਼ਹਿਰ ਦੀ ਇਕ ਬਸਤੀ ਨੇੜੇ ਸਥਿਤ ਖਾਲੀ ਪਲਾਟ ਵਿੱਚੋਂ ਇਕ ਵਾਰ ਫਿਰ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲਣ ਨਾਲ ਇਲਾਕੇ ਵਿੱਚ ਸਨਸਨੀ ਫੈਲ ਗਈ। ਇਹ ਘਟਨਾ ਨਾ ਸਿਰਫ਼ ਲੋਕਾਂ ਨੂੰ ਝੰਝੋੜ ਕੇ ਰੱਖ ਰਹੀ ਹੈ, ਸਗੋਂ ਨਸ਼ਿਆਂ ਦੇ ਵੱਧ ਰਹੇ ਪ੍ਰਭਾਵ ਅਤੇ ਲਗਾਤਾਰ ਹੋ ਰਹੀਆਂ ਅਜਿਹੀਆਂ ਮੌਤਾਂ ਬਾਰੇ ਵੀ ਕਈ ਸਵਾਲ ਖੜ੍ਹੇ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਗਿੱਲ ਰੋਡ ਤੋਂ ਸਾਧਾਂ ਵਾਲੀ ਬਸਤੀ ਨੂੰ ਜਾਂਦੇ ਰਸਤੇ 'ਚ ਪੈਂਦੇ ਇਕ ਖਾਲੀ ਪਲਾਟ ਵਿਚ ਵਿਅਕਤੀ ਦੀ ਲਾਸ਼ ਪਈ ਹੋਣ ਦੀ ਸੂਚਨਾ ਸਥਾਨਕ ਲੋਕਾਂ ਵੱਲੋਂ ਪੁਲਸ ਨੂੰ ਦਿੱਤੀ ਗਈ। ਜਦੋਂ ਲੋਕ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ ਨੇ ਇਕ ਵਿਅਕਤੀ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਪਿਆ ਵੇਖਿਆ, ਜਿਸ ਦੀ ਮੌਤ ਹੋ ਚੁੱਕੀ ਸੀ। ਇਸ ਦੀ ਇਕ ਵੀਡੀਓ ਵੀ ਸਾਹਮਣੇ ਆਈ ਹੈ। ਘਟਨਾ ਨਾਲ ਸੰਬੰਧਤ ਵੀਡੀਓ ਵਿੱਚ ਸਾਫ਼ ਤੌਰ 'ਤੇ ਵਿਖਾਈ ਦੇ ਰਿਹਾ ਹੈ ਕਿ ਮ੍ਰਿਤਕ ਦੇ ਹੱਥ 'ਚ ਇਕ ਟੀਕਾ ਫੜਿਆ ਹੋਇਆ ਹੈ। ਹਾਲਾਂਕਿ ਟੀਕੇ ਵਿੱਚ ਕੀ ਪਦਾਰਥ ਸੀ ਅਤੇ ਮੌਤ ਦਾ ਅਸਲ ਕਾਰਨ ਕੀ ਹੈ, ਇਸ ਬਾਰੇ ਅਜੇ ਤੱਕ ਕੋਈ ਅਧਿਕਾਰਕ ਪੁਸ਼ਟੀ ਨਹੀਂ ਹੋਈ। ਇਸ ਲਈ ਮੌਤ ਦੇ ਕਾਰਨਾਂ ਬਾਰੇ ਅੰਤਿਮ ਨਤੀਜਾ ਪੁਲਸ ਜਾਂ ਮੈਡੀਕਲ ਜਾਂਚ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਸਾਹਮਣੇ ਆ ਸਕੇਗਾ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਮ੍ਰਿਤਕ ਨਸ਼ੇ ਦਾ ਆਦੀ ਲੱਗਦਾ ਸੀ ਪਰ ਇਸ ਦੀ ਪੁਸ਼ਟੀ ਜਾਂਚ ਤੋਂ ਬਾਅਦ ਹੀ ਹੋਵੇਗੀ। ਸੂਚਨਾ ਮਿਲਦੇ ਹੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਘਟਨਾ ਸਥਾਨ ਦਾ ਜਾਇਜ਼ਾ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਸਮਾਜ ਸੇਵਾ ਸੁਸਾਇਟੀ ਦੇ ਸੇਵਾਦਾਰਾਂ ਨੂੰ ਬੁਲਾਇਆ ਗਿਆ, ਜਿਨ੍ਹਾਂ ਨੇ ਪੁਲਸ ਦੀ ਮੌਜੂਦਗੀ ਵਿੱਚ ਲਾਸ਼ ਨੂੰ ਖਾਲੀ ਪਲਾਟ ਵਿੱਚੋਂ ਬਾਹਰ ਕੱਢ ਕੇ ਆਪਣੀ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਮੋਗਾ ਪਹੁੰਚਾਇਆ। ਮ੍ਰਿਤਕ ਵਿਅਕਤੀ ਨੇ ਨੀਲੇ ਰੰਗ ਦੀ ਟੀ-ਸ਼ਰਟ ਅਤੇ ਲੋਅਰ ਪਹਿਨੀ ਹੋਈ ਹੈ। ਲਾਸ਼ ਨੂੰ ਸ਼ਨਾਖ਼ਤ ਲਈ 72 ਘੰਟਿਆਂ ਵਾਸਤੇ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ। ਪੁਲਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਪਰਿਵਾਰ ਦਾ ਕੋਈ ਮੈਂਬਰ ਲਾਪਤਾ ਹੈ ਜਾਂ ਮ੍ਰਿਤਕ ਦੇ ਹੂ-ਬ-ਹੂ ਵੇਰਵੇ ਨਾਲ ਮੇਲ ਖਾਂਦਾ ਹੈ ਤਾਂ ਉਹ ਥਾਣਾ ਸਿਟੀ-2 ਮੋਗਾ ਦੇ ਐੱਸ. ਐੱਚ. ਓ. ਗੁਰਵਿੰਦਰ ਸਿੰਘ ਭੁੱਲਰ ਨਾਲ ਸੰਪਰਕ ਕਰਨ ਜਾਂ ਸਮਾਜ ਸੇਵਾ ਸੁਸਾਇਟੀ ਤੋਂ ਜਾਣਕਾਰੀ ਪ੍ਰਾਪਤ ਕਰਨ। ਇਥੇ ਸਭ ਤੋਂ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਮੋਗਾ ਦੇ ਵੱਖ-ਵੱਖ ਖਾਲੀ ਪਲਾਟਾਂ ਅਤੇ ਸੁੰਨਸਾਨ ਥਾਵਾਂ ਤੋਂ ਲਗਾਤਾਰ ਲਾਸ਼ਾਂ ਮਿਲਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ।

## ਬੰਬ ਨਾਲ ਉਡਾਉਣ ਦੀ ਧਮਕੀ ਤੋਂ ਬਾਅਦ ਬਾਬਾ ਮੁਕਤੇਸ਼ਵਰ ਮੰਦਰ ਦੀ ਸੁਰੱਖਿਆ ਸਖ਼ਤ

ਪਠਾਨਕੋਟ 8 ਜੂਨ। ਪਠਾਨਕੋਟ ਦੇ ਪ੍ਰਸਿੱਧ ਅਤੇ ਇਤਿਹਾਸਕ ਬਾਬਾ ਮੁਕਤੇਸ਼ਵਰ ਮੰਦਰ ਨੂੰ ਬੰਬ ਨਾਲ ਉਡਾਉਣ ਸਬੰਧੀ ਈ-ਮੇਲ ਰਾਹੀਂ ਮਿਲੀ ਧਮਕੀ ਤੋਂ ਬਾਅਦ ਜ਼ਿਲ੍ਹੇ ਭਰ ਵਿੱਚ ਹੜਕੰਪ ਮਚ ਗਿਆ ਹੈ। ਧਮਕੀ ਮਿਲਣ ਉਪਰੰਤ ਪੰਜਾਬ ਪੁਲਸ ਤੁਰੰਤ ਅਲਰਟ ਮੋਡ 'ਤੇ ਆ ਗਈ ਅਤੇ ਮੰਦਰ ਸਮੇਤ ਆਸ-ਪਾਸ ਦੇ ਇਲਾਕੇ ਵਿੱਚ ਸੁਰੱਖਿਆ ਪ੍ਰਬੰਧ ਹੋਰ ਸਖ਼ਤ ਕਰ ਦਿੱਤੇ ਗਏ ਹਨ। ਮਿਲੀ ਜਾਣਕਾਰੀ ਅਨੁਸਾਰ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਮੰਦਰ ਦੇ ਮੁੱਖ ਪ੍ਰਵੇਸ਼ ਦੁਆਰਾਂ 'ਤੇ ਪੁਲਸ ਦੀਆਂ ਵਿਸ਼ੇਸ਼ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਮੰਦਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਹਰ ਸ਼ਰਧਾਲੂ ਦੇ ਬੈਗ ਅਤੇ ਹੋਰ ਸਾਮਾਨ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਮੰਦਰ ਵੱਲ ਆਉਣ-ਜਾਣ ਵਾਲੇ ਵਾਹਨਾਂ ਦੀ ਵੀ ਗਹਿਰਾਈ ਨਾਲ ਤਲਾਸ਼ੀ ਲਈ ਜਾ ਰਹੀ ਹੈ। ਸੁਰੱਖਿਆ ਨੂੰ ਹੋਰ ਮਜ਼ਬੂਤ ਬਣਾਉਣ ਲਈ ਮੰਦਰ ਪ੍ਰਬੰਧਕ ਕਮੇਟੀ ਵੀ ਪ੍ਰਸ਼ਾਸਨ ਨਾਲ ਮਿਲ ਕੇ ਪੂਰੀ ਤਰ੍ਹਾਂ ਮੁਸਤੈਦ ਹੈ। ਕਮੇਟੀ ਵੱਲੋਂ ਮੰਦਰ ਵਿੱਚ ਆਉਣ ਵਾਲੇ ਹਰ ਸ਼ਰਧਾਲੂ ਦਾ ਨਾਮ, ਪਤਾ ਅਤੇ ਮੋਬਾਈਲ ਨੰਬਰ ਰਜਿਸਟਰ ਵਿੱਚ ਦਰਜ ਕੀਤਾ ਜਾ ਰਿਹਾ ਹੈ। ਬਿਨਾਂ ਪਛਾਣ ਅਤੇ ਐਂਟਰੀ ਦੇ ਕਿਸੇ ਵੀ ਵਿਅਕਤੀ ਨੂੰ ਮੰਦਰ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਇਸ ਤੋਂ ਇਲਾਵਾ ਮੰਦਰ ਪਰਿਸਰ ਅਤੇ ਆਸ-ਪਾਸ ਦੇ ਇਲਾਕੇ 'ਤੇ ਸੀਸੀਟੀਵੀ ਕੈਮਰਿਆਂ ਰਾਹੀਂ 24 ਘੰਟੇ ਨਿਗਰਾਨੀ ਰੱਖੀ ਜਾ ਰਹੀ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਥਿਤੀ 'ਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ ਅਤੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ। ਪੁਲਸ ਨੇ ਲੋਕਾਂ ਨੂੰ ਅਫਵਾਹਾਂ ਤੋਂ ਦੂਰ ਰਹਿਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਤੁਰੰਤ ਪ੍ਰਸ਼ਾਸਨ ਨਾਲ ਸਾਂਝੀ ਕਰਨ ਦੀ ਅਪੀਲ ਕੀਤੀ ਹੈ।

# ਲੁਧਿਆਣਾ 'ਚ ਮਨੀ ਟਰਾਂਸ.ਫਰ ਦੀਆਂ ਦੁਕਾਨਾਂ ਨੂੰ ਨਿਸ਼ਾਨਾ ਬਣਾ ਰਿਹੈ ਠੱਗ !

**ਕੌਮੀ ਪਤ੍ਰਿਕਾ**

ਲੁਧਿਆਣਾ 8 ਜੂਨ। ਮਹਾਨਗਰ ਵਿਚ ਇਨ੍ਹੀਂ ਦਿਨੀਂ ਇਕ ਬੇਹੱਦ ਸ਼ਾਤਰ ਦਿਮਾਗ ਠੱਗ ਸਰਗਰਮ ਹੈ, ਜੋ ਮਨੀ ਟ?ਰਾਂਸਫਰ ਦੀਆਂ ਦੁਕਾਨਾਂ 'ਤੇ ਪਲਕ ਝਪਕਦੇ ਹੀ ਹੱਥ ਸਾਫ ਕਰ ਰਿਹਾ ਹੈ। ਸ਼ਿੰਗਾਰ ਸਿਨੇਮਾ ਰੋਡ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਇਸ ਐਕਟਿਵਾ ਸਵਾਰ ਠੱਗ ਨੇ ਦਹਿਸ਼ਤ ਮਚਾਈ ਹੋਈ ਹੈ। ਤਾਜ਼ਾ ਮਾਮਲੇ ਵਿਚ, ਇਸ ਠੱਗ ਨੇ ਇਕ ਮਨੀ ਟ?ਰਾਂਸਫਰ ਦੁਕਾਨਦਾਰ ਨੂੰ ਗੱਲਾਂ ਵਿਚ ਫਸਾ ਕੇ 10,000 ਰੁਪਏ ਦੀ ਠੱਗੀ ਮਾਰੀ ਅਤੇ ਬੜੀ ਆਸਾਨੀ ਨਾਲ ਫਰਾਰ ਹੋ ਗਿਆ। ਇਹ ਸਾਰੀ ਵਾਰਦਾਤ ਦੁਕਾਨ ਦੇ ਬਾਹਰ ਲੱਗੇ 33"ੀ ਕੈਮਰੇ ਵਿਚ ਕੈਦ ਹੋ ਗਈ ਹੈ। ਪੀੜਤ ਦੁਕਾਨਦਾਰ ਅਮਨ ਸਭਰਵਾਲ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਦੇਰ ਸ਼ਾਮ ਇਕ ਅਣਪਛਾਤਾ ਵਿਅਕਤੀ ਐਕਟਿਵਾ 'ਤੇ ਸਵਾਰ ਹੋ ਕੇ ਉਸ ਦੀ ਦੁਕਾਨ 'ਤੇ ਆਇਆ। ਉਸ ਨੇ ਬੜੇ ਭਰੋਸੇ ਨਾਲ ਆਪਣੇ ਖਾਤੇ ਵਿਚ 10,000 ਰੁਪਏ ਆਨਲਾਈਨ ਟ?ਰਾਂਸਫਰ ਕਰਨ ਲਈ ਕਿਹਾ। ਜਦੋਂ ਅਮਨ ਨੇ ਸੁਰੱਖਿਆ ਵਜੋਂ ਪਹਿਲਾਂ ਨਕਦ ਪੈਸੇ ਮੰਗੇ, ਤਾਂ ਠੱਗ ਨੇ ਬੜੀ ਮਾਸੂਮੀਅਤ ਨਾਲ ਕਿਹਾ, ਭਾਈ





ਸਾਬ?ਹ, ਮੈਂ ਕਿਤੇ ਭੱਜਿਆ ਨਹੀਂ ਜਾ ਰਿਹਾ, ਤੁਸੀਂ ਪੈਸੇ ਪਾ ਦਿਓ, ਮੈਂ ਇੱਥੇ ਹੀ ਖੜ੍ਹਾ ਹਾਂ। ਦੁਕਾਨਦਾਰ ਉਸ ਦੀਆਂ ਗੱਲਾਂ ਵਿਚ ਆ ਗਿਆ ਅਤੇ ਜਿਵੇਂ ਹੀ ਪੈਸੇ ਟ?ਰਾਂਸਫਰ ਕਰਕੇ ਮੋਬਾਈਲ 'ਤੇ ਸਕ੍ਰੀਨਸ਼ਾਟ ਦਿਖਾਇਆ, ਠੱਗ ਨੇ ਜੇਬਾਂ ਫਰੋਲਣ ਦਾ ਡਰਾਮਾ ਸ਼ੁਰੂ ਕਰ ਦਿੱਤਾ। ਠੱਗ ਨੇ ਜੇਬ ਵਿਚ ਪੈਸੇ ਨਾ ਹੋਣ ਦਾ ਬਹਾਨਾ ਬਣਾਇਆ ਅਤੇ ਕਿਹਾ ਕਿ ਉਹ ਆਪਣੀ ਐਕਟਿਵਾ ਦੀ ਡਿੱਗੀ ਵਿਚੋਂ ਪੈਸੇ ਕੱਢ ਕੇ ਹੁਣੇ ਦਿੰਦਾ ਹੈ। ਸ਼ਾਤਰ ਅਪਰਾਧੀ ਨੇ ਆਪਣੀ ਐਕਟਿਵਾ ਪਹਿਲਾਂ ਹੀ ਸਟਾਰਟ ਛੱਡੀ ਹੋਈ ਸੀ। ਜਿਵੇਂ ਹੀ ਉਹ ਡਿੱਗੀ ਕੋਲ ਪਹੁੰਚਿਆ, ਪੈਸੇ ਕੱਢਣ ਦੀ ਬਜਾਏ ਉਹ ਤੁਰੰਤ ਐਕਟਿਵਾ 'ਤੇ ਸਵਾਰ ਹੋ ਕੇ ਤੇਜ਼ੀ ਨਾਲ ਰਫੂਚੱਕਰ ਹੋ ਗਿਆ। ਦੁਕਾਨਦਾਰ ਨੇ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਇਸ ਘਟਨਾ ਤੋਂ ਬਾਅਦ ਇਕ ਹੋਰ ਮਨੀ ਟ?ਰਾਂਸਫਰ ਦੁਕਾਨਦਾਰ ਸਚਿਨ ਨੇ ਖੁਲਾਸਾ ਕੀਤਾ ਕਿ ਤਿੰਨ-ਚਾਰ ਦਿਨ ਪਹਿਲਾਂ ਇਹੀ ਠੱਗ ਉਸ ਦੀ ਦੁਕਾਨ 'ਤੇ ਵੀ ਆਇਆ ਸੀ ਅਤੇ ਇਸੇ ਤਰ੍ਹਾਂ ਝਾਂਸਾ ਦੇ ਕੇ 10,000 ਰੁਪਏ ਆਨਲਾਈਨ ਪਵਾ ਕੇ ਫਰਾਰ ਹੋ ਗਿਆ ਸੀ। ਇਸ ਤੋਂ ਸਪੱਸ਼ਟ ਹੈ ਕਿ ਇਹ ਠੱਗ ਯੋਜਨਾਬੱਧ ਤਰੀਕੇ ਨਾਲ ਸਿਰਫ਼ ਮਨੀ ਟ?ਰਾਂਸਫਰ ਵਾਲਿਆਂ ਨੂੰ ਹੀ ਸ਼ਿਕਾਰ ਬਣਾ ਰਿਹਾ ਹੈ। ਪੁਲਸ ਨੇ ਸੀ.ਸੀ.ਟੀ.ਵੀ. ਫੁਟੇਜ ਕਬਜ਼ੇ ਵਿਚ ਲੈ ਕੇ ਠੱਗ ਦੀ ਭਾਲ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਨੂੰ ਜਾਤ-ਪਾਤ ਤੇ ਧਰਮ ਦੇ ਚਸ਼ਮੇ ਨਾਲ ਵੇਖਣ ਵਾਲਿਆਂ ਦਾ ਹੋਵੇਗਾ ਬੇੜਾ ਗਰਕ: ਸੁਨੀਲ ਜਾਖੜ

**ਕੌਮੀ ਪਤ੍ਰਿਕਾ**

ਚੰਡੀਗੜ੍ਹ 8 ਜੂਨ। ਪੰਜਾਬ ਭਾਜਪਾ ਦਾ ਨਵ-ਨਿਯੁਕਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਅੱਜ ਆਪਣਾ ਅਹੁਦਾ ਸੰਭਾਲਿਆ। ਇਸ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਨਵੇਂ ਬਣੇ ਪ੍ਰਧਾਨ ਨੂੰ ਵਿਰੋਧੀ ਪਾਰਟੀਆਂ 'ਤੇ ਤਿੱਖੇ ਨਿਸ਼ਾਨੇ ਵਿੰਨ੍ਹੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਸੱਤਾਧਿਰ ਅਤੇ ਵਿਰੋਧੀ ਪਾਰਟੀ ਦੋਹਾਂ ਨੇ ਹੀ ਧੋਖਾ ਦਿੱਤਾ ਹੈ। ਕੇਵਲ ਸਿੰਘ ਢਿੱਲੋਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਜਾਖੜ ਨੇ ਕਿਹਾ ਕਿ ਇਹ ਅਹੁਦਾ ਮਿਲਣਾ ਇਸ ਗੱਲ ਦਾ ਸਬੂਤ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਤੁਹਾਡੇ ਵਿਚ ਵਿਸ਼ਵਾਸ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਇਕ ਅਹੁਦਾ ਨਹੀਂ ਜ਼ਿੰਮੇਵਾਰੀ ਹੈ, ਤੇ ਨਾਲ ਹੀ ਇਹ ਭਰੋਸਾ ਵੀ ਜਤਾਇਆ ਕਿ ਕੇਵਲ ਢਿੱਲੋਂ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਣਗੇ। ਇਸ ਮੌਕੇ ਉਨ੍ਹਾਂ ਅਕਾਲੀ-ਭਾਜਪਾ ਗੱਠਜੋੜ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਜਪਾ ਦਾ ਇਤਿਹਾਸ ਕੁਰਬਾਨੀਆਂ ਤੇ ਤਿਆਗ ਵਾਲਾ ਰਿਹਾ ਹੈ ਤੇ ਉਸ ਵੇਲੇ ਪੰਜਾਬ ਦੀ ਭਾਈਚਾਰਕ ਸਾਂਝ ਸਿੰਘ ਢਿੱਲੋਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ



ਜਾਖੜ ਨੇ ਕਿਹਾ ਕਿ ਇਹ ਅਹੁਦਾ ਮਿਲਣਾ ਇਸ ਗੱਲ ਦਾ ਸਬੂਤ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਤੁਹਾਡੇ ਵਿਚ ਵਿਸ਼ਵਾਸ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਇਕ ਅਹੁਦਾ ਨਹੀਂ ਜ਼ਿੰਮੇਵਾਰੀ ਹੈ, ਨੂੰ ਕਾਇਮ ਰੱਖਣ ਲਈ ਇਕ ਨੈਸ਼ਨਲ ਪਾਰਟੀ ਨੇ ਛੋਟੇ ਭਰਾ ਦੀ ਭੂਮਿਕਾ ਕਬੂਲ ਕੇ ਇਕ ਖੇਤਰੀ ਪਾਰਟੀ ਨਾਲ ਸਮਝੌਤਾ ਕੀਤਾ ਸੀ। ਉਨ੍ਹਾਂ ਕਿਹਾ ਕਿ ਇਕ ਵਾਰ ਫ਼?ਰ ਸਾਡੀ ਭਾਈਚਾਰਕ ਸਾਂਝ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅੱਜ ਜਦੋਂ ਫ਼?ਰ ਤੋਂ ਭਾਜਪਾ ਦਾ ਪਰਚਮ ਪੰਜਾਬ ਵਿਚ ਲਹਿਰਾਉਣ ਲੱਗਿਆ ਹੈ ਤਾਂ ਭਾਈਚਾਰਕ ਸਾਂਝ ਨੂੰ ਢਾਹ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਾਖੜ ਨੇ ਵਿਰੋਧੀਆਂ ਨੂੰ ਜਵਾਬ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਕੇਵਲ ਸਿੰਘ ਢਿੱਲੋਂ ਵਿਚ ਹਿੰਦੂ ਜਾਂ ਸਿੱਖ ਨਹੀਂ ਦਿਖਦਾ, ਸਗੋਂ ਇਕ ਪੰਜਾਬੀ ਦਿਸਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਜਾਤ-ਪਾਤ ਤੇ ਧਰਮ ਦੇ ਚਸ਼ਮੇ ਨਾਲ ਨਹੀਂ ਦੇਖ ਸਕਦੇ, ਜਿਹੜੀ ਵੀ ਪਾਰਟੀ ਦੇਖੇਗੀ, ਉਸ ਦਾ ਬੇੜਾ ਗਰਕ ਹੋਵੇਗਾ ਤੇ ਇਹ ਹੋਣਾ ਵੀ ਚਾਹੀਦਾ ਹੈ। ਉਨ੍ਹਾਂ ਭਾਜਪਾ ਦੇ ਵਰਕਰਾਂ ਨੂੰ ਕਿਹਾ ਕਿ ਪ੍ਰਧਾਨ ਦੀ ਕੁਰਸੀ 'ਤੇ ਜਿਹੜਾ ਮਰਜ਼ੀ ਬੈਠੇ, ਭਾਜਪਾ ਦਾ ਟੀਚਾ ਜਾਂ ਸੋਚ ਨਹੀਂ ਬਦਲੀ, ਸਾਡਾ ਟੀਚਾ ਪੰਜਾਬ ਨੂੰ ਬਚਾਉਣ ਦਾ ਹੈ।

## ਬੇਕਾਬੂ ਕੰਟੇਨਰ ਪੁਲੀ ਤੋੜ ਕੇ ਪਲਟਿਆ, ਚਾਲਕ ਤੇ ਸਹਿ-ਚਾਲਕ ਗੰਭੀਰ ਜ਼ਖ਼ਮੀ

ਮੁਕੇਰੀਆਂ 8 ਜੂਨ। ਜਲੰਧਰ-ਪਠਾਨਕੋਟ ਮੁੱਖ ਮਾਰਗ 'ਤੇ ਦੇਰ ਰਾਤ ਇਕ ਵੱਡਾ ਸੜਕ ਹਾਦਸਾ ਵਾਪਰ ਗਿਆ। ਮੁਕੇਰੀਆਂ ਤੋਂ ਕਰੀਬ 5 ਕਿਲੋਮੀਟਰ ਦੂਰ ਅੱਡਾ ਮੁਸ਼ਾਹਿਬਪੁਰ ਵਿਖੇ ਬੀਬੀ ਸਤਵੰਤ ਕੌਰ ਸਕੂਲ ਨੇੜੇ ਇਕ ਕੰਟੇਨਰ ਬੇਕਾਬੂ ਹੋ ਕੇ ਸੜਕ ਕਿਨਾਰੇ ਬਣੀ ਨਾਲ? ਦੀ ਪੁਲੀ ਤੋੜਦਾ ਹੋਇਆ ਹੇਠਾਂ ਜਾ ਡਿੱਗਿਆ ਅਤੇ ਪਲਟ ਗਿਆ। ਹਾਦਸੇ ਦੀ ਜ਼ੋਰਦਾਰ ਆਵਾਜ਼ ਸੁਣ ਕੇ ਨੇੜਲੇ ਖੇਤਾਂ 'ਚ ਕੰਮ ਕਰ ਰਹੇ ਪ੍ਰਵਾਸੀ ਮਜ਼ਦੂਰ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਕਾਫ਼ੀ ਮੁਸ਼ੱਕਤ ਤੋਂ ਬਾਅਦ ਕੰਟੇਨਰ 'ਚ ਬੁਰੀ ਤਰ੍ਹਾਂ ਫਸੇ ਚਾਲਕ ਅਤੇ ਸਹਿ-ਚਾਲਕ ਨੂੰ ਬਾਹਰ ਕੱਢਿਆ। ਜ਼ਖ਼ਮੀ ਚਾਲਕ ਦੀ ਪਛਾਣ ਅਨਿਲ ਪੁੱਤਰ ਰਾਮ ਕੁਮਾਰ ਵਾਸੀ ਹਿਸਾਰ (ਹਰਿਆਣਾ) ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਇਹ ਕੰਟੇਨਰ ਗੁਰੂਗ੍ਰਾਮ ਤੋਂ ਸਾਂਬਾ ਵੱਲ ਜਾ ਰਿਹਾ ਸੀ। ਹਾਦਸੇ ਵਿੱਚ ਚਾਲਕ ਅਤੇ ਸਹਿ-ਚਾਲਕ ਦੋਵੇਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਸਿਵਲ ਹਸਪਤਾਲ ਮੁਕੇਰੀਆਂ ਵਿਖੇ ਦਾਖ਼ਲ ਕਰਵਾਇਆ ਗਿਆ। ਡਾਕਟਰਾਂ ਵੱਲੋਂ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਦੋਵਾਂ ਦੀ ਗੰਭੀਰ ਹਾਲਤ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਅਗਲੇ ਇਲਾਜ ਲਈ ਰੈਫ਼ਰ ਕਰ ਦਿੱਤਾ ਗਿਆ। ਹਾਦਸੇ ਦੇ ਅਸਲ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਮੁੱਢਲੀ ਜਾਂਚ ਵਿੱਚ ਚਾਲਕ ਨੂੰ ਨੀਂਦ ਦੀ ਝਪਕੀ ਆਉਣ ਜਾਂ ਕਿਸੇ ਤਕਨੀਕੀ ਖ਼ਰਾਬੀ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਪੁਲਿਸ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ।

## ਦੋਸਤੀ ਨੂੰ ਸਲਾਮ ! ਦੋ ਦੋਸਤਾਂ ਦੀ ਜਾਨ ਬਚਾ ਕੇ ਖੁਦ ਨਦੀ 'ਚ ਸਮਾ ਗਿਆ ਕਪੂਰਥਲਾ ਦਾ ਨੌਜਵਾਨ

ਕਪੂਰਥਲਾ 8 ਜੂਨ। ਕੁੱਲੂ ਜ਼ਿਲ੍ਹੇ ਦੇ ਭੁੰਤਰ ਵਿੱਚ ਇੱਕ ਬੇਹੱਦ ਦੁਖਦਾਈ ਪਰ ਬਹਾਦਰੀ ਭਰੀ ਘਟਨਾ ਸਾਹਮਣੇ ਆਈ ਹੈ, ਜਿੱਥੇ ਕਪੂਰਥਲਾ ਦੇ ਇੱਕ ਨੌਜਵਾਨ ਨੇ ਆਪਣੇ ਡੁੱਬਦੇ ਦੋਸਤਾਂ ਨੂੰ ਬਚਾਉਂਦੇ ਹੋਏ ਆਪਣੀ ਜਾਨ ਕੁਰਬਾਨ ਕਰ ਦਿੱਤੀ। ਜਾਣਕਾਰੀ ਅਨੁਸਾਰ, ਕਪੂਰਥਲਾ ਦੇ ਰਹਿਣ ਵਾਲੇ ਦੋ ਨੌਜਵਾਨ, ਕਾਤੀਆ ਅਤੇ ਸੋਨੂ, ਬੀਤੀ ਸ਼ਾਮ ਕਰੀਬ 6:30 ਵਜੇ ਅਚਾਨਕ ਬਿਆਸ ਦਰਿਆ ਵਿੱਚ ਡਿੱਗ ਗਏ। ਉਹਨਾਂ ਨੂੰ ਬਚਾਉਣ ਲਈ ਉੱਥੇ ਮੌਜੂਦ ਸੁਮਿਤ ਅਤੇ ਗੌਰਵ ਨੇ ਤੁਰੰਤ ਦਰਿਆ ਵਿੱਚ ਛਾਲ ਮਾਰ ਦਿੱਤੀ। ਸੁਮਿਤ ਨੇ ਬੜੀ ਬਹਾਦਰੀ ਨਾਲ ਆਪਣੇ ਦੋਵਾਂ ਦੋਸਤਾਂ ਨੂੰ ਦਰਿਆ ਵਿੱਚੋਂ ਸੁਰੱਖਿਅਤ ਬਾਹਰ ਕੱਢ ਲਿਆ, ਪਰ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਉਹ ਖੁਦ ਪਾਣੀ ਵਿੱਚ ਵਹਿ ਗਿਆ। ਇਸ ਘਟਨਾ ਵਿੱਚ ਦੂਜੇ ਨੌਜਵਾਨ ਗੌਰਵ ਨੂੰ ਲੋਕਾਂ ਨੇ ਬਾਹਰ ਕੱਢ ਲਿਆ ਸੀ, ਪਰ ਉਸਦੀ ਹਾਲਤ ਨਾਜ਼ੁਕ ਹੋਣ ਕਾਰਨ ਉਸਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਕੁੱਲੂ ਰੈਫਰ ਕਰ ਦਿੱਤਾ ਗਿਆ ਹੈ। ਘਟਨਾ ਤੋਂ ਬਾਅਦ ਪੁਲਸ ਅਤੇ ਜ਼ਿਲ੍ਹਾ ਆਪਦਾ ਪ੍ਰਬੰਧਨ ਅਥਾਰਟੀ (44$1) ਵੱਲੋਂ ਤਲਾਸ਼ੀ ਮੁਹਿੰਮ ਚਲਾਈ ਗਈ। ਅੱਜ ਸਵੇਰੇ (6 ਜੂਨ) ਸੁਮਿਤ ਦੀ ਮ੍ਰਿਤਕ ਦੇਹ ਬਰਾਮਦ ਕਰ ਲਈ ਗਈ। ਮ੍ਰਿਤਕ ਦੀ ਪਛਾਣ ਸੁਮਿਤ (20), ਪੁੱਤਰ ਰਵੀ, ਵਾਸੀ ਪਿੰਡ ਕਾਲਾ ਸਿੰਘਾ, ਕਪੂਰਥਲਾ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਸੁਮਿਤ ਭੁੰਤਰ ਵਿੱਚ ਕੱਪੜੇ ਦਾ ਵਪਾਰ ਕਰਦਾ ਸੀ ਅਤੇ ਉੱਥੇ ਕਿਰਾਏ ਦੇ ਕਮਰੇ ਵਿੱਚ ਰਹਿੰਦਾ ਸੀ। ਸੁਮਿਤ ਦੀ ਮ੍ਰਿਤਕ ਦੇਹ ਨੂੰ ਜੱਦੀ ਸ਼ਹਿਰ ਕਪੂਰਥਲਾ ਲਿਆਂਦਾ ਗਿਆ, ਜਿੱਥੇ ਗਮਗੀਨ ਮਾਹੌਲ ਵਿੱਚ ਉਸਦਾ ਅੰਤਿਮ ਸੰਸਕਾਰ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ ਅਤੇ ਸਥਾਨਕ ਲੋਕ ਮੌਜੂਦ ਸਨ, ਜਿਨ੍ਹਾਂ ਨੇ ਨਮ ਅੱਖਾਂ ਨਾਲ ਇਸ ਬਹਾਦਰ ਨੌਜਵਾਨ ਨੂੰ ਵਿਦਾਈ ਦਿੱਤੀ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸੁਮਿਤ ਵੱਲੋਂ ਆਪਣੇ ਦੋਸਤਾਂ ਲਈ ਦਿੱਤੀ ਗਈ ਇਹ ਮਿਸਾਲੀ ਕੁਰਬਾਨੀ ਹਮੇਸ਼ਾ ਯਾਦ ਰੱਖੀ ਜਾਵੇਗੀ। ਛੋਟੀ ਉਮਰ ਵਿੱਚ ਹੋਈ ਇਸ ਮੌਤ ਕਾਰਨ ਪਰਿਵਾਰ ਅਤੇ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ।

# ਆਸ਼ਕ ਨੇ ਦਫ਼ਤਰ 'ਚ ਕਰ 'ਤਾ ਪ੍ਰੇਮਿਕਾ ਦਾ ਕਤਲ, 35 ਵਾਰ ਧੌਣ 'ਤੇ ਮਾਰਿਆ ਚਾਕੂ

**ਏਜੰਸੀਆਂ**

ਮੋਹਾਲੀ 8 ਜੂਨ। ਮੋਹਾਲੀ ਦੇ ਫੇਜ਼ 11 ਵਿਖੇ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇਕ ਆਸ਼ਕ ਨੇ ਆਪਣੀ ਪ੍ਰੇਮਿਕਾ ਦਾ ਗੱਲ ਕਰਨ ਤੋਂ ਮਨਾਂ ਕਰਨ 'ਤੇ ਗੁੱਸੇ 'ਚ ਆ ਕੇ ਸ਼ਰੇਆਮ ਕਤਲ ਕਰ ਦਿੱਤਾ। ਵਾਰਦਾਤ ਦੌਰਾਨ ਦਫ਼ਤਰ 'ਚ ਕੰਮ ਕਰਦੀ ਕੁੜੀ ਦੀ ਗਰਦਨ 'ਤੇ ਆਸ਼ਕ ਨੇ ਉਦੋਂ ਤੱਕ ਚਾਕੂ ਨਾਲ ਵਾਰ ਕੀਤੇ, ਜਦੋਂ ਤੱਕ ਪ੍ਰੇਮਿਕਾ ਦੀ ਮੌਤ ਨਹੀਂ ਹੋਈ। ਦੱਸਿਆ ਜਾ ਰਿਹਾ ਹੈ ਕਿ ਲੜਕੀ ਜਿਸ ਦੀ ਪਛਾਣ ਡਿੰਪਲ (29) ਵਜੋਂ ਹੋਈ ਹੈ, ਦੇ ਚਾਕੂ ਨਾਲ ਕਰੀਬ 35 ਵਾਰ ਕੀਤੇ ਗਏ ਹਨ। ਵਾਰਤਾਤ ਨੂੰ ਅੰਜਾਮ ਦੇਣ ਮਗਰੋਂ ਸਿਰਫਿਰੇ ਆਸ਼ਕ ਨੇ ਆਪਣੇ ਆਪ 'ਤੇ ਵੀ ਚਾਕੂ ਨਾਲ ਕਈ ਵਾਰ ਕੀਤੇ ਗਏ, ਜਿਸ ਕਾਰਨ ਉਹ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ। ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਜ਼ਖ਼ਮੀ ਹਾਲਤ ਵਿਚ ਮੁੰਡੇ ਨੂੰ ਮੋਹਾਲੀ ਦੇ ਇਕ ਨਿਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਜ਼ਖ਼ਮੀ ਨੌਜਵਾਨ ਦੀ ਪਛਾਣ ਹਰਜਿੰਦਰ ਮਾਨ (34) ਵਜੋਂ ਹੋਈ ਹੈ। ਦੋਵੇਂ ਮੁੰਡਾ-ਕੁੜੀ ਪਟਿਆਲਾ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ। ਲੜਕਾ ਅਤੇ ਲੜਕੀ ਦੋਵੇਂ ਫੇਜ਼ 11 ਦੀ ਇਕ ਨਿੱਜੀ ਕੰਪਨੀ 'ਚ ਨੌਕਰੀ ਕਰਦੇ ਸਨ। ਜਾਣਕਾਰੀ ਅਨੁਸਾਰ ਲੜਕਾ ਅਤੇ ਲੜਕੀ ਜੋ ਇਕ ਨਿੱਜੀ ਕੰਪਨੀ 'ਚ ਨੌਕਰੀ ਕਰਦੇ ਸਨ, ਪਹਿਲਾਂ ਰਿਲੇਸ਼ਨ ਵਿਚ ਸਨ। ਪਿਛਲੇ ਕੁਝ ਦਿਨਾਂ ਤੋਂ ਦੋਵਾਂ 'ਚ ਕਿਸੇ ਗੱਲ ਨੂੰ ਲੈ ਕੇ ਮਨ ਮੁਟਾਅ ਚੱਲ ਰਿਹਾ ਸੀ। ਅੱਜ ਮੁੰਡੇ ਵਲੋਂ ਕੁੜੀ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਕੁੜੀ ਨੇ ਉਸ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਮੁੰਡਾ ਗੁੱਸੇ 'ਚ ਅੱਗ ਬਬੂਲਾ ਹੋ ਗਿਆ ਅਤੇ ਉਸ ਨੇ ਕੰਪਨੀ ਦੇ ਦਫ਼ਤਰ 'ਚ ਹੀ ਚਾਕੂ ਨਾਲ ਕੁੜੀ ਦੀ ਗਰਦਨ 'ਤੇ ਕਈ ਵਾਰ ਕਰ ਦਿੱਤੇ। ਜਿਸ ਕਾਰਨ ਉਹ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਈ। ਆਸ਼ਕ ਨੇ ਕੁੜੀ ਦੀ ਹਾਲਤ ਦੇਖਦਿਆਂ ਆਪਣੇ ਆਪ ਨੂੰ ਵੀ ਖ਼ਤਮ ਕਰਨ ਦੀ ਨੀਅਤ ਨਾਲ ਆਪਣੀ ਗਰਦਨ 'ਤੇ ਚਾਕੂ ਨਾਲ ਕਈ ਵਾਰ ਕੀਤੇ। ਉਧਰ ਕੰਪਨੀ ਦੇ ਬਾਕੀ ਕਰਮਚਾਰੀ ਮੌਕੇ 'ਤੇ ਇਕੱਠੇ ਹੋਏ ਅਤੇ ਪੁਲਸ ਨੂੰ ਇਸ ਘਟਨਾ ਦੀ ਸੂਚਨਾ ਦਿੱਤੀ। ਦੋਵਾਂ ਜ਼ਖ਼ਮੀਆਂ ਨੂੰ ਤੁਰੰਤ ਇਕ ਨਿੱਜੀ ਹਸਪਤਾਲ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਡਿੰਪਲ ਨੂੰ ਮ੍ਰਿਤਕ ਐਲਾਨ ਦਿੱਤਾ, ਜਦੋਂ ਕਿ ਲੜਕੇ ਦਾ ਇਲਾਜ ਜਾਰੀ ਹੈ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਥਾਣਾ ਫੇਜ਼ 11 ਦੇ ਮੁਖੀ ਅਮਨ ਬੈਦਵਾਣ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਘਟਨਾ ਦਾ ਜਾਇਜਾ ਲਿਆ। ਇਸ ਦੌਰਾਨ ਫਰੈਂਸਿਕ ਮਾਹਰਾਂ ਦੀ ਟੀਮ ਵੀ ਮੌਕੇ 'ਤੇ ਪਹੁੰਚ ਗਈ, ਜਿਨ੍ਹਾਂ ਨੇ ਖੂਨ ਦੇ ਸੈਂਪਲ ਇਕੱਤਰ ਕਰਨੇ ਸ਼ੁਰੂ ਕਰ ਦਿੱਤੇ। ਇਸ ਘਟਨਾ ਦੇ ਸਬੰਧ ਵਿਚ ਸਬੰਧੀ ਥਾਣਾ ਮੁਖੀ ਅਮਨ ਬੈਦਵਾਣ ਨੇ ਦੱਸਿਆ ਕਿ ਮੌਕੇ ਤੋਂ ਸੀ.ਸੀ.ਟੀ.ਵੀ ਕੈਮਰਿਆਂ ਦੀ ਫੁਟੇਜ ਹਾਸਲ ਕੀਤੀ ਜਾ ਰਹੀ ਹੈ।

# ਪੰਜਾਬ 'ਚ ਸਕੈਨ ਸੈਂਟਰ 'ਤੇ ਚੱਲੀਆਂ ਗੋਲੀਆਂ ! ਪੁਲਸ ਪ੍ਰਸ਼ਾਸਨ ਨੂੰ ਪਈਆਂ ਭਾਜੜਾਂ

**ਕੌਮੀ ਪਤ੍ਰਿਕਾ**

ਨੂਰਪੁਰਬੇਦੀ 8 ਜੂਨ। ਨੂਰਪੁਰਬੇਦੀ ਸ਼ਹਿਰ ਵਿਚ ਇਕ ਬੰਦ ਪਏ ਸਕੈਨ ਸੈਂਟਰ 'ਤੇ ਅੰਨ੍ਹੇਵਾਹ ਅੱਧੀ ਰਾਤ ਨੂੰ ਫਾਇਰਿੰਗ ਕੀਤੀ ਗਈ ਸੀ। ਇਸ ਮਾਮਲੇ ਨੂੰ ਸੁਲਝਾਉਣ ਚ ਪੁਲਸ ਨੂੰ ਅਜੇ ਤੱਕ ਕੋਈ ਕਾਮਯਾਬੀ ਨਾ ਮਿਲਣ ਕਰਕੇ ਉਕਤ ਵਾਰਦਾਤ ਅਜੇ ਤੱਕ ਪੁਲਸ ਅਤੇ ਲੋਕਾਂ ਲਈ ਪਹੇਲੀ ਬਣੀ ਹੋਈ ਹੈ। ਜ਼ਿਕਰਯੋਗ ਹੈ ਕਿ 31 ਮਈ ਦੀ ਰਾਤ ਨੂੰ ਕਰੀਬ 3 ਵਜੇ ਨੂਰਪੁਰਬੇਦੀ-ਗੜ੍ਹਸ਼ੰਕਰ ਮੁੱਖ ਮਾਰਗ 'ਤੇ ਸਥਾਨਕ ਸਟੇਟ ਬੈਂਕ ਆਫ਼ ਇੰਡੀਆ ਦੇ ਸਾਹਮਣੇ ਬੰਦ ਪਏ ਇਕ ਸਕੈਨ ਸੈਂਟਰ 'ਤੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਦੋ ਨੌਜਵਾਨਾਂ ਵੱਲੋਂ ਇਕ ਦਰਜਨ ਤੋਂ ਵੀ ਵੱਧ ਫਾਇਰ ਕੀਤੇ ਗਏ ਸਨ। ਇਸ ਦੌਰਾਨ ਰਾਤ ਦਾ ਸਮਾਂ ਹੋਣ ਕਰਕੇ ਭਾਵੇਂ ਕੋਈ ਜਾਨੀ ਮਾਲੀ ਨੁਕਸਾਨ ਤਾਂ ਨਹੀਂ ਹੋਇਆ ਸੀ ਪਰ ਬੰਦ ਪਏ ਸਕੈਨ ਸੈਂਟਰ ਦੇ ਸ਼ਟਰਾਂ 'ਤੇ ਗੋਲ?ੀਆਂ ਚਲਾਉਣ ਦੀ ਵਾਰਦਾਤ ਨੇ ਲੋਕਾਂ ਦੇ ਮਨਾਂ 'ਚ ਦਹਿਸ਼ਤ ਦਾ ਮਾਹੌਲ ਪੈਦਾ ਕਰਕੇ ਰੱਖ ਦਿੱਤਾ ਸੀ। ਉਕਤ ਵਾਰਦਾਤ ਭਾਵੇਂ ਰਾਤ ਨੂੰ ਤਿੰਨ ਵਜੇ ਵਾਪਰੀ ਸੀ ਪਰ ਪੁਲਸ ਨੂੰ 9 ਘੰਟਿਆਂ ਬਾਅਦ ਦੁਪਹਿਰ 12 ਵਜੇ ਲੋਕਾਂ ਤੋਂ ਸੂਚਨਾ ਮਿਲਣ 'ਤੇ ਇਸ ਦਾ ਪਤਾ ਚੱਲਿਆ ਸੀ। ਉਕਤ ਵਾਰਦਾਤ ਤੋਂ ਬਾਅਦ ਪੁਲਸ ਨੇ ਮੌਕੇ ਤੋਂ ਇਕ ਪਿਸਟਲ ਰਾਹੀਂ 12 ਚੱਲੇ ਹੋਏ ਕਾਰਤੂਸ ਬਰਾਮਦ ਕਰਨ ਉਪਰੰਤ ਤੇਜ਼ੀ ਨਾਲ ਜਾਂਚ ਆਰੰਭ ਕਰਨ ਦਾ ਦਾਅਵਾ ਕਰਦਿਆਂ ਇਸ ਮਾਮਲੇ ਚ ਕੁਝ ਅਣਪਛਾਤੇ ਵਿਅਕਤੀਆਂ ਨੂੰ ਵੀ ਅਸਲਾ ਐਕਟ ਅਤੇ ਹੋਰਨਾਂ ਧਰਾਵਾਂ ਤਹਿਤ ਨਾਮਜ਼ਦ ਕੀਤਾ ਸੀ। ਖੇਤਰ 'ਚ ਇਕ ਥਾਣਾ ਅਤੇ ਦੋ ਪੁਲਸ ਚੌਕੀਆਂ



ਹੋਣ ਦੇ ਬਾਵਜੂਦ ਉਕਤ ਅਨਸਰਾਂ ਵੱਲੋਂ ਬਚ ਕੇ ਨਿਕਲ ਜਾਣਾ ਜਿੱਥੇ ਪੁਲਸ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਦਾ ਹੈ, ਉੱਥੇ ਹੀ ਚਾਰ ਦਿਨ ਦਾ ਸਮਾਂ ਬੀਤ ਜਾਣ 'ਤੇ ਵੀ ਮੁਲਜ਼ਮਾਂ ਦੇ ਗ੍ਰਿਫ਼ਤ 'ਚ ਨਾ ਆਉਣ 'ਤੇ ਲੋਕਾਂ ਦੀ ਇਸ ਮਾਮਲੇ ਨੂੰ ਲੈ ਕੇ ਉਤਸੁਕਤਾ ਹੋਰ ਵੀ ਵਧਦੀ ਜਾ ਰਹੀ ਹੈ। ਘਟਨਾ ਤੋਂ ਬਾਅਦ ਭਾਵੇਂ ਪੁਲਸ ਨੇ ਤੇਜੀ ਨਾਲ ਜਾਂਚ ਆਰੰਭ ਕਰ ਕੇ ਉਕਤ ਮਾਮਲੇ ਨੂੰ ਤੁਰੰਤ ਹੱਲ ਕਰ ਲਏ ਜਾਣ ਦਾ ਦਾਅਵਾ ਜਤਾਇਆ ਸੀ ਪਰ ਪੁਲਸ ਨੂੰ ਅਜੇ ਤੱਕ ਮਾਮਲੇ ਨੂੰ ਸੁਲਝਾਉਣ 'ਚ ਕੋਈ ਵੀ ਸਫਲਤਾ ਹੱਥ ਨਹੀਂ ਲੱਗੀ ਹੈ ਜਿਸ ਨੂੰ ਲੈ ਕੇ ਲੋਕ ਦੇ ਮਨਾਂ 'ਚ ਵੀ ਮਾਮਲੇ ਦਾ ਅਸਲ ਕਾਰਨ ਜਾਨਣ ਨੂੰ ਲੈ ਕੇ ਬੇਚੈਨੀ ਵੱਧਦੀ ਜਾ ਰਹੀ ਹੈ। ਇਸ ਸਮੁੱਚੇ ਮਾਮਲੇ ਸਬੰਧੀ ਮੀਡੀਆ ਨਾਲ ਗੱਲਬਾਤ ਕਰਨ 'ਤੇ ਸ੍ਰੀ ਅਨੰਦਪੁਰ ਸਾਹਿਬ ਦੇ ਡੀ. ਐੱਸ. ਪੀ. ਜਸ਼ਨਦੀਪ ਸਿੰਘ ਮਾਨ ਨੇ ਆਖਿਆ ਕਿ ਪੁਲਸ ਅਧਿਕਾਰੀ ਉਸੀ ਦਿਨ ਤੋਂ ਮਾਮਲੇ ਨੂੰ ਸੁਲਝਾਉਣ ਲਈ ਜੁਟੇ ਹੋਏ ਹਨ। ਉਨ੍ਹਾਂ ਆਖਿਆ ਕਿ ਵਿਭਾਗ ਦੀਆਂ ਟੀਮਾਂ ਨੂੰ ਵੱਖ-ਵੱਖ ਸਥਾਨਾਂ ਲਈ ਰਵਾਨਾ ਕੀਤਾ ਹੋਇਆ ਹੈ ਅਤੇ ਸਮੁੱਚੇ ਸੀ. ਸੀ. ਟੀ. ਵੀ. ਕੈਮਰਿਆਂ ਨੂੰ ਖੰਗਾਲਣ ਤੋਂ ਇਲਾਵਾ ਮੁਲਜ਼ਮਾਂ ਨੂੰ ਤਕਨੀਕੀ ਢੰਗ ਨਾਲ ਟਰੇਸ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ ਜਿਸ ਸਬੰਧੀ ਪਤਾ ਚੱਲਣ 'ਤੇ ਜਲਦ ਖੁਲਾਸਾ ਕੀਤਾ ਜਾਵੇਗਾ ਦੂਜੇ ਪਾਸੇ ਲੋਕਾਂ ਨੇ ਜ਼ਿਲ੍ਹਾ ਪੁਲਸ ਮੁਖੀ ਰੂਪਨਗਰ ਤੋਂ ਮੰਗ ਕੀਤੀ ਹੈ ਕਿ ਉਕਤ ਮਾਮਲੇ ਨੂੰ ਜਲਦ ਹੱਲ ਕਰਕੇ ਇਲਾਕਾ ਵਾਸੀਆਂ 'ਚ ਪਾਈ ਜਾ ਰਹੀ ਬੇਚੈਨੀ ਨੂੰ ਦੂਰ ਕੀਤਾ ਜਾਵੇ ਅਤੇ ਨਾਲ ਹੀ ਨੂਰਪੁਰਬੇਦੀ ਖੇਤਰ 'ਚ ਅਜਿਹੀਆਂ ਵਾਰਦਾਤਾਂ ਨੂੰ ਰੋਕਣ ਲਈ ਪੁਲਸ ਦੀ ਰਾਤ ਸਮੇਂ ਦੀ ਗਸ਼ਤ ਵਧਾਈ ਜਾਵੇ।